ਜੀਵਨ ਜਾਗ

ਅਰਥਾਤ

ਜ਼ਿੰਦਗੀਨਾਮਾ

ਕ੍ਰਿਤ

ਭਾਈ ਨੰਦ ਲਾਲ ਸਿੰਘ ਜੀ 'ਗੋਯਾ'

ਅਰਥਾਇਆ ਅਤੇ
ਗੁਰਮਤਿ ਰਾਹੀਂ ਜਗਮਗਾਇਆ ਗਿਆ
ਵੱਲੋਂ

ਜਸਵੰਤ ਸਿੰਘ (ਮਾਸਟਰ)

ਜੀਵਨ ਜਾਚ

ਅਰਥਾਤ

ਜ਼ਿੰਦਗੀਨਾਮਾ

ਕ੍ਰਿਤ

ਭਾਈ ਨੰਦ ਲਾਲ ਸਿੰਘ ਜੀ 'ਗੋਯਾ'

ਅਰਥਾਇਆ ਅਤੇ ਗੁਰਮਤਿ ਰਾਹੀਂ ਜਗਮਗਾਇਆ ਗਿਆ

ਵੱਲੋਂ

ਜਸਵੰਤ ਸਿੰਘ (ਮਾਸਟਰ)

ਮੁੱਖਬੰਧ

ਫ਼ਾਰਸੀ ਭਾਸ਼ਾ ਦਾ ਸਿੱਖ ਜਗਤ ਲਈ ਬਹੁਤ ਮਹੱਤਵ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਰਤੇ ਫ਼ਾਰਸੀ ਭਾਸ਼ਾ ਦੇ ਸ਼ਬਦਾਂ ਦਾ ਪ੍ਰਭਾਵ ਪ੍ਰਤੱਖ ਅਤੇ ਪ੍ਰੋਖ ਰੂਪ ਵਿਚ ਨਜ਼ਰ ਆਉਂਦਾ ਹੈ। ਗੁਰਬਾਣੀ ਦਾ ਸ਼ੁੱਧ ਉਚਾਰਨ ਕਰਨ ਲਈ ਫ਼ਾਰਸੀ ਭਾਸ਼ਾ ਦੀ ਜਾਣਕਾਰੀ ਜ਼ਰੂਰੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਫ਼ਾਰਸੀ ਦੇ ਮਹਾਨ ਵਿਦਵਾਨ ਸਨ। ਉਨ੍ਹਾਂ ਦਾ 'ਜ਼ਫ਼ਰਨਾਮਾ' ਫ਼ਾਰਸੀ ਭਾਸ਼ਾ ਵਿਚ ਇਕ ਮਹਾਨ ਸਾਹਿਤਕ ਰਚਨਾ ਹੈ। ਫਿਰ ਗੁਰੂ ਜੀ ਦਾ ਸਮੂਹ ਕਵੀਆਂ ਵਿੱਚੋਂ ਭਾਈ ਨੰਦ ਲਾਲ ਸਿੰਘ ਜੀ 'ਗੋਯਾ' ਨਾਲ ਪਿਆਰ ਦਰਸਾਉਂਦਾ ਹੈ ਕਿ ਉਹ ਫ਼ਾਰਸੀ ਦੇ ਇਸ ਮਹਾਨ ਕਵੀ ਨੂੰ ਅਤੇ ਉਨ੍ਹਾਂ ਦੀ ਰਚਨਾ ਨੂੰ ਕਿੰਨ੍ਹਾ ਸਤਿਕਾਰ ਦੇਂਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸਿੱਖ ਰਾਜ ਸਮੇਂ ਵੀ ਫ਼ਾਰਸੀ ਨੂੰ ਰਾਜਸੀ ਭਾਸ਼ਾ ਹੋਣ ਦਾ ਮਾਣ ਪ੍ਰਾਪਤ ਰਿਹਾ। ਸਿੱਖ ਇਤਿਹਾਸ ਦੀ ਬਹੁਤੀ ਜਾਣਕਾਰੀ ਵੀ ਫ਼ਾਰਸੀ ਭਾਸ਼ਾ ਦੀਆਂ ਕਿਤਾਬਾਂ ਵਿਚ ਹੀ ਉਪਲਬਧ ਹੈ।

ਅੱਜ ਸਿੱਖ ਫ਼ਾਰਸੀ ਭਾਸ਼ਾ ਨੂੰ ਭੁੱਲਦੇ ਜਾ ਰਹੇ ਹਨ। ਇਹ ਠੀਕ ਹੈ ਕਿ ਅਜੋਕੇ ਯੁੱਗ ਦੇ ਹਾਣੀ ਹੋਣ ਲਈ ਸਾਇੰਸ ਅਤੇ ਕੰਪਿਊਟਰ ਦੀ ਜਾਣਕਾਰੀ ਜ਼ਰੂਰੀ ਹੈ, ਪਰ ਆਪਣੇ ਵਿਰਸੇ ਅਤੇ ਅਤੀਤ ਨਾਲ ਜੁੜੇ ਰਹਿਣ ਲਈ ਸਾਨੂੰ ਫ਼ਾਰਸੀ ਭਾਸ਼ਾ ਤੋਂ ਕਦੀ ਵੀ ਮੂੰਹ ਨਹੀਂ ਮੋੜਨਾ ਚਾਹੀਦਾ।

ਉਪਰੋਕਤ ਗੱਲਾਂ ਨੂੰ ਮੁੱਖ ਰੱਖਦੇ ਹੋਏ ਮੈਂ ਆਪਣੇ ਵੱਡੇ ਵੀਰ ਸ: ਜਸਵੰਤ ਸਿੰਘ ਜੀ ਦਾ ਅਭਾਰੀ ਹਾਂ, ਜਿਨ੍ਹਾਂ ਨੇ *ਜੀਵਨ ਜਾਗ* ਦੇ ਨਾਂ ਹੇਠ ਇਹ ਕਿਤਾਬਚਾ ਛਪਵਾ ਕੇ ਆਪਣੇ ਆਪ ਨੂੰ ਤੇ ਆਉਣ ਵਾਲੀ ਪੀੜ੍ਹੀ ਨੂੰ ਯਾਦ ਦੁਆਇਆ ਹੈ ਕਿ ਸਾਨੂੰ ਸਿੱਖ ਵਿਰਸੇ ਨਾਲ ਜੁੜਨ ਲਈ ਫ਼ਾਰਸੀ ਭਾਸ਼ਾ ਦੀ ਜਾਣਕਾਰੀ ਪ੍ਰਾਪਤ ਕਰਨੀ ਚਾਹੀਦੀ ਹੈ।

ਆਪ ਜੀ ਨੇ 'ਗੋਯਾ ਜੀ' ਦੀ ਕਿਤਾਬ *ਜ਼ਿੰਦਗੀਨਾਮਾ* ਦੇ ਸ਼ਿਅਰਾਂ ਦੀ ਪੁਸ਼ਟੀ ਗੁਰਬਾਣੀ ਦੇ ਵਾਕਾਂ ਨਾਲ ਕਰਨ ਦਾ ਉਚੇਚਾ ਯਤਨ ਕੀਤਾ ਹੈ। ਇਸ ਕਿਤਾਬ ਦਾ ਨਾਮ ਭਾਈ ਨੰਦ ਲਾਲ ਸਿੰਘ ਜੀ ਨੇ ਭਾਵੇਂ *ਬੰਦਗੀਨਾਮਾ* ਰੱਖਿਆ

ਸੀ, ਪਰੰਤੂ ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਦਸਤਿ-ਮੁਬਾਰਕ ਨਾਲ ਇਸ ਰਚਨਾ ਨੂੰ *ਜ਼ਿੰਦਗੀਨਾਮਾ* ਦਾ ਨਾਂ ਦੇ ਕੇ ਨਿਵਾਜਿਆ।

ਭਾਈ ਨੰਦ ਲਾਲ ਜੀ ਦੀਆਂ ਸਾਰੀਆਂ ਰਚਨਾਵਾਂ ਸਿੱਖ ਸਿਧਾਂਤਾਂ ਨਾਲ ਪੂਰਾ ਮੇਲ ਖਾਂਦੀਆਂ ਹਨ। ਉਨ੍ਹਾਂ ਦੀਆਂ ਰਚਨਾਵਾਂ ਵਿਚ ਉਨ੍ਹਾਂ ਦੀ ਸਿੱਖ ਗੁਰੂਆਂ ਪ੍ਰਤੀ ਸ਼ਰਧਾ ਡੁੱਲ੍ਹ ਡੁੱਲ੍ਹ ਪੈਂਦੀ ਹੈ। ਤਾਈਂ ਸਾਹਿਬ ਭਾਈ ਜਸਵੰਤ ਸਿੰਘ ਜੀ ਨੇ ਇਸ ਕਿਤਾਬ ਦੇ ਸ਼ਿਅਰਾਂ ਵਿਚ ਆਏ ਵਿਚਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਤੁਕਾਂ ਲੈ ਕੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਆਪਸ ਵਿਚ ਮਿਲਾਣ ਦਾ ਯਤਨ ਕੀਤਾ ਹੈ ਅਤੇ ਉਹ ਇਸ ਤੁਲਨਾਤਮਿਕ ਅਧਿਐਨ ਵਿਚ ਸਫਲ ਹੋਏ ਹਨ। ਭਾਵੇਂ ਗੁਰਬਾਣੀ ਦੀ ਤੁਲਨਾ ਦੁਨੀਆ ਦੀ ਕਿਸੇ ਵੀ ਰਚਨਾ ਨਾਲ ਨਹੀਂ ਕੀਤੀ ਜਾ ਸਕਦੀ। ਪਰ ਫਿਰ ਵੀ ਭਾਈ ਜਸਵੰਤ ਸਿੰਘ ਨੇ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਭਾਈ ਨੰਦ ਲਾਲ ਜੀ ਦੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦੇ ਕਰੀਬ ਕਰੀਬ ਹੈ। ਜਿਸ ਤਰ੍ਹਾਂ ਭਾਈ ਗੁਰਦਾਸ ਜੀ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਹੋਣ ਦਾ ਸਨਮਾਨ ਪ੍ਰਾਪਤ ਹੋਇਆ ਹੈ, ਇਸ ਤਰ੍ਹਾਂ ਭਾਈ ਨੰਦ ਲਾਲ ਜੀ 'ਗੋਯਾ' ਦੀਆਂ ਰਚਨਾਵਾਂ ਨੂੰ ਵੀ ਸਿੱਖ ਧਰਮ ਦੇ ਸਿਧਾਂਤਾਂ ਅਤੇ ਵਿਚਾਰਧਾਰਾਵਾਂ ਨੇ ਨਜ਼ਦੀਕ ਹੋਣ ਦਾ ਮਾਣ ਪ੍ਰਾਪਤ ਹੈ।

ਭਾਈ ਜਸਵੰਤ ਸਿੰਘ ਨੇ ਇਹ ਛਪਵਾ ਕੇ ਸਿੱਖ ਸਮਾਜ ਦੇ ਪਾਠਕਾਂ ਦੀ ਸੇਵਾ ਕਰਨ ਦਾ ਮਹਾਨ ਉਪਰਾਲਾ ਕੀਤਾ ਹੈ। ਮੈਂ ਉਨ੍ਹਾਂ ਵੱਲੋਂ ਕੀਤੇ ਇਸ ਕਾਰਜ ਦਾ ਸਤਿਕਾਰ ਕਰਦਾ ਹਾਂ ਅਤੇ ਅਜਿਹੇ ਹੋਰ ਫ਼ਾਰਸੀ ਦੇ ਜਾਣਕਾਰ ਸੱਜਣਾਂ ਨੂੰ ਅਜਿਹੇ ਉਪਰਾਲੇ ਕਰਨ ਲਈ ਪ੍ਰੇਰਨਾ ਦੇਂਦਾ ਹਾਂ, ਤਾਂ ਕਿ ਅਸੀਂ ਆਪਣੇ ਅਤੀਤ ਅਤੇ ਵਿਰਸੇ ਨਾਲ ਜੁੜ ਕੇ ਜਨਮ ਸਫਲਾ ਕਰ ਸਕੀਏ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪਰਮਾਤਮਾ ਦੀ ਭਗਤੀ (ਬੰਦਗੀ) 'ਤੇ ਜ਼ੋਰ ਦਿੱਤਾ ਗਿਆ ਹੈ ਤੇ ਭਾਈ ਨੰਦ ਲਾਲ ਜੀ ਫ਼ੁਰਮਾਉਂਦੇ ਹਨ :

ਯਾਦਿ ਊ ਸਰਮਾਯਾਇ ਈਮਾਂ ਬਵਦ
ਹਰ ਗਦਾ ਅਜ਼ ਯਾਦਿ ਊ ਸੁਲਤਾਂ ਬਵਦ॥

ਅਤੇ ਗੁਰਸਿੱਖ :

ਰੋਜ਼ੋ ਸ਼ਬ ਦਰ ਬੰਦਗੀ ਬਾਸ਼ੰਦ ਸ਼ਾਦ
ਬੰਦਗੀ ਓ ਬੰਦਗੀ ਓ ਯਾਦੋ ਯਾਦ॥

(ਜ਼ਿੰਦਗੀਨਾਮਾ, ਸ਼ਿਅਰ ਨੰ: ੪੩ ਅਤੇ ੪੪)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜ਼ਿਕਰ ਹੈ ਕਿ ਜੋ ਕੁਝ ਕਾਇਨਾਤ ਵਿਚ

ਨਜ਼ਰ ਆਉਂਦਾ ਹੈ, ਸਭ ਅਕਾਲ ਪੁਰਖ ਦਾ ਰੂਪ ਹੈ ਅਤੇ ਹਰ ਚੀਜ਼ ਵਿਚ ਰੱਬੀ ਨੂਰ ਵੱਸਦਾ ਹੈ। 'ਗੋਯਾ ਜੀ' ਲਿਖਦੇ ਹਨ :

ਦਰ ਹਕੀਕਤ ਗ਼ੈਰ ਹੱਕ ਮਨਜ਼ੂਰ ਨੇਸਤ
ਕੀਸਤ ਆਂ ਜਾਨ ਕੂ ਸਰਾਪਾ ਨੂਰ ਨੇਸਤ ॥

(ਜ਼ਿੰਦਗੀਨਾਮਾ, ਸ਼ਿਅਰ ਨੰ: ੬੨)

ਗੁਰਮੁਖਾਂ ਦੀ ਸਿਫ਼ਤ ਭਾਈ ਸਾਹਿਬ ਨੇ ਇਸ ਤਰ੍ਹਾਂ ਕੀਤੀ ਹੈ :

ਦਮ-ਬ-ਦਮ ਦਰ ਜ਼ਿਕਰਿ ਮੌਲਾ ਹਾਜ਼ਰ ਅੰਦ
ਖੇਸ਼ ਮਨਜ਼ੂਰ ਵਾ ਖ਼ੁਦਾ ਰਾ ਨਾਜ਼ਿਰ ਅੰਦ ॥

(ਜ਼ਿੰਦਗੀਨਾਮਾ, ਸ਼ਿਅਰ ਨੰ: ੧੧੪)

ਸਿਮਰਨ ਦੀ ਬਰਕਤ ਬਾਰੇ ਭਾਈ ਸਾਹਿਬ ਫ਼ੁਰਮਾਉਂਦੇ ਹਨ :

ਯਾਦਿ ਊ ਲਾਜ਼ਮਿ ਬਵਦ ਦਾਇਮ ਤੁਰਾ
ਜ਼ਿਕਰਿ ਊ ਕਾਇਮ ਕੁਨਦ ਕਾਇਮ ਤੁਰਾ ॥

(ਜ਼ਿੰਦਗੀਨਾਮਾ, ਸ਼ਿਅਰ ਨੰ: ੩੨੮)

ਭਾਈ ਸਾਹਿਬ ਪਰਮਾਤਮਾ ਨੂੰ ਬੇਨਤੀ ਕਰਦੇ ਹੋਏ ਲਿਖਦੇ ਹਨ ਕਿ ਉਹ ਉਨ੍ਹਾਂ ਨੂੰ ਆਪਣਾ ਦੀਦਾਰ ਬਖ਼ਸ਼ੇ। ਇਸ ਤੋਂ ਇਲਾਵਾ ਉਨ੍ਹਾਂ ਦੀ ਹੋਰ ਕੋਈ ਇਛਾ ਨਹੀਂ :

ਦੀਦਾ ਅਜ਼ ਦੀਦਾਰਿ-ਹੱਕ ਪੁਰ-ਨੂਰ ਕੁਨ
ਗ਼ੈਰ ਹੱਕ ਅਜ਼ ਖ਼ਾਤਿਰੋ ਦਿਲ ਦੂਰ ਕੁਨ ॥

(ਜ਼ਿੰਦਗੀਨਾਮਾ, ਸ਼ਿਅਰ ਨੰ: ੫੧੦)

ਮੇਰੀ ਅਕਾਲ ਪੁਰਖ ਅੱਗੇ ਬੇਨਤੀ ਹੈ ਕਿ ਸ: ਜਸਵੰਤ ਸਿੰਘ ਨੂੰ ਸਿਹਤਯਾਬੀ ਅਤੇ ਉਤਸ਼ਾਹਜਨਕ ਕਾਰਜਸ਼ੈਲੀ ਦੀ ਬਖ਼ਸ਼ਿਸ਼ ਕਰਦੇ ਰਹਿਣ ਤਾਂ ਜੋ ਉਹ ਇਸੇ ਤਰ੍ਹਾਂ ਸਿੱਖ ਸਮਾਜ ਦੀ ਸੇਵਾ ਵਿਚ ਜੁੱਟੇ ਰਹਿਣ।

ਸ਼ੁਭਚਿੰਤਕ,

ਮਿਤੀ : ੧-੦੬-੨੦੦੭

ਹਰਦੇਵ ਸਿੰਘ
M.A., M.Ed.
(Eng., Pbi., Pol.Sci., Persian)
ਪ੍ਰਿੰਸੀਪਲ
ਸ੍ਰੀ ਗੁਰੂ ਰਾਮਦਾਸ ਖ਼ਾਲਸਾ ਸੀ.ਸੈ. ਸਕੂਲ,
ਸ੍ਰੀ ਅੰਮ੍ਰਿਤਸਰ

ਸ਼ੁਕਰਾਨਾ

ਬਾਰ ਬਾਰ, ਬਿਸੀਆਰ ਬਾਰ, ਬਹੁਤ ਬਹੁਤ ਬਲਿਹਾਰ ਹਾਂ ਅਤੇ ਸ਼ੁਕਰ ਗੁਜ਼ਾਰ ਹਾਂ, ਗੁਰੂ ਕਰਤਾਰ ਦਾ, ਜਿਸ ਨੇ ਆਪਣੇ ਇਸ ਅਧਮ ਤੇ ਅਦਨਾ ਸੇਵਕ ਪਾਸੋਂ ਗੁਰੂ ਪੰਥ ਦੇ ਮਹਾਨ, ਮੰਨੇ-ਪ੍ਰਮੰਨੇ ਪਰਵਾਨ ਪਏ ਸ਼ਾਇਰ ਭਾਈ ਨੰਦ ਲਾਲ ਸਿੰਘ ਜੀ 'ਗੋਯਾ' ਦੀ ਮਹਾਨ ਰਚਨਾ *ਜ਼ਿੰਦਗੀਨਾਮਾ* ਨੂੰ ਅਰਥਾਉਣ ਅਤੇ ਗੁਰਮਤਿ ਬੋਲਾਂ ਰਾਹੀਂ ਉਜਾਗਰ ਕਰ ਕੇ ਸੰਗਤ ਦੇ ਚਰਨਾਂ ਵਿਚ ਭੇਟ ਕਰਨ ਦਾ ਉਦਮ ਕਰਵਾਇਆ ਹੈ। ਇਹ ਕਾਰਜ ਅਧੂਰਾ ਰਹਿ ਜਾਂਦਾ, ਜੇ ਗੁਰੂ ਮਹਾਰਾਜ ਹਰਦੇਵ ਸਿੰਘ ਜੀ, ਪ੍ਰਿੰਸੀਪਲ ਸ੍ਰੀ ਗੁਰੂ ਰਾਮਦਾਸ ਸੀ: ਸੈ: ਸਕੂਲ ਦੇ ਪ੍ਰਿੰਸੀਪਲ ਪਾਸੋਂ ਮੁੱਖਬੰਧ ਲਿਖਵਾਉਣ ਦੀ ਸੇਵਾ ਨਾ ਲੈਂਦੇ।

ਗੁਰੂ-ਕਰਤਾਰ ਤਰਸ ਕਰੇ, ਜਾਗ ਬਖ਼ਸ਼ੇ, ਗੁਰਬਾਣੀ ਜੋ ਇਸ ਜਗ ਵਿਚ ਚਾਨਣ ਹੈ, ਦੀ ਅਗਵਾਈ ਵਿਚ ਸਹਾਈ ਹੋ ਕੇ ਚਲਾਵੇ, ਤਾਂ ਜੀਵਨ ਬਣਦਾ ਹੈ। ਇਸ ਅਰਦਾਸ ਨਾਲ ਕਿ ਹਰ ਪਾਠਕ ਨੂੰ ਜੀਵਨ-ਪਲਟਾ ਲਿਆਉਣ ਲਈ ਪ੍ਰੇਰਨਾ ਮਿਲੇ, ਇਸ ਪੁਸਤਕ ਨੂੰ ਗੁਰੂ ਮਹਾਰਾਜ ਅਤੇ ਉਨ੍ਹਾਂ ਦੀ ਸੰਗਤ ਕਰਨਹਾਰ ਗੁਰਸਿੱਖਾਂ ਦੇ ਚਰਨਾਂ ਵਿਚ ਸਮਰਪਣ ਕਰਦਾ ਹਾਂ:

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥

ਦਾਸ,

ਮਿਤੀ: ੩੧-੫-੨੦੦੭

ਜਸਵੰਤ ਸਿੰਘ

ਸੰਖੇਪ ਜਿਹੀ ਜਾਣ-ਪਛਾਣ

ਇਹ *ਜੀਵਨ ਜਾਗ* ਦੇ ਨਾਂ ਹੇਠ ਛਾਪਿਆ ਜਾ ਰਿਹਾ ਕਿਤਾਬਚਾ ਅਸਲ ਵਿਚ ਉਲਥਾ ਹੈ ਭਾਈ ਸਾਹਿਬ ਨੰਦ ਲਾਲ ਸਿੰਘ 'ਗੋਯਾ' ਦੀ *ਜ਼ਿੰਦਗੀਨਾਮਾ* ਨਾਂ ਨਾਲ ਰਚਿਤ ਕੀਤੀ ਕਾਵਿ-ਰਚਨਾ ਦਾ, ਜਿਸ ਦੇ ਸ਼ਿਅਰਾਂ ਦੀ ਪੁਸ਼ਟੀ ਗੁਰਬਾਣੀ ਦੇ ਵਾਕਾਂ ਨਾਲ ਕਰਨ ਦਾ ਯਤਨ ਦਾਸ ਵੱਲੋਂ ਕੀਤਾ ਗਿਆ ਹੈ। ਇਹ ਪੰਜ ਸੌ ਦਸ ਸ਼ਿਅਰਾਂ ਦੀ ਰਚਨਾ 'ਗੋਯਾ' ਜੀ ਵੱਲੋਂ ਅਨੰਦਪੁਰ ਵਿਚ ਅਨੰਤ ਅਨੰਦ ਦੇ ਦਾਤਾ, ਜਾਹੋ ਜਲਾਲ ਦੇ ਆਕਾ, ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਕਮਲਾਂ ਵਿਚ ਪਹਿਲਾਂ *ਬੰਦਗੀਨਾਮਾ* ਦੇ ਨਾਂ ਹੇਠ ਭੇਟ ਕੀਤੀ ਗਈ ਸੀ। ਸੱਚੇ ਪਾਤਿਸ਼ਾਹ ਨੇ ਨਿਜ ਨੈਣੀਂ ਇਸ ਨੂੰ ਨਿਰਖਿਆ, ਸ੍ਰਵਣੀਂ ਸੁਣਿਆ ਅਤੇ ਆਪਣੇ ਦਸਤਿ-ਮੁਬਾਰਕ ਨਾਲ ਇਸ ਰਚਨਾ ਨੂੰ *ਜ਼ਿੰਦਗੀਨਾਮਾ* ਦਾ ਨਾਂ ਦੇ ਕੇ ਨਿਵਾਜਿਆ। ਭਾਈ ਸਾਹਿਬ ਦੀ ਬੰਦਗੀ (ਭਗਤੀ, ਦਾਸਤਾ) ਪ੍ਰਵਾਨ ਪਈ ਅਤੇ ਉੱਚ ਪਾਏ ਦੀ ਜ਼ਿੰਦਗੀ ਭਈ, (ਜੀਵਨੀ ਬਣੀ ਸਮੂਹ ਸੰਗਤਾਂ ਲਈ)। ਸਮੂਹ ਸੰਗਤਾਂ ਵਿਚ ਇਸ ਰਚਨਾ ਦਾ ਪਾਠ ਅਤੇ ਅਰਥ-ਵਿਆਖਿਆ ਖ਼ੁਦ ਕਰਤਾ ਜੀ ਪਾਸੋਂ ਕਰਵਾਈ ਸੁਣਵਾਈ ਗਈ। 'ਗੋਯਾ' ਜੀ ਗੋਇਆ 'ਰੰਘਰੇਟੇ ਗੁਰੂ ਕੇ ਬੇਟੇ' ਵਾਂਗ ਗੁਰੂ ਕੇ 'ਲਾਲ' ਅਖਵਾਏ।

ਔਰੰਗੇ ਦੀ ਪੱਖਪਾਤੀ ਪ੍ਰਵਿਰਤੀ ਤੋਂ ਉਪਰਾਮ ਹੋ ਕੇ, ਆਗਰੇ ਤੋਂ ਅਨੰਦਪੁਰ ਦਸਮ ਪਾਤਿਸ਼ਾਹ ਦੀ ਓਟ ਲਈ ਸਾਨੇ, ਆਉਂਦਿਆਂ ਹੀ ਚਰਨ ਪਾਹੁਲ ਪ੍ਰਾਪਤ ਕੀਤੀ, ਬਾਅਦ ਵਿਚ ਜਦ ਖ਼ਾਲਸੇ ਦੀ ਸਾਜਨਾ ਹੋਈ, ਖੰਡੇ ਦੀ ਪਾਹੁਲ ਵੀ ਛਕੀ, ਭਾਵੇਂ ਇਸ ਹਕੀਕਤ ਤੋਂ ਕਈ ਵਿਦਵਾਨ

ਸਿਰ ਫੇਰਦੇ ਹਨ। ਉਨ੍ਹਾਂ ਦੇ ਸਿੰਘ ਸੱਜਣ ਦੇ ਹੱਕ ਵਿਚ ਹੇਠ ਲਿਖੇ ਪ੍ਰਮਾਣ ਪੇਸ਼ ਕਰਨੇ ਯੋਗ ਹਨ :

(੧) *ਤਨਖ਼ਾਹਨਾਮਾ* ਇਕ ਪੰਜਾਬੀ ਰਚਨਾ ਭਾਈ ਸਾਹਿਬ ਦੀ ਹੈ, ਜਿਸ ਵਿਚ ਸਿੱਖੀ ਰਹਿਤ ਅਤੇ ਕੁਰਹਿਤਾਂ ਬਾਰੇ ਵਾਕ ਉਚਾਰੇ ਹਨ। ਐਸੇ ਉਪਦੇਸ਼-ਮਈ ਵਾਕ ਤਿਆਰ-ਬਰ-ਤਿਆਰ ਸਿੰਘ ਹੀ ਕਰ ਸਕਦਾ ਹੈ, ਨਹੀਂ ਤਾਂ ਇਸ ਮਹਾਂਵਾਕ ਦੀ ਮਾਰ ਵਿਚ ਉਹ ਆਏਗਾ :

ਅਵਰ ਉਪਦੇਸੈ ਆਪਿ ਨ ਕਰੈ ॥
ਆਵਤ ਜਾਵਤ ਜਨਮੈ ਮਰੈ ॥ *(ਅੰਗ ੨੬੯)*

(੨) ਸ੍ਰੀ ਅਨੰਦਪੁਰ ਵਿਚ ਕਈ ਪ੍ਰੇਮੀਆਂ ਵੱਲੋਂ ਲੰਗਰ ਚਲ ਰਹੇ ਸਨ। ਦਸਮ ਪਿਤਾ ਨੇ ਜਦੋਂ ਭੇਸ ਬਦਲ ਕੇ ਸਾਰੇ ਲੰਗਰਾਂ ਵਿਚ ਫੇਰੀ ਪਾਈ ਤਾਂ ਭਾਈ ਸਾਹਿਬ ਦੇ ਲੰਗਰ ਵਿੱਚੋਂ ਹੀ ਉਨ੍ਹਾਂ ਵੱਲੋਂ ਕੀਤੀ ਜਾ ਰਹੀ ਸੇਵਾ ਹੀ ਆਪ ਜੀ ਨੂੰ ਪਸੰਦ ਆਈ, "ਦੇਗ ਤੇਗ ਜਗ ਮਹਿ ਦੋਊ ਚਲੈ" ਦੇ ਆਸ਼ੇ ਅਨੁਸਾਰ।

(੩) ਕਈ ਵਿਦਵਾਨ ਇਹ ਮੰਨਦੇ ਹਨ ਕਿ ਭਾਈ ਨੰਦ ਲਾਲ ਜੀ ਕਿਰਪਾਨ ਲੈ ਕੇ ਮਹਾਰਾਜ ਕੋਲ ਗਏ ਅਤੇ ਮੰਗ ਕੀਤੀ ਕਿ ਮੈਨੂੰ ਆਪਣੇ ਹੱਥੀਂ ਕਿਰਪਾਨ ਪਹਿਨਾ ਕੇ ਅੰਮ੍ਰਿਤ ਦੀ ਦਾਤ ਦੇ ਕੇ ਸਿੰਘ ਸਜਾਉ। ਗੁਰੂ ਮਹਾਰਾਜ ਨੇ ਉਨ੍ਹਾਂ ਨੂੰ ਕਿਰਪਾਨ ਪਾਉਣ ਤੋਂ ਵਰਜਦਿਆਂ ਕਲਮ ਰਾਹੀਂ ਹੀ ਸੇਵਾ ਕਰੀ ਜਾਣ ਦੀ ਆਗਿਆ ਕੀਤੀ। ਇਹ ਗੱਲ ਹਰਗਿਜ਼ ਕਾਬਲਿ-ਕਬੂਲ ਨਹੀਂ ਹੋ ਸਕਦੀ। ਜੋ ਧੁਰੋਂ ਗੁਰੂ ਗੱਦੀ ਦੇ ਮਾਲਕ ਅਤੇ ਵਿਦਵਤਾ ਦੇ ਸਾਇਰ (ਸਾਗਰ) ਹੋਣ ਦੇ ਬਾਵਜੂਦ ਖ਼ੁਦ ਅੰਮ੍ਰਿਤ ਦੀ ਦਾਤ ਦੇ ਜਾਚਕ ਤੇ ਚਾਹਕ ਬਣਦੇ ਹਨ, ਜੋ ਡੱਲੇ ਸੇਵਕ ਨੂੰ ਦਰਗਾਹ ਵਿਚ ਆਪਣੇ ਪਾਸ ਪੀੜ੍ਹੀ ਜਿੰਨੀ ਥਾਂ ਦੇਣ ਤੋਂ ਇਨਕਾਰੀ ਹਨ, ਜਦ ਤਕ ਕਿ ਉਹ ਅੰਮ੍ਰਿਤ ਪਾਨ ਨਹੀਂ ਕਰਦਾ, ਉਹ ਆਪਣੇ ਅਨਿੰਨ ਆਸ਼ਕ ਭਾਈ ਨੰਦ ਲਾਲ ਨੂੰ ਅੰਮ੍ਰਿਤ ਪਾਨ ਕਰਨ ਤੋਂ ਕਿਵੇਂ ਵਰਜ ਸਕਦੇ ਹਨ ?

(੪) ਭਾਈ ਸਾਹਿਬ ਜੀ *ਗੰਜਨਾਮਾ* ਨਾਂ ਦੀ ਲਿਖੀ ਰਚਨਾ ਵਿਚ ਦੋ ਸ਼ਿਅਰ ਇਸ ਤਰ੍ਹਾਂ ਹਨ:

ਲਾਅਲ ਸਗੇ ਗ਼ੁਲਾਮਿ ਗੁਰ ਗੋਬਿੰਦ ਸਿੰਘ,
ਦਾਗ਼ਦਾਰਿ ਨਾਮਿ ਗੁਰ ਗੋਬਿੰਦ ਸਿੰਘ॥
ਕਮਤਰੀਂ ਜ਼ਿ ਸਿੰਘਾਨਿ ਗੁਰ ਗੋਬਿੰਦ ਸਿੰਘ,
ਰੇਜ਼ਾ-ਚੀਨਿ ਖ਼੍ਵਾਨਿ ਗੁਰ ਗੋਬਿੰਦ ਸਿੰਘ॥

ਉਪਰੋਕਤ ਪਹਿਲੀ ਸਤਰ ਵਿਚ ਗੋਯਾ ਜੀ ਆਪਣੇ ਆਪ ਨੂੰ ਗੋਬਿੰਦ ਸਿੰਘ ਦਾ ਗ਼ੁਲਾਮ ਕੂਕਰ ਕਹਿੰਦੇ ਹਨ, ਬੇਸ਼ੱਕ ਕਬੀਰ ਜੀ ਵਾਂਗ ਨਿਮਰਤਾ ਦੇ ਰੰਗ ਵਿਚ ਹਰੇਕ ਨੂੰ "ਕੂਕਰ ਰਾਮ ਕੋ" ਕਹਿਣ ਦਾ ਹੱਕ ਹੈ। ਦੂਜੀ ਤੁਕ ਵਿਚ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਦੇ ਦਾਗ਼ (ਨਿਸ਼ਾਨ) ਵਾਲੇ ਤਾਂ ਹੀ ਕਹਿ ਸਕਦੇ ਹਨ, ਜੇ ਆਪ ਦੇ ਨਾਮ ਨਾਲ ਸਿੰਘ ਪਦ ਨੂੰ ਜੋੜਿਆ ਜਾਏ। ਫਿਰ ਤੀਜੀ ਸਤਰ ਵਿਚ ਅਸਲ ਵਿਚ ਆਪਣੇ ਆਪ ਨੂੰ ਹੀ ਸਿੰਘਾਂ ਵਿੱਚੋਂ ਸਭ ਤੋਂ ਨੀਚ (ਨੀਵਾਂ, ਛੋਟਾ) ਕਿਹਾ ਹੈ, ਕੁੱਤਿਆਂ ਵਿੱਚੋਂ ਨਹੀਂ। 'ਸਿੰਘਾਨ' ਦੀ ਥਾਂ ਭੁਲੇਖੇ ਨਾਲ 'ਸਗਾਨ' ਛਪ ਰਿਹਾ ਹੈ। ਉਰਦੂ ਲਿਪੀ ਵਿਚ 'سِنگھان' ਹੇਠਲੀ '◌ِ' ਜ਼ੇਰ ਅਤੇ ਉਤਲੀ ਬਿੰਦੀ ਨ ਵਾਚੀ ਜਾਏ ਤਾਂ 'سگان' ਪੜ੍ਹਿਆ ਜਾਂਦਾ ਹੈ। ਐਸਾ ਹੀ ਹੋਇਆ ਹੱਥ-ਲਿਖਤਾਂ ਪੜ੍ਹਨ ਵਿਚ ਵਿਦਵਾਨਾਂ ਪਾਸੋਂ। ਜੇ 'ਸਗਾਨ' ਹੀ ਪਾਠ ਮੰਨ ਲਿਆ ਜਾਏ ਤਾਂ ਸੁਆਲ ਉਠਦਾ ਹੈ ਕਿ ਕੀ ਦਸਮ ਪਾਤਿਸ਼ਾਹ ਨੇ ਕੂਕਰ ਰਖੇ ਹੋਏ ਸਨ, ਕਿਕਰ ਇਹ ਬਾਤ ਮੰਨੀ ਜਾ ਸਕਦੀ ਹੈ, ਕਿਊਂ ਸਿੰਘਾਂ ਦੀ ਫ਼ੌਜਾਂ ਨੂੰ ਕੂਕਰ ਕਿਆਸਿਆ ਜਾਏ? ਨਿਮਰਤਾ ਦੀ ਮੂਰਤ 'ਗੋਯਾ' ਜੀ ਇਹ ਗੁਸਤਾਖ਼ੀ ਹਰਗਿਜ਼ ਨਹੀਂ ਕਰ ਸਕਦੇ, ਸੁਪਨੇ ਵਿਚ ਵੀ ਇਹ ਦੋਸ਼ ਥੋਪਣਾ ਕੁਥਾਂ ਹੋਵੇਗਾ। ਸਿੱਖ ਕੌਮ ਦਾ ਦੁਸ਼ਮਣ ਖ਼ਫ਼ੀ ਖ਼ਾਂ ਸਿੰਘਾਂ ਬਾਰੇ ਲਿਖਦਾ ਹੋਇਆ ਨਫ਼ਰਤ ਦੇ ਲਹਿਜੇ 'ਚ ਸਿੰਘਾਂ ਨੂੰ

ਜਾਣ ਬੁੱਝ ਕੇ 'ਸਗਾਂ' ਕਹਿ ਕੇ ਪੁਕਾਰਦਾ ਹੈ ਤੇ ਇਕ ਥਾਂ ਲਿਖਦਾ ਹੈ :

ਜ਼ਨਾਹ ਹਮ ਨ ਬਾਸ਼ਦ ਮਿਆਨੇ ਸਗਾਂ,
ਨ ਦੁਜ਼ਦੀ ਬਵਦ ਕਾਰਿ ਆਂ ਬਦਰਕਾਂ।

[ਇਹਨਾਂ 'ਕੁੱਤਿਆਂ' (ਸਿੰਘਾਂ) ਵਿਚ ਵਿਭਚਾਰ ਨਹੀਂ ਹੁੰਦਾ (ਅਤੇ) ਇਨ੍ਹਾਂ ਸੁਰਖਿਅਕਾਂ ਦਾ ਕੰਮ ਚੋਰੀ ਕਰਨਾ ਵੀ ਨਹੀਂ ਹੈ।]

ਵੇਖੋ ਉਸ ਦੀ ਕਲਮ ਵੀ ਨ਼ਫ਼ਰਤ-ਆਮੇਜ਼ ਲ਼ਫ਼ਜ਼ 'ਸਗਾਂ' ਵਰਤਦੀ ਹੋਈ ਸਿੰਘਾਂ ਦੇ ਕੌਮੀ ਗੁਣਾਂ ਦੀ ਤਾਰੀ਼ਫ਼ ਬਦੋ-ਬਦੀ ਕਰੀ ਜਾਂਦੀ ਹੈ। ਸੋ 'ਗੋਯਾ' ਜੀ ਨੇ ਸਿੰਘਾਂ ਵਿੱਚੋਂ ਹੀ ਆਪ ਨੂੰ ਸਭ ਤੋਂ ਕਮਤਰੀਨ (ਸਭ ਤੋਂ ਨੀਵਾਂ) ਕਹਿੰਦਿਆਂ ਗੁਰੂ ਜੀ ਦੇ ਭੋਜਨ ਦੇ ਜੂਠੇ ਭੋਰੇ ਛਕਣਹਾਰਾ ਬਿਆਨਿਆ ਹੈ। ਹਾਲੀ ਇਥੇ ਹੀ ਬੱਸ ਕਰਦੇ ਹਾਂ। ਯਾਦ ਰਹੇ ਗੁਰੂ ਘਰ ਵਿਚ ਗੁਰਬਾਣੀ ਤੋਂ ਬਿਨਾਂ ਭਾਈ ਗੁਰਦਾਸ ਅਤੇ ਨੰਦ ਲਾਲ ਸਿੰਘ ਜੀ ਦੀ ਬਾਣੀ ਹੀ ਗਾਈ ਜਾ ਸਕਦੀ ਹੈ।

ਬਾਕੀ 'ਗੋਯਾ' ਜੀ ਦੇ *ਜ਼ਿੰਦਗੀਨਾਮੇ* ਵਿੱਚੋਂ ਗੁਰਸਿੱਖੀ ਤੇ ਗੁਰਮਤਿ ਦੇ ਵਿਚਾਰਾਂ ਦੀ ਤਰਜਮਾਨੀ ਤਕੋ :

ਜ਼ਿੰਦਗੀਨਾਮਾ

ਆਂ ਖ਼ੁਦਾਵੰਦਿ ਜ਼ਮੀਨੋ ਆਸਮਾਂ
ਜ਼ਿੰਦਗੀ ਬਖ਼ਸ਼ਿ ਵਜੂਦਿ ਇਨਸੋ ਜਾਂ ॥੧॥

ਉਲਥਾ : ਉਹੋ ਹੀ ਧਰਤੀ ਅਤੇ ਆਕਾਸ਼ ਦਾ ਮਾਲਕ ਹੈ, ਜੋ ਮਨੁੱਖ ਮਾਤਰ ਅਤੇ ਆਤਮਾ ਦੀ ਹੋਂਦ ਨੂੰ ਜ਼ਿੰਦਗੀ ਬਖ਼ਸ਼ਣ ਵਾਲਾ ਪਾਲਕ ਹੈ।

ਭਾਈ ਸਾਹਿਬ ਨੰਦ ਲਾਲ ਸਿੰਘ ਜੀ ਮਾਨੋ ਇਸ ਗ੍ਰੰਥ ਦਾ ਆਰੰਭ ਇਸ ਮੰਗਲਾਚਰਨ ਰਾਹੀਂ ਕਰਦੇ ਹਨ। ਉਪਰੋਕਤ ਵਿਚਾਰ ਦੀ ਪੁਸ਼ਟੀ ਵਿਚ ਪੜ੍ਹੋ *ਗੁਰਬਾਣੀ ਦੀ ਇਹ ਤੁਕ :* **ਜਿਸ ਕੇ ਧਾਰੇ ਧਰਣਿ ਅਕਾਸੁ ॥**
ਘਟਿ ਘਟਿ ਜਿਸ ਕਾ ਹੈ ਪ੍ਰਗਾਸੁ ॥

ਖ਼ਾਕਿ ਰਾਹਸ਼ ਤੂਤੀਯਾਇ ਚਸ਼ਮਿ ਮਾਸਤ
ਆਬਰੂ ਅਫ਼ਜ਼ਾਇ ਹਰ ਸ਼ਾਹੋ ਗਦਾਸਤ ॥੨॥

ਉਲਥਾ : ਉਸਦੇ ਰਾਹ ਦੀ ਧੂੜ ਸਾਡੇ ਲੋਇਣਾਂ ਲਈ ਸੁਰਮਾ ਹੈ; ਹਰ ਰਾਉ ਅਤੇ ਰੰਕ ਦੀ ਇੱਜ਼ਤ ਵਧਾਉਣ ਵਾਲੀ ਹੈ।

ਗੁਰਬਾਣੀ : **ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ ਸਭ ਦੁਰਮਤਿ ਮੈਲੁ ਗਵਾਈ ॥**

ਹਰ ਕਿਹ ਬਾਸ਼ਦ ਦਾਯਮਾ ਦਰ ਯਾਦਿ ਊ
ਯਾਦਿ ਹੱਕ ਹਰ ਦਮ ਬਵਦ ਇਰਸ਼ਾਦਿ ਊ ॥੩॥

ਉਲਥਾ : ਜੋ ਜੀਵ ਸਦੀਵ ਉਸ ਦੇ ਸਿਮਰਨ ਵਿਚ ਰਹਿੰਦਾ ਹੈ, ਸਵਾਸ ਸਵਾਸ ਸੱਚ ਦਾ ਸਿਮਰਨ ਹੀ ਉਸਦਾ ਉਪਦੇਸ਼ ਹੁੰਦਾ ਹੈ।

ਗੁਰਬਾਣੀ : **ਆਪਿ ਕਮਾਉ ਅਵਰਾ ਉਪਦੇਸ ॥**
ਰਾਮ ਨਾਮ ਹਿਰਦੈ ਪਰਵੇਸ ॥

ਗਰ ਤੂ ਦਰ ਯਾਦਿ ਖ਼ੁਦਾ ਬਾਸ਼ੀ ਮੁਦਾਮ
ਮੇ ਸ਼ਵੀ ਐ ਜਾਨਿ ਮਨ ਮਰਦਿ ਤਮਾਮ ॥੪॥

ਉਲਥਾ : ਜੇ ਤੂੰ ਹਮੇਸ਼ਾ ਪ੍ਰਭੂ-ਸਿਮਰਨ ਵਿਚ ਟਿਕ ਜਾਏਂ, ਤਾਂ ਤੂੰ ਵੀ ਮੇਰੇ ਪਿਆਰੇ! ਪੂਰਨ ਪੁਰਸ਼ ਹੋ ਨਿਬੜੇਂ।

ਗੁਰਬਾਣੀ : ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ ॥
ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥

ਆਫ਼ਤਾਬੇ ਹਸਤ ਪਿਨਹਾਂ ਜ਼ੇਰਿ ਅਬਰ
ਬਿਗੁਜ਼ਰ ਅਜ਼ ਅਬਰੋ ਨੁਮਾ ਰੁਖ਼ ਹਮਚੂ ਬਦਰ ॥੫॥

ਉਲਥਾ : ਇਕ ਸੂਰਜ ਬੱਦਲ ਹੇਠ ਛੁਪਿਆ ਹੈ, ਬੱਦਲ ਤੋਂ ਅਗਾਂਹ ਲੰਘ ਜਾ ਅਤੇ ਪੂਰਨ ਚੰਦਰਮਾ ਜਿਹਾ ਚਿਹਰਾ ਵੇਖ।

ਗੁਰਬਾਣੀ : ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥
ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥

ਈਂ ਤਨਤ ਅਬਰੇਸਤ ਦਰ ਵੈ ਆਫ਼ਤਾਬ
ਯਾਦਿ ਹੱਕ ਮੇ ਦਾਂ ਹਮੀਂ ਬਾਸ਼ਦ ਸਵਾਬ ॥੬॥

ਉਲਥਾ : ਇਹ ਤੇਰਾ ਤਨ ਇਕ ਬੱਦਲ ਹੈ, ਉਸ ਵਿਚ ਸੂਰਜ ਪ੍ਰਭੂ-ਸਿਮਰਨ ਨੂੰ ਜਾਣ, ਇਹੋ ਹੀ ਪੁੰਨ ਹੈ।

ਗੁਰਬਾਣੀ : ਭਇਓ ਕਿਰਪਾਲੁ ਸਰਬ ਕੋ ਠਾਕੁਰੁ ਸਗਰੋ ਦੂਖੁ ਮਿਟਾਇਓ ॥
ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ ਤਉ ਦਇਆਰੁ ਬੀਠਲੋ ਪਾਇਓ ॥

ਹਰ ਕਿ ਵਾਕਿਫ਼ ਸ਼ੁਦ ਅਜ਼ ਅਸਰਾਰਿ ਖ਼ੁਦਾ
ਹਰ ਨਫ਼ਸ ਜੁਜ਼ ਹਕ ਨ ਦਾਰਦ ਮੁਦਆ ॥੭॥

ਉਲਥਾ : ਜੋ ਵੀ ਰੱਬੀ ਭੇਤਾਂ ਦਾ ਜਾਣੂ ਹੋ ਗਿਆ, ਹਰਦਮ ਸੱਚ ਬਿਨਾਂ (ਉਸ ਦਾ) ਸੁਆਉ ਨਹੀਂ ਰਹਿੰਦਾ।

ਗੁਰਬਾਣੀ : ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ ॥
ਜਿਉ ਜਿਉ ਸਾਹਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ ॥

ਹਕ ਚਿਹ ਬਾਸ਼ਦ ਯਾਦਿ ਆਂ ਯਜ਼ਦਾਨਿ ਪਾਕ
ਕੈ ਬਿਦਾਨਦ ਕਦਰਿ ਊ ਹਰ ਮੁਸ਼ਤਿ ਖ਼ਾਕ ॥੮॥

ਉਲਥਾ : ਸੱਚ ਕੀ ਹੈ ? ਪਵਿੱਤਰ ਪਰਮਾਤਮਾ ਦਾ ਸਿਮਰਨ। ਹਰ ਮਿੱਟੀ ਦੀ ਮੁੱਠ (ਸਾਧਾਰਨ ਮਨੁੱਖ) ਉਸਦੀ ਕਦਰ ਕਦ ਜਾਣ ਸਕਦਾ ਹੈ ?

ਗੁਰਬਾਣੀ : ਨਾਨਕ ਸਾਚੇ ਕਉ ਸਚੁ ਜਾਣੁ ॥
ਜਿਤੁ ਸੇਵਿਐ ਸੁਖੁ ਪਾਈਐ ਤੇਰੀ ਦਰਗਹ ਚਲੈ ਮਾਣੁ ॥

ਸੁਹਬਤਿ ਨੇਕਾਂ ਅਗਰ ਬਾਸ਼ਦ ਨਸੀਬ
ਦੌਲਤਿ ਜਾਵੇਦ ਯਾਬੀ ਐ ਹਬੀਬ ॥੯॥

ਉਲਥਾ : ਭਲੇ ਪੁਰਸ਼ਾਂ ਦੀ ਸੰਗਤ ਜੇ ਤੈਨੂੰ ਪ੍ਰਾਪਤ ਹੋ ਜਾਏ ਤਾਂ ਤੂੰ ਅਬਿਨਾਸ਼ੀ ਧੰਨ ਪਾ ਲਵੇਂਗਾ, ਹੇ ਦੋਸਤ !

ਗੁਰਬਾਣੀ : ਸਤਸੰਗਤੀ ਸੰਗਿ ਹਰਿ ਧਨੁ ਖਟੀਐ
ਹੋਰਥੈ ਹੋਰਤੁ ਉਪਾਇ ਹਰਿ ਧਨੁ ਕਿਤੈ ਨ ਪਾਈ ॥

ਦੌਲਤ ਅੰਦਰ ਖ਼ਿਦਮਤਿ ਮਰਦਾਨਿ ਊਸਤ
ਹਰਿ ਗਦਾ ੳ ਬਾਦਸ਼ਾਹ ਕੁਰਬਾਨਿ ਊਸਤ ॥੧੦॥

ਉਲਥਾ : ਦੌਲਤ ਉਸ ਦੇ ਜਨਾਂ ਦੀ ਸੇਵਾ ਵਿਚ ਹੈ, ਹਰ ਮੰਗਤਾਂ ਅਤੇ ਬਾਦੌਸ਼ਾਹ ਉਸ ਤੋਂ ਕੁਰਬਾਨ ਹੈ।

ਗੁਰਬਾਣੀ : ਰਾਮ ਮੋਕਉ ਹਰਿ ਜਨ ਕਾਰੈ ਲਾਈਐ ॥
ਹਉ ਪਾਣੀ ਪਖਾ ਪੀਸਉ ਸੰਤ ਆਗੈ ਪਗ ਮਲਿ ਮਲਿ ਧੂਰਿ ਮੁਖਿ ਲਾਈਐ ॥

ਖ਼ੂਇ ਸ਼ਾਂ ਗੀਰ ਐ ਬ੍ਰਾਦਰ ਖ਼ੂਇ ਸ਼ਾਂ
ਦਾਯਮਾ ਮੀ ਗਰਦ ਗਿਰਦਿ ਕੂਇ ਸ਼ਾਂ ॥੧੧॥

ਉਲਥਾ : ਉਨ੍ਹਾਂ ਦਾ ਸੁਭਾ ਧਾਰਨ ਕਰ, ਹੇ ਭਾਈ ! ਉਨ੍ਹਾਂ ਦਾ ਤੌਰ ਤਰੀਕਾ ਅਪਨਾ, ਸਦੀਵ ਉਨ੍ਹਾਂ ਦੀ ਗਲੀ ਦੇ ਦੁਆਲੇ ਚੱਕਰ ਲੱਗਾ।

ਗੁਰਬਾਣੀ : ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ ॥
ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ ॥
ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ ॥

ਹਰ ਕਿ ਗਿਰਦਿ ਕੂਇ ਸ਼ਾਂ ਗਰਦੀਦ ਯਾਫ਼ਤ
ਦਰ ਦੋ ਆਲਮ ਹਮ ਚੂ ਮਿਹਰੋ ਬਦਰ ਤਾਫ਼ਤ ॥੧੨॥

ਉਲਥਾ : ਜਿਸ ਕਿਸੇ ਨੇ ਉਨ੍ਹਾਂ ਦੀ ਗਲੀ ਦੀ ਪਰਕਰਮਾ ਕਰ ਲਈ, ਦੋਹਾਂ ਜਹਾਨਾਂ ਵਿਚ (ਉਹ) ਸੂਰਜ ਅਤੇ ਚੰਦਰਮਾ ਵਾਂਗ ਰੌਸ਼ਨ ਹੋ ਗਿਆ।

ਗੁਰਬਾਣੀ : ਸੰਤ ਜਨਾ ਕੈ ਸੰਗਿ ਮਿਲੁ ਬਉਰੇ ਤਉ ਪਾਵਹਿ ਮੋਖ ਦੁਆਰੁ ॥

ਅਥਵਾ : ਜਿਸੁ ਨੀਚ ਕਉ ਕੋਈ ਨ ਜਾਨੈ ॥
ਨਾਮੁ ਜਪਤ ਉਹੁ ਚਹੁ ਕੁੰਟ ਮਾਨੈ ॥

ਦੌਲਤਿ ਜਾਵੇਦ ਬਾਸ਼ਦ ਬੰਦਗੀ
ਬੰਦਗੀ ਕੁਨ ਬੰਦਗੀ ਕੁਨ ਬੰਦਗੀ ॥੧੩॥

ਉਲਥਾ : ਸਦੀਵੀ ਧਨ ਭਗਤੀ ਹੀ ਹੈ, (ਸੋ) ਭਗਤੀ ਕਰ, ਭਜਨ ਕਰ, ਇਬਾਦਤ ਕਰ।

ਗੁਰਬਾਣੀ : ਫੁਰਮਾਨੁ ਤੇਰਾ ਸਿਰੈ ਊਪਰਿ ਫਿਰਿ ਨ ਕਰਤ ਬੀਚਾਰ ॥
ਤੁਹੀ ਦਰੀਆ ਤੁਹੀ ਕਰੀਆ ਤੁਝੈ ਤੇ ਨਿਸਤਾਰ ॥
ਬੰਦੇ ਬੰਦਗੀ ਇਕਤੀਆਰ ॥
ਸਾਹਿਬੁ ਰੋਸੁ ਧਰਉ ਕਿ ਪਿਆਰੁ ॥

ਦਰ ਲਿਬਾਸਿ ਬੰਦਗੀ ਸ਼ਾਹੀ ਤੁਰਾਸਤ
ਦੌਲਤੇ ਅਜ਼ ਮਾਹ ਤਾ ਮਾਹੀ ਤੁਰਾਸਤ ॥੧੪॥

ਉਲਥਾ : ਭਗਤੀ ਦੇ ਭੇਸ ਵਿਚ ਤੇਰੀ ਬਾਦਸ਼ਾਹੀ ਹੈ; ਚੰਨ (ਆਕਾਸ਼) ਤੋਂ ਮੱਛੀ (ਪਾਤਾਲ) ਤਕ ਦੀ ਸੰਪਤੀ ਤੇਰੀ ਹੀ ਹੈ।

ਗੁਰਬਾਣੀ : ਜੋ ਕਿਛੁ ਠਾਕੁਰ ਕਾ ਸੋ ਸੇਵਕ ਕਾ ਸੇਵਕੁ ਠਾਕੁਰ ਹੀ ਸੰਗਿ ਜਾਹਰੁ ਜੀਉ ॥

ਹਰ ਕਿਹ ਗ਼ਾਫ਼ਿਲ ਸ਼ੁਦ ਅਜ਼ੂ ਨਾਦਾਂ ਬਵਦ
ਗਰ ਗਦਾ ਬਾਸ਼ਦ ਵ ਗਰ ਸੁਲਤਾਂ ਬਵਦ ॥੧੫॥

ਉਲਥਾ : ਜੋ ਕੋਈ ਉਸ ਤੋਂ ਅਵੇਸਲਾ ਹੁੰਦਾ ਹੈ; ਉਹ ਮੂਰਖ ਹੈ; ਭਾਵੇਂ (ਉਹ) ਮੰਗਤਾ ਹੋਵੇ ਅਤੇ ਭਾਵੇਂ (ਉਹ) ਬਾਦਸ਼ਾਹ ਹੋਵੇ।

ਗੁਰਬਾਣੀ : ਮੂਰਖ ਸਚੁ ਨ ਜਾਣਨੀ ਮਨਮੁਖੀ ਜਨਮੁ ਗਵਾਇਆ ॥
ਵਿਚਿ ਦੁਨੀਆ ਕਾਹੇ ਆਇਆ ॥

ਸ਼ੌਕਿ ਮੌਲਾ ਅਜ਼ ਹਮਾ ਬਾਲਾ ਤਰ ਅਸਤ ॥
ਸਾਯਾਇ ਊ ਬਰ ਸਰਿ ਮਾ ਅਫ਼ਸਰ ਅਸਤ ॥੧੬॥

ਉਲਥਾ : ਸੁਆਮੀ ਦਾ ਚਾਅ ਸਭ ਕਾਸੇ ਤੋਂ ਉਚੇਰਾ ਹੈ। ਉਸਦੀ ਛਾਇਆ ਸਾਡੇ ਸਿਰਾਂ ਪੁਰ ਤਾਜ ਹੈ।

ਗੁਰਬਾਣੀ : ਸਾਚ ਕਹੋਂ ਸੁਨਿ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ ॥

ਸ਼ੌਕਿ ਮੌਲਾ ਮਾਅਨੀਏ ਜ਼ਿਕਰਿ ਖ਼ੁਦਾਸਤ
ਕਾਂ ਤਲਿਸਮਿ ਜਿਸਮਿ ਮਾ ਰਾ ਕੀਮੀਆਸਤ ॥੧੭॥

ਉਲਥਾ : ਸੁਆਮੀ ਦੇ ਚਾਉਂ ਤੋਂ ਭਾਵ ਪ੍ਰਭੂ ਦਾ ਜਾਪ ਕਰਨਾ ਹੈ ਕਿ ਇਹ ਜਾਦੂ ਸਾਡੇ ਸਰੀਰ ਲਈ (ਇਕ) ਰਸਾਇਣ ਹੈ।

ਗੁਰਬਾਣੀ : ਰਸਨਾ ਗੁਣ ਗੋਪਾਲ ਨਿਧਿ ਗਾਇਣ ॥
ਸਾਂਤਿ ਸਹਜੁ ਰਹਸੁ ਮਨਿ ਉਪਜਿਓ ਸਗਲੇ ਦੂਖ ਪਲਾਇਣ ॥੧॥ਰਹਾਉ॥
ਜੋ ਮਾਗਹਿ ਸੋਈ ਸੋਈ ਪਾਵਹਿ ਸੇਵਿ ਹਰਿ ਕੇ ਚਰਣ ਰਸਾਇਣ ॥

ਸ਼ੌਕਿ ਮੌਲਾ ਜ਼ਿੰਦਗੀਇ ਜਾਨਿ ਮਾਸਤ
ਜ਼ਿਕਰਿ ਊ ਸਰਮਾਯਾਇ ਈਮਾਨਿ ਮਾਸਤ ॥੧੮॥

ਉਲਥਾ : ਪ੍ਰਭੂ ਮਿਲਣੇ ਦੀ ਚਾਹ ਹੀ ਸਾਡੀ ਆਤਮਾ ਦਾ ਜੀਵਨ ਹੈ, ਉਸਦਾ ਭਜਨ ਹੀ ਸਾਡੇ ਧਰਮ ਦੀ ਰਾਸ-ਪੂੰਜੀ ਹੈ।

ਗੁਰਬਾਣੀ : ਕੈਸੇ ਜੀਵਨੁ ਹੋਇ ਹਮਾਰਾ ॥
ਜਬ ਨ ਹੋਇ ਰਾਮ ਨਾਮ ਅਧਾਰਾ ॥

ਰੋਜ਼ਿ ਜੁਮਆ ਮੋਮਨਾਨਿ ਪਾਕਬਾਜ਼
ਗਿਰਦ ਮੇ ਆਇੰਦ ਅਜ਼ ਬਹਿਰਿ ਨਿਮਾਜ਼ ॥੧੯॥

ਉਲਥਾ : ਸ਼ੁਕਰਵਾਰ ਵਾਲੇ ਦਿਨ ਸੱਚੇ ਮੁਸਲਮਾਨ, ਨਿਮਾਜ਼ (ਪ੍ਰਾਰਥਨਾ) ਦੀ ਖ਼ਾਤਰ ਇਕੱਠੇ ਹੁੰਦੇ ਹਨ।

ਗੁਰਬਾਣੀ : ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ ॥
ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥

ਹਮਚੁਨਾਂ ਦਰ ਮਜ਼ਹਬਿ ਮਾ ਸਾਧ ਸੰਗ
ਕਜ਼ ਮੁਹੱਬਤ ਬਾ-ਖ਼ੁਦਾ ਦਾਰੰਦ ਰੰਗ ॥੨੦॥

ਉਲਥਾ : ਇਸੇ ਤਰ੍ਹਾਂ ਸਾਡੇ ਧਰਮ ਵਿਚ ਸਾਧ ਸੰਗ (ਹੈ), (ਗੁਰਮੁਖ) ਉਸਦੇ ਪ੍ਰੇਮ ਤੋਂ ਪਰਮੇਸ਼ਰ ਨਾਲ ਆਨੰਦ ਮਾਣਦੇ ਹਨ।

ਗੁਰਬਾਣੀ : **ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ॥**
ਸਾਧੂ ਕੈ ਸੰਗਿ ਘਟਿ ਘਟਿ ਡੀਠਾ॥

ਗਿਰਦ ਮੇ ਆਇੰਦ ਦਰ ਮਾਹੇ ਦੋ ਬਾਰ
ਬਹਿਰਿ ਜ਼ਿਕਰਿ ਖ਼ਾਸਾਇ ਪਰਵਰਦਗਾਰ॥੨੧॥

ਉਲਥਾ : ਇਕ ਮਹੀਨੇ ਵਿਚ ਦੋ ਵਾਰ ਪਾਲਨਹਾਰ ਦੇ ਗੁਣਗਾਣ ਲਈ ਇਕੱਠੇ ਹੁੰਦੇ ਹਨ।

ਗੁਰਬਾਣੀ : **ਹਰਿ ਦਿਨੁ ਰੈਨਿ ਕੀਰਤਨੁ ਗਾਈਐ॥**
ਬਹੁੜਿ ਨ ਜੋਨੀ ਪਾਈਐ॥

ਨੋਟ : ਗੋਯਾ ਜੀ ਨੇ ਆਪਣੇ ਤਜਰਬੇ ਵਿਚ ਆਏ ਵਿਸ਼ੇਸ਼ ਸਤਿਸੰਗ ਸਮਾਗਮਾਂ (ਇਕੱਠਾਂ) ਦਾ ਜ਼ਿਕਰ ਕੀਤਾ ਹੈ। ਸਮੇਂ ਤੇ ਸਥਾਨ ਅਨੁਸਾਰ ਇਹ ਸਮਾਗਮ ਘੱਟ ਵੱਧ ਵੀ ਹੋ ਸਕਦੇ ਹਨ। ਗੁਰੂ ਆਸ਼ਾ ਸਦੀਵੀ ਸਿਮਰਨ ਦਾ ਹੈ। ਇਹ ਦੋ ਦਿਨ ਪੂਰਨਮਾਸ਼ੀ ਤੇ ਅਮਾਵਸ ਦੇ ਹੋ ਸਕਦੇ ਹਨ। ਇਹ ਇਕੱਠ ਆਪਸੀ ਮੇਲ-ਜੋਲ ਲਈ ਹਨ।

ਆਂ ਹਜੂਮੇ ਖ਼ੁਸ਼ ਕਿ ਬਹਿਰਿ ਬੰਦਗੀਸਤ
ਆਂ ਹਜੂਮੇ ਖ਼ੁਸ਼ ਕਿ ਮਹਜ਼ਿ ਜ਼ਿੰਦਗੀਸਤ॥੨੨॥

ਉਲਥਾ : ਉਹ ਇਕੱਠ ਚੰਗਾ ਹੈ, ਜੋ ਭਗਤੀ ਲਈ ਹੈ। ਉਹ ਇਕੱਠ ਚੰਗਾ ਹੈ, ਜੋ ਕੇਵਲ ਜੀਵਨ-ਉਸਾਰੀ ਲਈ ਹੈ।

ਗੁਰਬਾਣੀ : **ਸਤਸੰਗਤਿ ਕੈਸੀ ਜਾਣੀਐ॥**
ਜਿਥੈ ਏਕੋ ਨਾਮੁ ਵਖਾਣੀਐ॥

ਆਂ ਹਜੂਮੇ ਖ਼ੁਸ਼ ਕਿ ਬਹਿਰਿ ਯਾਦਿ ਊਸਤ
ਆਂ ਹਜੂਮੇ ਖ਼ੁਸ਼ ਕਿ ਹੱਕ ਬੁਨਿਆਦਿ ਊਸਤ॥੨੩॥

ਉਲਥਾ : ਉਹ ਇਕੱਠ ਚੰਗਾ ਹੈ, ਜੋ ਉਸਦੀ ਯਾਦ ਲਈ ਹੈ। ਉਹ ਇਕੱਠ ਚੰਗਾ, ਸੱਚ ਜਿਸ ਦੀ ਬੁਨਿਆਦ ਹੈ।

ਗੁਰਬਾਣੀ : **ਚੇਤਿ ਮਨਾ ਪਾਰਬ੍ਰਹਮੁ ਪਰਮੇਸਰੁ ਸਰਬ ਕਲਾ ਜਿਨਿ ਧਾਰੀ॥**
ਕਰੁਣਾ ਮੈ ਸਮਰਥੁ ਸੁਆਮੀ ਘਟ ਘਟ ਪ੍ਰਾਣ ਅਧਾਰੀ॥

ਆਂ ਹਜੂਮੇ ਬਦ ਕਿ ਸ਼ੈਤਾਨੀ ਬਵਦ
ਆਕਬਤ ਅਜ਼ ਵੈ ਪਸ਼ੇਮਾਨੀ ਬਵਦ ॥੨੪॥

ਉਲਥਾ : ਉਹ ਇਕੱਠ ਬੁਰਾ, ਜਿਥੇ ਸਾਕਤਪੁਣਾ ਵਰਤੇ। ਅੰਤ ਉਸ ਤੋਂ ਪਛੋਤਾਵਾ ਹੀ ਪੱਲੇ ਪੈਂਦਾ ਹੈ।

ਗੁਰਬਾਣੀ : ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥
ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥

ਈਂ ਜਹਾਨੋ ਆਂ ਜਹਾਂ ਅਫ਼ਸਾਨਾ ਏਸਤ
ਈਨੋ ਆਂ ਅਜ਼ ਖ਼ਿਰਮਨਸ਼ ਯੱਕ ਦਾਨਾ ਏਸਤ ॥੨੫॥

ਉਲਥਾ : ਇਹ ਜਹਾਨ ਤੇ ਉਹ ਜਹਾਨ ਇਕ ਝੂਠੀ ਕਹਾਣੀ (ਨਾਸ਼ਮਾਨ) ਹਨ, ਇਹ ਤੇ ਉਹ ਉਸਦੇ ਖਲਵਾੜੇ ਵਿੱਚੋਂ ਇਕ ਦਾਣਾ ਹਨ।

ਗੁਰਬਾਣੀ : ਸਗਲ ਪਾਸਾਰੁ ਦੀਸੈ ਪਾਸਾਰਾ ॥
ਬਿਨਸਿ ਜਾਇਗੋ ਸਗਲ ਆਕਾਰਾ ॥

ਈਂ ਜਹਾਨੋ ਆਂ ਜਹਾਂ ਫ਼ਰਮਾਨਿ ਹੱਕ
ਔਲੀਆ ਓ ਅੰਬੀਆ ਕੁਰਬਾਨਿ ਹੱਕ ॥੨੬॥

ਉਲਥਾ : ਇਹ ਜਹਾਨ ਤੇ ਉਹ ਜਹਾਨ ਰੱਬ ਦੇ ਹੁਕਮ ਵਿਚ ਹਨ, ਵਲੀ (ਰੱਬ ਦੇ ਨੇੜੇ ਹੋਏ ਮਹਾਂਪੁਰਸ਼) ਅਤੇ ਨਬੀ (ਪੈਗ਼ੰਬਰ) ਰੱਬ ਤੋਂ ਕੁਰਬਾਨ ਹਨ।

ਗੁਰਬਾਣੀ : ਤੁਧੁ ਧਿਆਇਨ੍ਹਿ ਬੇਦ ਕਤੇਬਾ ਸਣੁ ਖੜੇ ॥
ਗਣਤੀ ਗਣੀ ਨ ਜਾਇ ਤੇਰੈ ਦਰਿ ਪੜੇ ॥
ਬ੍ਰਹਮੇ ਤੁਧੁ ਧਿਆਇਨ੍ਹਿ ਇੰਦ੍ਰ ਇੰਦ੍ਰਾਸਣਾ ॥
ਸੰਕਰ ਬਿਸਨ ਅਵਤਾਰ ਹਰਿ ਜਸੁ ਮੁਖਿ ਭਣਾ ॥
ਪੀਰ ਪਿਕਾਬਰ ਸੇਖ ਮਸਾਇਕ ਅਉਲੀਏ ॥
ਓਤਿ ਪੋਤਿ ਨਿਰੰਕਾਰ ਘਟਿ ਘਟਿ ਮਉਲੀਏ ॥
ਕੂੜਹੁ ਕਰੇ ਵਿਣਾਸੁ ਧਰਮੇ ਤਗੀਐ ॥
ਜਿਤੁ ਜਿਤੁ ਲਾਇਹਿ ਆਪਿ ਤਿਤੁ ਤਿਤੁ ਲਗੀਐ ॥੨॥

ਹਰ ਕਿ ਦਰ ਯਾਦਿ ਖ਼ੁਦਾ ਕਾਇਮ ਬਵਦ
ਤਾ ਖ਼ੁਦਾ ਕਾਇਮ ਬਵਦ ਦਾਇਮ ਬਵਦ ॥੨੭॥

ਉਲਥਾ : ਜੋ ਪ੍ਰਾਣੀ ਪ੍ਰਭੂ ਸਿਮਰਨ ਵਿਚ ਪ੍ਰਪੱਕ ਹੋ ਜਾਂਦਾ ਹੈ, ਜਦ ਪ੍ਰਭੂ ਪੱਕਾ (ਕਾਇਮ) ਹੈ, (ਉਹ ਵੀ) ਸਦੀਵੀ ਹੋ ਜਾਂਦਾ ਹੈ।

ਗੁਰਬਾਣੀ : ਲਖ ਚਉਰਾਸੀਹ ਮੇਦਨੀ ਸਭ ਆਵੈ ਜਾਸੀ ॥
ਨਿਹਚਲੁ ਸਚੁ ਖੁਦਾਇ ਏਕੁ ਖੁਦਾਇ ਬੰਦਾ ਅਬਿਨਾਸੀ ॥

ਈਂ ਦੋ ਆਲਮ ਜ਼ੱਰਾਇ ਅਜ਼ ਨੂਰਿ ਊਸਤ
ਮਿਹਰੋ ਮਾਹ ਮਸ਼ਅਲ-ਕਸ਼ਿ ਮਜ਼ਦੂਰਿ ਊਸਤ ॥੨੮॥

ਉਲਥਾ : ਇਹ ਦੋਵੇਂ ਦੁਨੀਆ ਉਸ ਦੇ ਨੂਰ ਦੇ ਕਿਣਕੇ ਹਨ, ਸੂਰਜ ਅਤੇ ਚੰਨ ਉਸ ਦੇ ਚਾਨਣ ਚੁੱਕਣ ਵਾਲੇ ਮਜ਼ਦੂਰ ਹਨ।

ਗੁਰਬਾਣੀ : ਆਪੇ ਕੁਦਰਤਿ ਸਾਜੀਅਨੁ ਕਰਿ ਮਹਲ ਸਰਾਈ॥
ਚੰਦੁ ਸੂਰਜੁ ਦੁਇ ਚਾਨਣੇ ਪੂਰੀ ਬਣਤ ਬਣਾਈ॥

ਹਾਸਲਿ ਦੁਨਿਆ ਹਮੀਂ ਦਰਦਿ-ਸਰ ਅਸਤ
ਹਰ ਕਿਹ ਗ਼ਾਫ਼ਿਲ ਸ਼ੁਦ ਜ਼ਿ ਹੱਕ ਗਾਓ ਖ਼ਰ ਅਸਤ ॥੨੯॥

ਉਲਥਾ : ਦੁਨੀਆ (ਧਨ) ਦੀ ਪ੍ਰਾਪਤੀ ਨਿਰੀ ਸਿਰ ਦੀ ਦਰਦ ਹੈ, ਜੋ ਕੋਈ ਸੱਚ (ਨਾਮ) ਤੋਂ ਅਵੇਸਲਾ ਹੁੰਦਾ ਹੈ, ਉਹ ਢੱਗਾ ਹੈ, ਗੱਧਾ ਹੈ।

ਗੁਰਬਾਣੀ : ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥

ਅਥਵਾ : ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ॥

ਗ਼ਫਲਤ ਅਜ਼ ਵੈ ਯੱਕ ਜ਼ਮਾਂ ਸਦ ਮਰਗ ਦਾਂ
ਜ਼ਿੰਦਗੀ ਯਾਦ ਅਸਤ ਨਿਜ਼ਦਿ ਆਕਿਲਾਂ ॥੩੦॥

ਉਲਥਾ : ਉਸ ਵੱਲੋਂ ਇਕ ਘੜੀ ਦਾ ਆਲਸ ਸੌ ਮੌਤਾਂ ਜਾਣੋ, ਜੀਵਨ ਤਾਂ ਦਾਨਿਆਂ ਲਈ ਸਿਮਰਨ ਹੀ ਹੈ।

ਗੁਰਬਾਣੀ : ਮਰਣੰ ਬਿਸਰਣੰ ਗੋਬਿੰਦਹ॥
ਜੀਵਣੰ ਹਰਿ ਨਾਮ ਧ੍ਯਾਵਣਹ ॥

ਹਰ ਦਮੇ ਕੂ ਬਿਗੁਜ਼ਰਦ ਦਰ ਯਾਦਿ ਊ
ਬਾ ਖ਼ੁਦਾ ਕਾਇਮ ਬਵਦ ਬੁਨਯਾਦਿ ਊ ॥੩੧॥

ਉਲਥਾ : ਹਰ ਉਹ ਸੁਆਸ ਜੋ ਉਸਦੇ ਸਿਮਰਨ ਵਿਚ ਗੁਜ਼ਰਦਾ ਹੈ, ਉਸ ਨਾਲ ਪ੍ਰਭੂ ਸੰਗ ਉਸਦੀ ਨੀਂਹ ਮਜ਼ਬੂਤ ਹੁੰਦੀ ਹੈ।

ਗੁਰਬਾਣੀ : ਏਕ ਨਿਮਖ ਜੋ ਸਿਮਰਨ ਮਹਿ ਜੀਆ ॥
ਕੋਟਿ ਦਿਨਸ ਲਾਖ ਸਦਾ ਥਿਰੁ ਥੀਆ ॥

ਹਰ ਸਰੇ ਕੂ ਸਿਜਦਾਇ ਸੁਬਹਾਨ ਕਰਦ
ਹੱਕ ਮਰ ਊ ਰਾ ਸਾਹਿਬਿ ਈਮਾਨ ਕਰਦ ॥੩੨॥

ਉਲਥਾ : ਜੋ ਸਿਰ ਵਿਸਮਾਦੀ ਸਾਈਂ (ਸੁਬਹਾਨ) ਸਾਹਵੇਂ ਨਿੰਵ ਗਿਆ (ਸਿਜਦੇ 'ਚ ਪੈ ਗਿਆ), ਸੱਚੇ ਸਾਈਂ ਨੇ ਉਸਨੂੰ ਵਿਸ਼ੇਸ਼ ਤੌਰ 'ਤੇ ਈਮਾਨ ਵਾਲਾ ਬਣਾ ਦਿੱਤਾ।

ਗੁਰਬਾਣੀ : ਸੋ ਸੀਸੁ ਭਲਾ ਪਵਿਤ੍ਰ ਪਾਵਨੁ ਹੈ ਮੇਰੀ ਜਿੰਦੁੜੀਏ,
ਜੋ ਜਾਇ ਲਗੈ ਗੁਰ ਪੈਰੇ ਰਾਮ ॥

ਸਰ ਬਰਾਇ ਸਿਜਦਾ ਪੈਦਾ ਕਰਦਾ ਅੰਦ
ਦਰਦਿ ਹਰ ਸਰ ਰਾ ਮਦਾਵਾ ਕਰਦਾ ਅੰਦ ॥੩੩॥

ਉਲਥਾ : ਸਿਰ ਸਿਜਦੇ ਵਾਸਤੇ (ਹੀ) ਪੈਦਾ ਕੀਤਾ ਗਿਆ ਹੈ; ਹਰ ਸਿਰ ਦੀ ਪੀੜ ਲਈ (ਇਹੋ) ਇਲਾਜ ਪੈਦਾ ਕੀਤਾ ਗਿਆ ਹੈ।

ਗੁਰਬਾਣੀ : ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥

ਅਥਵਾ : ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥੨੦॥

ਅਥਵਾ : ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥

ਪਸ ਤੁਰਾ ਬਾਇਦ ਕੁਨੀ ਹਰਦਮ ਸਜੂਦ
ਆਰਿਫ਼ ਅਜ਼ ਵੈ ਯਕ ਜ਼ਮਾਂ ਗ਼ਾਫ਼ਿਲ ਨ ਬੂਦ ॥੩੪॥

ਉਲਥਾ : ਤਾਂ ਤੇ ਤੈਨੂੰ ਚਾਹੀਦਾ ਹੈ ਕਿ ਨਿਮਖ ਨਿਮਖ ਨਮਸਕਾਰ ਕਰ; ਗਿਆਨਵਾਨ ਉਸ ਵੱਲੋਂ ਇਕ ਘੜੀ (ਵੀ) ਅਵੇਸਲਾ ਨਹੀਂ ਹੁੰਦਾ।

ਗੁਰਬਾਣੀ : ਮੇਰਾ ਸਤਿਗੁਰੁ ਪਿਆਰਾ ਕਿਤੁ ਬਿਧਿ ਮਿਲੈ ॥
ਹਉ ਖਿਨੁ ਖਿਨੁ ਕਰੀ ਨਮਸਕਾਰੁ ਮੇਰਾ ਗੁਰੁ ਪੂਰਾ ਕਿਉ ਮਿਲੈ ॥

ਹਰ ਕਿ .ਗਾਫ਼ਿਲ ਸ਼ੁਦ ਚਿਰਾ ਆਕਿਲ ਬਵਦ
ਹਰ ਕਿ .ਗਾਫ਼ਿਲ ਗਸ਼ਤ ਊ ਜਾਹਿਲ ਬਵਦ ॥੩੫॥

ਉਲਥਾ : ਜੋ ਕਿ ਅਵੇਸਲਾ ਹੋ ਗਿਆ, ਉਹ ਕਿਵੇਂ ਸਿਆਣਾ ਹੋ ਸਕਦਾ ਹੈ? ਜੋ ਵੀ ਅਵੇਸਲਾ ਹੋਇਆ, ਉਹ ਉਜੱਡ (ਮੂਰਖ) ਹੁੰਦਾ ਹੈ।

ਗੁਰਬਾਣੀ : ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥

ਅਥਵਾ : ਮੂਰਖ ਸਚੁ ਨ ਜਾਣਨੀ ਮਨਮੁਖੀ ਜਨਮੁ ਗਵਾਇਆ ॥
ਵਿਚਿ ਦੁਨੀਆ ਕਾਹੇ ਆਇਆ ॥

ਮਰਦਿ ਆਰਿ.ਫ .ਫਾਰਿ.ਗ ਅਜ਼ ਚੂਨੋ ਚਿਰਾਂ-ਸਤ
ਹਾਸਿਲਿ ਉਮਰਸ਼ ਹਮੀਂ ਯਾਦਿ ਖ਼ੁਦਾਸਤ ॥੩੬॥

ਉਲਥਾ : ਗਿਆਨਵਾਨ ਪੁਰਸ਼ ਤਕਰਾਰ ਤੋਂ ਪਰਹੇਜ਼ ਕਰਦਾ ਹੈ। ਉਸਦੇ ਜੀਵਨ ਦੀ ਪ੍ਰਾਪਤੀ ਇਹੀ ਰੱਬ ਦੀ ਯਾਦ ਹੈ।

ਗੁਰਬਾਣੀ : ਜੀਵਨਾ ਹਰਿ ਜੀਵਨਾ ॥
ਜੀਵਨੁ ਹਰਿ ਜਪਿ ਸਾਧਸੰਗਿ ॥

ਅਥਵਾ : ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥

ਸਾਹਿਬਿ ਈਮਾਂ ਹਮਾਂ ਬਾਸ਼ਦ ਹਮਾਂ
ਕੂ ਨ ਬਾਸ਼ਦ .ਗਾਫ਼ਿਲ ਅਜ਼ ਵੈ ਯੱਕ ਜ਼ਮਾਂ ॥੩੭॥

ਉਲਥਾ : ਧਰਮ ਈਮਾਨ ਵਾਲਾ ਉਹੀ ਹੈ ਉਹੀ, ਜੋ ਇਕ ਖਿਨ (ਵੀ) ਉਸ ਵੱਲੋਂ ਅਵੇਸਲਾ ਨਾ ਹੋਵੇ।

ਗੁਰਬਾਣੀ : ਇਕੁ ਪਲੁ ਖਿਨੁ ਵਿਸਰਹਿ ਤੂ ਸੁਆਮੀ ਜਾਣਉ ਬਰਸ ਪਚਾਸਾ ॥

ਅਥਵਾ : ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ॥

ਕੁ.ਫਰ ਬਾਸਦ ਅਜ਼ ਖ਼ੁਦਾ .ਗਾਫ਼ਿਲ ਸ਼ੁਦਨ
ਬਰ ਲਿਬਾਸਿ ਦੁਨਯਵੀ ਮਾਇਲ ਸ਼ੁਦਨ ॥੩੮॥

ਉਲਥਾ : ਰੱਬ ਵੱਲੋਂ ਬੇਮੁੱਖ ਹੋਣਾ, ਮਾਯਾਵੀ ਵੇਸ 'ਤੇ ਲੁਭਾਇਮਾਨ ਹੋਣਾ ਕੁ.ਫਰ (ਨਾਸਤਿਕਤਾ) ਹੈ।

ਗੁਰਬਾਣੀ : ਦੀਨੁ ਛਡਾਇ ਦੁਨੀ ਜੋ ਲਾਏ ॥
ਦੁਹੀ ਸਰਾਈ ਖੁਨਾਮੀ ਕਹਾਏ ॥

ਚੀਸਤ ਦੁਨੀਆ ਵ ਲਿਬਾਸਿ ਦੁਨਯਵੀ
ਅਜ਼ ਖ਼ੁਦਾ ਗ਼ਾਫ਼ਿਲ ਸ਼ੁਦਨ ਐ ਮੌਲਵੀ ॥੩੯॥

ਉਲਥਾ : ਹੇ ਮੌਲਾ ਵਾਲੇ! ਦੁਨੀਆ ਅਤੇ ਦੁਨਿਆਵੀ ਵੇਸ ਕੀ ਹੈ ? ਰੱਬ ਤੋਂ ਬੇਮੁੱਖ (ਅਵੇਸਲੇ) ਹੋਣਾ।

ਗੁਰਬਾਣੀ : **ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥**

ਈਂ ਲਿਬਾਸਿ ਦੁਨਯਵੀ ਫ਼ਾਨੀ ਬਵਦ
ਬਰ ਖ਼ੁਦਵੰਦੀਸ਼ ਅਰਜ਼ਾਨੀ ਬਵਦ ॥੪੦॥

ਉਲਥਾ : ਇਹ ਮਾਯਾਵੀ ਵੇਸ (ਰੰਗ ਰਸ) ਨਾਸ਼ਵਾਨ ਹੈ। ਇਸ (ਮਾਇਆ) ਦੀ ਪਕੜ ਵਿਚ ਹੌਲਾਪਨ ਹੈ।

ਗੁਰਬਾਣੀ : **ਜੇਤੇ ਮਾਇਆ ਰੰਗ ਤੇਤ ਪਛਾਵਿਆ॥**

ਦੀਨੋ ਦੁਨੀਆ ਬੰਦਾਇ ਫ਼ਰਮਾਨਿ ਊ
ਈਂ ਵ ਆਂ ਸ਼ਰਮਿੰਦਾਇ ਇਹਸਾਨਿ ਊ ॥੪੧॥

ਉਲਥਾ : ਦੀਨ ਅਤੇ ਦੁਨੀਆ ਉਸਦੇ ਹੁਕਮ ਮੰਨਣ ਵਾਲੇ ਸੇਵਕ ਹਨ, ਇਹ ਤੇ ਉਹ ਉਸ ਦੇ ਅਹਿਸਾਨ ਤੋਂ ਸ਼ਰਮਿੰਦੇ ਹਨ।

ਗੁਰਬਾਣੀ : **ਦੀਨ ਦੁਨੀਆ ਤੇਰੀ ਟੇਕ॥**
ਸਭ ਮਹਿ ਰਵਿਆ ਸਾਹਿਬੁ ਏਕ॥

ਅਥਵਾ : **ਸਚਾ ਧਰਮੁ ਪੁੰਨੁ ਭਲਾ ਕਰਾਏ॥**
ਦੀਨ ਕੈ ਤੋਸੈ ਦੁਨੀ ਨ ਜਾਏ॥

ਨੋਟ : ਗੋਯਾ ਜੀ ਦੇ ਉਪਰਲੇ ਸ਼ਿਅਰ ਦੀ ਦੂਜੀ ਸਤਰ ਵਿਚ ਵਰਤੇ 'ਈਂ' ਤੋਂ ਭਾਵ ਉਹ ਜੀਵ ਹਨ, ਜਿਨ੍ਹਾਂ ਨੂੰ 'ਦੀਨ' ਅਰਥਾਤ ਸੱਚਾ ਧਰਮ ਧੁਰ ਦਰਗਾਹੋਂ ਰੱਬੀ ਬਖ਼ਸ਼ਿਸ਼ ਦੁਆਰਾ ਪ੍ਰਾਪਤ ਹੋਇਆ ਹੈ। ਜਿਸ ਦੀ ਪ੍ਰਾਪਤੀ ਨਾਲ 'ਆਂ' ਅਥਵਾ ਦੁਨੀ ਜਾਂ ਦੁਨੀਆ ਅਰਥਾਤ ਮਾਇਆ ਦਾਸੀ ਹੋ ਕੇ ਰੱਬ-ਪ੍ਰਾਇਣ ਹੋਏ ਜੀਵਾਂ ਦੀ ਕਾਰ ਕਮਾਉਂਦੀ ਹੈ। ਐਸੇ ਦੀਨ ਤੇ ਦੁਨੀਆ ਵਾਲੇ ਬੰਦੇ ਇਤਨੀ ਉਚ-ਪ੍ਰਾਪਤੀ ਦੇ ਪਾਤਰ ਆਪਣੇ ਆਪ ਨੂੰ ਨਾ ਮੰਨਦੇ ਹੋਏ ਈਸ਼ਵਰੀ ਇਹਸਾਨ ਲਈ ਉਸ ਸਾਹਵੇਂ ਲਜਾਵਾਨ ਰਹਿੰਦੇ ਹਨ।

ਹੁਣ ਪੜ੍ਹੋ ਗੋਯਾ ਜੀ ਦੇ *ਜ਼ਿੰਦਗੀਨਾਮੇ* ਦਾ ਅਗਲਾ ਸ਼ਿਅਰ ਨੰਬਰ ੪੨.

ਚੀਸਤ ਇਹਸਾਨ ? ਸੁਹਬਤਿ ਮਰਦਾਨਿ ਹੱਕ
ਆਂ ਕਿ ਮੇਖ਼ਾਨੰਦ ਅਜ਼ ਇਸ਼ਕਸ਼ ਸਬਕ ॥੪੨॥

ਉਲਥਾ : ਅਹਿਸਾਨ ਕੀ ਹੈ ? ਰੱਬ ਦੇ ਭਗਤਾਂ ਦੀ ਸੰਗਤਿ; ਜੋ ਉਸਦੇ ਪ੍ਰੇਮ ਦਾ ਪਾਠ ਹੀ ਪੜ੍ਹਦੇ ਰਹਿੰਦੇ ਹਨ।

ਗੁਰਬਾਣੀ : ਜੋ ਹਰਿ ਸੇਵਹਿ ਸੰਤ ਭਗਤ ਤਿਨ ਕੇ ਸਭਿ ਪਾਪ ਨਿਵਾਰੀ ॥
ਹਮ ਊਪਰਿ ਕਿਰਪਾ ਕਰਿ ਸੁਆਮੀ ਰਖੁ ਸੰਗਤਿ ਤੁਮ ਜੁ ਪਿਆਰੀ ॥

ਯਾਦਿ ਊ ਸਰਮਾਯਾਇ ਈਮਾਂ ਬਵਦ
ਹਰ ਗਦਾ ਅਜ਼ ਯਾਦਿ ਊ ਸੁਲਤਾਂ ਬਵਦ ॥੪੩॥

ਉਲਥਾ : ਉਸਦਾ ਸਿਮਰਨ ਧਰਮ ਦੀ ਪੂੰਜੀ ਹੈ; ਹਰ ਮੰਗਤਾ ਉਸਦੀ ਸਿਮਰਤੀ ਰਾਹੀਂ ਪਾਤਸ਼ਾਹ ਹੋ ਨਿਬੜਦਾ ਹੈ।

ਗੁਰਬਾਣੀ : ਜਿਸ ਨੋ ਬਖਸੇ ਸਿਫਤਿ ਸਾਲਾਹ ॥
ਨਾਨਕ ਪਾਤਿਸਾਹੀ ਪਾਤਿਸਾਹੁ ॥

ਰੋਜ਼ੋ ਸ਼ਬ ਦਰ ਬੰਦਗੀ ਬਾਸ਼ੰਦ ਸ਼ਾਦ
ਬੰਦਗੀ ਓ ਬੰਦਗੀ ਓ ਯਾਦੋ ਯਾਦ ॥੪੪॥

ਉਲਥਾ : (ਰੱਬ ਦੇ ਭਗਤ) ਦਿਨ ਰਾਤ ਭਗਤੀ ਵਿਚ ਖ਼ੁਸ਼ ਰਹਿੰਦੇ ਹਨ। ਭਗਤੀ ਅਤੇ ਭਜਨ ਅਥਵਾ ਸਿਮਰਨ ਹੀ ਸਿਮਰਨ ਵਿਚ ਮਗਨ ਰਹਿੰਦੇ ਹਨ)।

ਗੁਰਬਾਣੀ : ਨਾਨਕ ਭਗਤਾ ਸਦਾ ਵਿਗਾਸੁ ॥

ਅਥਵਾ : ਭਗਤਿ ਭਗਤਨ ਹੂੰ ਬਨਿ ਆਈ ॥
ਤਨ ਮਨ ਗਲਤ ਭਏ ਠਾਕੁਰ ਸਿਉ ਆਪਨ ਲੀਏ ਮਿਲਾਈ ॥

ਚੀਸਤ ਸੁਲਤਾਨੀ ਵਾ ਦਰਵੇਸ਼ੀ ਬਿਦਾਂ
ਯਾਦਿ ਆਂ ਜਾਂ ਆਫ਼ਰੀਨਿ ਇਨਸੋ ਜਾਂ ॥੪੫॥

ਉਲਥਾ : ਪਾਤਸ਼ਾਹੀ ਅਤੇ ਦਰਵੇਸ਼ੀ ਕੀ ਹੈ, ਜਾਣ ਲੈ। ਮਨੁੱਖ ਮਾਤ੍ਰ ਅਤੇ ਰੂਹਾਂ (ਦੇਵਤਿਆਂ) ਦੇ ਪੈਦਾ ਕਰਨ ਵਾਲੇ ਦਾ ਸਿਰਮਨ (ਹੈ)।

ਗੁਰਬਾਣੀ : ਦਰਵੇਸੀ ਕੋ ਜਾਣਸੀ ਵਿਰਲਾ ਕੋ ਦਰਵੇਸੁ ॥

ਅਥਵਾ : ਹਰਿ ਸਿਮਰਨਿ ਭਏ ਸਿਧ ਜਤੀ ਦਾਤੇ ॥
ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ ॥

ਯਾਦਿ ਊ ਗਰ ਮੂਨਸਿ ਜਾਨਤ ਬਵਦ
ਹਰ ਦੋ ਆਲਮ ਜ਼ੇਰਿ ਫ਼ਰਮਾਨਤ ਬਵਦ॥੪੬॥

ਉਲਥਾ : ਉਸਦਾ ਸਿਮਰਨ ਜੇ ਤੇਰੀ ਜਾਨ ਦਾ ਜਾਨੀ (ਪਿਆਰਾ) ਬਣ ਜਾਏ, (ਤਾਂ) ਦੋਵੇਂ ਜਹਾਨ ਤੇਰੀ ਆਗਿਆ ਦੇ ਅਧੀਨ ਹੋ ਜਾਣ।

ਗੁਰਬਾਣੀ : ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ॥
ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥੯੫॥

ਬਸ ਬਜ਼ੁਰਗੀ ਹਸਤ ਅੰਦਰ ਯਾਦਿ ਊ
ਯਾਦਿ ਊ ਕੁਨ ਯਾਦਿ ਊ ਕੁਨ ਯਾਦਿ ਊ॥੪੭॥

ਉਲਥਾ : ਉਸ ਦੇ ਸਿਮਰਨ ਵਿਚ ਬਹੁਤ ਵਡਿਆਈ ਹੈ, ਉਸ ਦਾ ਸਿਮਰਨ ਕਰ, ਕਰੀ ਜਾ, ਕਰੀ ਹੀ ਜਾ।

ਗੁਰਬਾਣੀ : ਸਭ ਵਡਿਆਈਆ ਹਰਿ ਨਾਮ ਵਿਚਿ ਹਰਿ ਗੁਰਮੁਖਿ ਧਿਆਈਐ॥
ਜਿ ਵਸਤੁ ਮੰਗੀਐ ਸਾਈ ਪਾਈਐ ਜੇ ਨਾਮਿ ਚਿਤੁ ਲਾਈਐ॥

ਗਰ ਬਜ਼ੁਰਗੀ ਬਾਇਦਤ ਕੁਨ ਬੰਦਗੀ
ਵਰਨਾ ਆਖ਼ਿਰ ਮੇ-ਕਸ਼ੀ ਸ਼ਰਮਿੰਦਗੀ॥੪੮॥

ਉਲਥਾ : ਜੇ ਤੈਨੂੰ ਵਡਿਆਈ ਚਾਹੀਦੀ ਹੈ ਤਾਂ ਇਬਾਦਤ ਕਰ, ਨਹੀਂ ਤਾਂ ਅਖ਼ੀਰ ਤੈਨੂੰ ਸ਼ਰਮਿੰਦਗੀ ਉਠਾਉਣੀ ਪਏਗੀ।

ਗੁਰਬਾਣੀ : ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ॥
ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ॥

ਅਥਵਾ : ਰਾਮੁ ਸਿਮਰੁ ਪਛੁਤਾਹਿਗਾ ਮਨ॥
ਪਾਪੀ ਜੀਅਰਾ ਲੋਭੁ ਕਰਤੁ ਹੈ ਆਜੁ ਕਾਲਿ ਉਠਿ ਜਾਹਿਗਾ॥੧॥ਰਹਾਉ॥
ਲਾਲਚ ਲਾਗੇ ਜਨਮੁ ਗਵਾਇਆ ਮਾਇਆ ਭਰਮ ਭੁਲਾਹਿਗਾ॥
ਧਨ ਜੋਬਨ ਕਾ ਗਰਬੁ ਨ ਕੀਜੈ ਕਾਗਦ ਜਿਉ ਗਲਿ ਜਾਹਿਗਾ॥੧॥
ਜਉ ਜਮੁ ਆਇ ਕੇਸ ਗਹਿ ਪਟਕੈ ਤਾ ਦਿਨ ਕਿਛੁ ਨ ਬਸਾਹਿਗਾ॥
ਸਿਮਰਨੁ ਭਜਨੁ ਦਇਆ ਨਹੀ ਕੀਨੀ ਤਉ ਮੁਖਿ ਚੋਟਾ ਖਾਹਿਗਾ॥੨॥
ਧਰਮ ਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੈ ਜਾਹਿਗਾ॥

ਸ਼ਰਮ ਕੁਨ ਹਾਂ ਸ਼ਰਮ ਕੁਨ ਹਾਂ ਸ਼ਰਮ ਕੁਨ
ਈਂ ਦਿਲਿ ਚੂੰ ਸੰਗਿ ਖ਼ੁਦ ਰਾ ਨਰਮ ਕੁਨ ॥੪੯॥

ਉਲਥਾ : ਸ਼ਰਮ ਕਰ, ਖ਼ਬਰਦਾਰ ਹੋ ਸ਼ਰਮ ਕਰ, ਹੁਸ਼ਿਆਰ ਹੋ ਸ਼ਰਮ ਕਰ। ਇਸ ਆਪਣੇ ਪੱਥਰ ਵਰਗੇ ਦਿਲ ਨੂੰ ਨਰਮ ਕਰ।

ਗੁਰਬਾਣੀ : ਹਰਿ ਕੀਰਤਨ ਰਸ ਭੋਗ ਰੰਗੁ ॥
ਮਨ ਪਾਪ ਕਰਤ ਤੂ ਸਦਾ ਸੰਗੁ ॥
ਨਿਕਟਿ ਪੇਖੁ ਪ੍ਰਭੁ ਕਰਣਹਾਰ ॥
ਈਤ ਊਤ ਪ੍ਰਭ ਕਾਰਜ ਸਾਰ ॥

ਮਾਅਨੀਏ ਨਰਮੀ ਗ਼ਰੀਬੀ ਆਮਦਾ
ਦਰਦਿ ਹਰ ਕਸ ਰਾ ਤਬੀਬੀ ਆਮਦਾ ॥੫੦॥

ਉਲਥਾ : ਨਰਮੀ ਦਾ ਭਾਵ ਮਿੱਠੀ ਨਿਮਰਤਾ ਹੈ; (ਇਹੋ ਹੀ) ਹਰ ਕਿਸੇ ਦੀ ਬਿਮਾਰੀ ਦੀ ਸੋਹਣੀ ਔਸ਼ਧੀ, ਉਪਾਈ ਗਈ ਹੈ।

ਗੁਰਬਾਣੀ : ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥

ਅਥਵਾ : ਗਰੀਬੀ ਗਦਾ ਹਮਾਰੀ ॥
ਖੰਨਾ ਸਗਲ ਰੇਨੁ ਛਾਰੀ ॥
ਇਸੁ ਆਗੈ ਕੋ ਨ ਟਿਕੈ ਵੇਕਾਰੀ ॥

ਹੱਕ ਪ੍ਰਸਤਾਂ ਖ਼ੁਦ-ਪ੍ਰਸਤੀ ਚੂੰ ਕੁਨੰਦ
ਸਰ-ਬੁਲੰਦਾਂ ਮੈਲਿ ਪਸਤੀ ਚੂੰ ਕੁਨੰਦ ॥੫੧॥

ਉਲਥਾ : ਰੱਬ ਦੇ ਪੁਜਾਰੀ ਹਉਮੈ-ਅਹੰਕਾਰ ਨਹੀਂ ਕਰਦੇ, ਉੱਚ ਮਰਤਬੇ ਵਾਲੇ ਨਿਵਾਣ ਦਾ ਧਿਆਨ ਨਹੀਂ ਧਰਦੇ। ਚੂੰ = ਕਿਵੇਂ

ਗੁਰਬਾਣੀ : ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥

ਖ਼ੁਦ-ਪ੍ਰਸਤੀ ਕਤਰਾਇ ਨਾਪਾਕਿ ਤੂ
ਆਂ ਕਿ ਜਾ ਕਰਦਾ ਬ-ਮੁਸ਼ਤਿ ਖ਼ਾਕਿ ਤੂੰ ॥੫੨॥

ਉਲਥਾ : ਹਉਮੈ ਤੇਰੀ ਪਲੀਤ ਪਰਵਿਰਤੀ ਹੈ, ਜਿਸ ਨੇ ਕਿ ਤੇਰੀ ਮਿੱਟੀ ਦੀ ਮੁੱਠ (ਦੇਹੀ) ਵਿਚ ਵਾਸਾ ਬਣਾ ਰਖਿਆ ਹੈ।

ਗੁਰਬਾਣੀ : ਐਸਾ ਗਰਬੁ ਬੁਰਾ ਸੰਸਾਰੈ ॥
ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੈ ॥
ਅਥਵਾ : ਹਉਮੈ ਰੋਗੁ ਵਡਾ ਸੰਸਾਰਿ ॥
ਗੁਰ ਕਿਰਪਾ ਤੇ ਏਹੁ ਰੋਗੁ ਜਾਇ ॥
ਨਾਨਕ ਸਾਚੇ ਸਾਚਿ ਸਮਾਇ ॥

ਖ਼ੁਦ-ਪ੍ਰਸਤੀ ਖ਼ਾਸਾਇ ਨਾਦਾਂ ਬਵਦ
ਹੱਕ ਪ੍ਰਸਤੀ ਮਾਇਆਇ ਈਮਾਂ ਬਵਦ ॥੫੩॥

ਉਲਥਾ : ਹਉਮੈ ਵਿਚ ਵਿਚਰਨਾ ਮੂਰਖਾਂ ਦੀ ਪਵਿਰਤੀ ਹੈ, ਰੱਬ ਦੀ ਪੂਜਾ ਧਰਮ ਦੀ ਰਾਸ-ਪੂੰਜੀ ਹੈ।

ਗੁਰਬਾਣੀ : ਮੂਰਖ ਕੇ ਕਿਆ ਲਖਣ ਹੈ ਕਿਆ ਮੂਰਖ ਕਾ ਕਰਣਾ ॥
ਮੂਰਖੁ ਓਹੁ ਜਿ ਮੁਗਧੁ ਹੈ ਅਹੰਕਾਰੇ ਮਰਣਾ ॥

ਜਿਸਮਿ ਤੂ ਅਜ਼ ਬਾਦੋ ਖ਼ਾਕੋ ਆਤਿਸ਼ ਅਸਤ
ਕਤਰਾਇ ਆਬੀ ਨੂਰਿ ਜ਼ਾਤਿਸ਼ ਅਸਤ ॥੫੪॥

ਉਲਥਾ : ਤੇਰਾ ਸਰੀਰ ਹਵਾ ਅਤੇ ਮਿੱਟੀ ਅਤੇ ਅਗਨੀ ਤੋਂ ਹੈ, ਤੂੰ ਪਾਣੀ ਦੀ ਇਕ ਬੂੰਦ (ਤੋਂ) ਹੈਂ, ਜੋਤਿ ਉਸ ਸੁਆਮੀ ਦੀ ਹੈ।

ਗੁਰਬਾਣੀ : ਅਗਨਿ ਬਿੰਬ ਪਵਣੈ ਕੀ ਬਾਣੀ ਤੀਨਿ ਨਾਮ ਕੇ ਦਾਸਾ ॥
ਤੇ ਤਸਕਰ ਜੋ ਨਾਮੁ ਨ ਲੇਵਹਿ ਵਾਸਹਿ ਕੋਟ ਪੰਚਾਸਾ ॥
ਅਥਵਾ : ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ ॥

ਖ਼ਾਨਾਅਤ ਅਜ਼ ਨੂਰਿ ਹੱਕ ਰੌਸ਼ਨ ਸ਼ੁਦਾ
ਯਕ ਗੁਲੇ ਬੂਦੀ ਕਨੂੰ ਗੁਲਸ਼ਨ ਸ਼ੁਦਾ ॥੫੫॥

ਉਲਥਾ : ਤੇਰਾ ਘਰ (ਸਰੀਰ) ਹਰੀ ਦੀ ਜੋਤਿ ਨਾਲ ਰੌਸ਼ਨ ਹੋਇਆ ਹੈ, ਤੂੰ ਇਕ ਫੁੱਲ ਸੀ, ਹੁਣ ਇਕ ਫੁਲਵਾੜੀ ਬਣ ਗਿਆ ਹੈਂ।

ਗੁਰਬਾਣੀ : ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥
ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥
ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ ॥
ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ ਤਾ ਤੂ ਜਗ ਮਹਿ ਆਇਆ ॥

ਪਸ ਦਰੂਨਿ ਗੁਲਸ਼ਨਿ ਖ਼ੁਦ ਸੈਰ ਕੁਨ
ਹਮਚੂ ਮੁਰਗ਼ਿ ਕੁੱਦਸ ਦਰ ਵੈ ਤੈਰ ਕੁਨ ॥੫੬॥

ਉਲਥਾ : ਸੋ ਆਪਣੇ ਬਾਗ਼ ਅੰਦਰ ਸੈਰ ਕਰ, ਪੁਨੀਤ ਪੰਛੀ ਵਾਂਗ ਉਸ ਵਿਚ ਉਡਾਰੀ ਮਾਰ।

ਗੁਰਬਾਣੀ : ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ ॥
ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ ॥

ਸਦ ਹਜ਼ਾਰਾਂ ਖ਼ੁਲਦ ਅੰਦਰ ਗੋਸ਼ਾ ਅਸ਼
ਹਰ ਦੋ ਆਲਮ ਦਾਨਾਇ ਅਜ਼ ਖ਼ੋਸ਼ਾ ਅਸ਼ ॥੫੭॥

ਉਲਥਾ : ਉਸ ਦੇ ਕੋਨੇ ਵਿਚ ਲੱਖਾਂ ਬੈਕੁੰਠ (ਬਹਿਸ਼ਤ) ਹਨ। ਦੋਵੇਂ ਲੋਕ ਉਸ ਦੇ ਗੁੱਛੇ ਦੇ ਦਾਣੇ ਹਨ।

ਗੁਰਬਾਣੀ : ਸਰਬ ਬੈਕੁੰਠ ਮੁਕਤਿ ਮੋਖ ਪਾਏ ॥
ਏਕ ਨਿਮਖ ਹਰਿ ਕੇ ਗੁਨ ਗਾਏ ॥

ਕੂਤਿ ਆਂ ਮੁਰਗ਼ਿ ਮੁਕੱਦਸ ਯਾਦਿ ਊ
ਯਾਦਿ ਊ ਹਾਂ ਯਾਦਿ ਊ ਹਾਂ ਯਾਦਿ ਊ ॥੫੮॥

ਉਲਥਾ : ਉਸ ਪਾਵਨ ਪੰਛੀ ਦੀ ਚੋਗ ਉਸ (ਰੱਬ) ਦਾ ਸਿਮਰਨ (ਹੈ), ਉਸ ਦਾ ਸਿਮਰਨ, ਹੂੰ ਉਸ ਦਾ ਸਿਮਰਨ, ਹਾਂ ਉਸ ਦਾ ਸਿਮਰਨ।

ਗੁਰਬਾਣੀ : ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ ॥
ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ ॥

ਹਰ ਕਸੇ ਕੂ ਮਾਇਲਿ ਯਾਦਿ ਖ਼ੁਦਾਸਤ
ਖ਼ਾਕਿ ਰਾਹਸ਼ ਤੂਤਿਆਇ ਚਸ਼ਮਿ ਮਾਸਤ ॥੫੯॥

ਉਲਥਾ : ਹਰ ਪੁਰਸ਼, ਜੋ ਪ੍ਰਭੂ-ਸਿਮਰਨ ਵੱਲ ਰੁਚਿਤ ਹੈ, ਉਸ ਦੇ ਰਾਹ ਦੀ ਧੂੜ ਸਾਡੀਆਂ ਅੱਖਾਂ ਦਾ ਸੁਰਮਾ ਹੈ।

ਗੁਰਬਾਣੀ : ਹਰਿ ਕੇ ਨਾਮ ਕੀ ਮਨ ਰੁਚੈ ॥
ਕੋਟਿ ਸਾਂਤਿ ਅਨੰਦ ਪੂਰਨ ਜਲਤ ਛਾਤੀ ਬੁਝੈ ॥
ਸੰਤ ਮਾਰਗਿ ਚਲਤ ਪ੍ਰਾਨੀ ਪਤਿਤ ਉਧਰੇ ਮੁਚੈ ॥
ਰੇਨੁ ਜਨ ਕੀ ਲਗੀ ਮਸਤਕਿ ਅਨਿਕ ਤੀਰਥ ਸੁਚੈ ॥

ਗਰ ਤੁਰਾ ਯਾਦਿ ਖ਼ੁਦਾ ਹਾਸਿਲ ਸ਼ਵਦ
ਹੱਲਿ ਹਰ ਮੁਸ਼ਕਿਲ ਤੁਰਾ ਐ ਦਿਲ ਸ਼ਵਦ ॥੬੦॥

ਉਲਥਾ : ਜੇ ਤੈਨੂੰ ਪ੍ਰਭੂ-ਸਿਮਰਨ ਪ੍ਰਾਪਤ ਹੋ ਜਾਏ, ਹੇ ਦਿਲ ਤੇਰੀ ਹਰ ਮੁਸ਼ਕਲ ਦਾ ਹੱਲ ਮਿਲ ਜਾਏ।

ਗੁਰਬਾਣੀ : ਜਾਸੁ ਜਪਤ ਮੁਸਕਲੁ ਕਛੂ ਨ ਬਨੈ ॥
ਜਾਸੁ ਜਪਤ ਸੁਣਿ ਅਨਹਤ ਧੁਨੈ ॥

ਅਥਵਾ : ਜਹ ਮੁਸਕਲ ਹੋਵੈ ਅਤਿ ਭਾਰੀ ॥
ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥

ਹੱਲਿ ਹਰ ਮੁਸ਼ਕਿਲ ਹਮੀਂ ਯਾਦਿ ਖ਼ੁਦਾਸਤ
ਹਰ ਕਿ ਯਾਦਿ ਹੱਕ ਕੁਨਦ ਜ਼ਾਤਿ ਖ਼ੁਦਾਸਤ ॥੬੧॥

ਉਲਥਾ : ਹਰ ਮੁਸ਼ਕਿਲ ਦਾ ਹੱਲ ਇਹੀ ਪ੍ਰਭੂ ਸਿਮਰਨ ਹੈ, ਜੋ ਕੋਈ ਪ੍ਰਭੂ-ਸਿਮਰਨ ਕਰਦਾ ਹੈ, ਉਹ ਪ੍ਰਭੂ-ਰੂਪ ਹੋ ਜਾਂਦਾ ਹੈ।

ਗੁਰਬਾਣੀ : ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ ॥
ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥

ਦਰ ਹਕੀਕਤ ਗ਼ੈਰ ਹੱਕ ਮਨਜ਼ੂਰ ਨੇਸਤ
ਕੀਸਤ ਆਂ ਜਾਨ ਕੂ ਸਰਾਪਾ ਨੂਰ ਨੇਸਤ ॥੬੨॥

ਉਲਥਾ : ਅਸਲ ਵਿਚ ਰੱਬ ਤੋਂ ਬਿਨਾਂ (ਕੁਝ ਵੀ) ਪ੍ਰਵਾਨ ਨਹੀਂ, ਕਿਹੜਾ ਹੈ ਉਹ ਜੀਵ, ਜੋ ਸਿਰ ਤੋਂ ਪੈਰ ਤਕ ਨੂਰ ਨਹੀਂ।

ਗੁਰਬਾਣੀ : ਸਰਬ ਜੋਤਿ ਮਹਿ ਜਾ ਕੀ ਜੋਤਿ ॥
ਧਾਰਿ ਰਹਿਓ ਸੁਆਮੀ ਓਤਿ ਪੋਤਿ ॥

ਕਤਰਾਇ ਨੂਰੀ ਸਰਾਪਾ ਨੂਰ ਬਾਸ਼
ਬਿਗੁਜ਼ਰ ਅਜ਼ ਗ਼ਮ ਦਾਇਮਾ ਮਸਰੂਰ ਬਾਸ਼ ॥੬੩॥

ਉਲਥਾ : ਤੂੰ ਨੂਰ-ਸਾਗਰ ਦੀ ਇਕ ਬੂੰਦ ਹੈਂ, ਸਿਰ ਤੋਂ ਪੈਰਾਂ ਤਕ ਨੂਰ ਹੋ ਜਾ, ਚਿੰਤਾ ਤੋਂ ਅਗਾਂਹ ਲੰਘ, ਸਦੀਵ ਪ੍ਰਸੰਨ ਰਹਿ।

ਗੁਰਬਾਣੀ : ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥

ਤਾ ਬ ਕੈ ਦਰ ਬੰਦਿ .ਗਮ ਬਾਸ਼ੀ ਮੁਦਾਮ
ਬਿਗੁਜ਼ਰ ਅਜ਼ .ਗਮ ਯਾਦਿ ਹੱਕ ਕੁਨ ਵ ਅਸਲਾਮ ॥੬੪॥

ਉਲਥਾ : ਕਦੋਂ ਤਕ ਤੂੰ .ਗਮ ਦੀ ਸਦੀਵੀ ਬੰਦੀ ਵਿਚ ਰਹੇਂਗਾ, .ਗਮ ਤੋਂ ਅਗਾਂਹ ਲੰਘ, ਪ੍ਰਭੂ ਸਿਮਰਨ ਕਰ ਅਤੇ ਸਲਾਮਤ ਰਹੁ।

ਗੁਰਬਾਣੀ : ਚਿੰਤਾ ਛਡਿ ਅਚਿੰਤੁ ਰਹੁ ਨਾਨਕ ਲਗਿ ਪਾਈ॥

.ਗਮ ਚਿਹ ਬਾਸ਼ਦ .ਗ.ਫਲਤ ਅਜ਼ ਯਾਦਿ ਖ਼ੁਦਾ
ਚੀਸਤ ਸ਼ਾਦੀ ਯਾਦਿ ਆਂ ਬੇ-ਮੁੰਨਤਹਾ ॥੬੫॥

ਉਲਥਾ : .ਗਮ ਕੀ ਹੈ ? ਪ੍ਰਭੂ-ਸਿਮਰਨ ਵੱਲੋਂ ਅਣਗਹਿਲੀ, ਸ਼ਾਦੀ (ਖ਼ੁਸ਼ੀ) ਕੀ ਹੈ ? ਉਸ ਅਪਾਰ (ਪ੍ਰਭੂ) ਦਾ ਸਿਮਰਨ।

ਗੁਰਬਾਣੀ : ਸਭੇ ਦੁਖ ਸੰਤਾਪ ਜਾਂ ਤੁਧਹੁ ਭੁਲੀਐ॥
ਜੇ ਕੀਚਨਿ ਲਖ ਉਪਾਵ ਤਾਂ ਕਹੀ ਨ ਘੁਲੀਐ॥

ਅਥਵਾ : ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ॥

ਅਥਵਾ : ਮਰਾ ਦਰ ਮਨਜ਼ਲਿ ਜਾਨਾਂ ਹਮਾ ਐਸ਼ੋ ਹਮਾ ਸ਼ਾਦੀ॥ *(ਗੋਯਾ ਜੀ)*

ਮਾਅਨੀਇ ਬੇ-ਮੁੰਤਹਾ ਦਾਨੀ ਕਿ ਚੀਸਤ
ਆਂ ਕਿ ਊ ਨਾਇਦ ਬਕੈਦਿ ਮਰਗੋ ਜ਼ੀਸਤ ॥੬੬॥

ਉਲਥਾ : ਜਾਣਦਾ ਹੈ ? ਕਿ ਅਪਾਰ ਦੇ ਕੀ ਅਰਥ ਹਨ (ਅਪਾਰ) ਉਹ ਜੋ ਮਰਨ-ਜਨਮ ਦੀ ਕੈਦ ਵਿਚ ਨਹੀਂ ਆਉਂਦਾ।

ਗੁਰਬਾਣੀ : ਗੁਰਿ ਪੂਰੈ ਮੇਟਿਆ ਅੰਧਿਆਰਾ॥
ਨਾਨਕ ਕਾ ਪ੍ਰਭੁ ਅਪਰ ਅਪਾਰਾ॥

ਅਥਵਾ : ਭਰਮਿ ਭੂਲੇ ਨਰ ਕਰਤ ਕਚਰਾਇਣ॥
ਜਨਮ ਮਰਣ ਤੇ ਰਹਤ ਨਾਰਾਇਣ॥

ਦਰ ਸਰਿ ਹਰ ਮਰਦੋ ਜ਼ਨ ਸੌਦਾਇ ਊਸਤ
ਦਰ ਦੋ ਆਲਮ ਸ਼ੋਰਸ਼ੋ .ਗੋ.ਗਾਇ ਊਸਤ ॥੬੭॥

ਉਲਥਾ : ਹਰ ਪੁਰਸ਼ ਤੇ ਇਸਤਰੀ ਦੇ ਸਿਰ ਵਿਚ ਉਸ ਦੀ ਹੀ ਲਗਨ ਹੈ, ਦੋਹਾਂ ਜਹਾਨਾਂ ਵਿਚ ਉਸੇ ਦਾ ਹੀ ਰੌਲਾ-ਰੱਪਾ ਹੈ।

ਗੁਰਬਾਣੀ : ਸਭੁ ਕੋਊ ਕਹੈ ਜਾਸੁ ਕੀ ਬਾਤਾ॥
ਸੋ ਸੰਮ੍ਰਥੁ ਨਿਜ ਪਤਿ ਹੈ ਦਾਤਾ॥

ਮੰਜ਼ਲਿ ਊ ਬਰ ਜ਼ੁਬਾਨਿ ਔਲੀਆ-ਸਤ
ਰੋਜ਼ੋ ਸ਼ਬ ਕਾਂਦਰ ਦਿਲਸ਼ ਯਾਦਿ ਖ਼ੁਦਾ-ਸਤ ॥੬੮॥

ਉਲਥਾ : ਉਸ ਦਾ ਟਿਕਾਣਾ ਵਲੀਆਂ (ਰੱਬੀ ਨੇੜਤਾ ਰੱਖਣ ਵਾਲਿਆਂ) ਦੀ ਰਸਨਾ ਤੇ ਹੈ, ਦਿਨ ਰਾਤ ਉਨ੍ਹਾਂ ਦੇ ਦਿਲ ਵਿਚ ਪ੍ਰਭੂ ਦਾ ਸਿਮਰਨ ਚਲਦਾ ਹੈ।

ਗੁਰਬਾਣੀ : ਭਗਤ ਜਨਾ ਕੀ ਬਰਤਨਿ ਨਾਮੁ ॥
ਸੰਤ ਜਨਾ ਕੈ ਮਨਿ ਬਿਸ੍ਰਾਮੁ ॥...
ਹਰਿ ਜਸੁ ਕਰਤ ਸੰਤ ਦਿਨੁ ਰਾਤਿ ॥
ਹਰਿ ਹਰਿ ਅਉਖਧੁ ਸਾਧ ਕਮਾਤਿ ॥

ਚਸ਼ਮਿ ਸ਼ਾਂ ਬਰ .ਗੈਰ ਹਰਗਿਜ਼ ਵਾ ਨ-ਸ਼ੁਦ ॥
ਕਤਰਾਇ ਸ਼ਾਂ ਜੁਜ਼ ਸੂਇ ਦਰਿਆ ਨ-ਸ਼ੁਦ ॥੬੯॥

ਉਲਥਾ : ਉਨ੍ਹਾਂ ਦੀ ਅੱਖ .ਗੈਰ ਉਪਰ ਹਰਗਿਜ਼ ਨਹੀਂ ਖੁੱਲ੍ਹਦੀ, ਉਨ੍ਹਾਂ ਦੀ ਬੂੰਦ ਦਰਿਆ ਬਿਨਾਂ ਹੋਰ ਪਾਸੇ ਨਹੀਂ ਜਾਂਦੀ।

ਗੁਰਬਾਣੀ : ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ ॥
ਸੰਤ ਜਨਾ ਕੈ ਹਿਰਦੈ ਸਭਿ ਧਰਮ ॥

ਬੰਦਾਇ ਊ ਸਾਹਿਬਿ ਹਰ ਦੋ ਸਰਾ
ਕੂ ਨ ਬੀਨਦ .ਗੈਰ ਨਕਸ਼ਿ ਕਿਬਰੀਆ ॥੭੦॥

ਉਲਥਾ : ਉਸ ਦਾ ਸੇਵਕ ਦੋਹਾਂ ਜਹਾਨਾਂ ਦਾ ਮਾਲਕ ਹੈ, ਕਿਉਂਕਿ ਉਹ ਅਕਾਲ ਮੂਰਤਿ ਬਿਨਾਂ ਹੋਰ ਕੁਝ ਨਹੀਂ ਦੇਖਦਾ।

ਗੁਰਬਾਣੀ : ਜੋ ਕਿਛੁ ਠਾਕੁਰ ਕਾ ਸੋ ਸੇਵਕ ਕਾ ਸੇਵਕੁ ਠਾਕੁਰ ਹੀ ਸੰਗਿ ਜਾਹਰੁ ਜੀਉ ॥

ਈਂ ਜਹਾਨੋ ਆਂ ਜਹਾਂ .ਫਾਨੀ ਬਵਦ
.ਗੈਰਿ ਯਾਦਸ਼ ਜੁਮਲਾ ਨਾਦਾਨੀ ਬਵਦ ॥੭੧॥

ਉਲਥਾ : ਇਹ ਲੋਕ ਅਤੇ ਉਹ ਲੋਕ (ਪ੍ਰਲੋਕ) ਨਾਸ਼ਮਨ ਹਨ, ਉਸ ਦੇ ਸਿਮਰਨ ਬਿਨਾਂ ਸਭ ਕੁਝ ਅਗਿਆਨਤਾ ਹੈ।

ਗੁਰਬਾਣੀ : ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥ (ਇਹ ਲੋਕ)
ਅਥਵਾ : ਇੰਦ੍ਰ ਪੁਰੀ ਮਹਿ ਸਰਪਰ ਮਰਣਾ ॥
ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ ॥

ਸਿਵ ਪੁਰੀ ਕਾ ਹੋਇਗਾ ਕਾਲਾ॥
ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ॥ (ਉਹ ਲੋਕ)

ਅਥਵਾ : ਪ੍ਰਭ ਕਉ ਸਿਮਰਹਿ ਸੇ ਅਬਿਨਾਸੀ॥

ਯਾਦ ਕੁਨ ਹਾਂ ਤਾ ਤਵਾਨੀ ਯਾਦ ਕੁਨ
ਖ਼ਾਨਾ ਰਾ ਅਜ਼ ਯਾਦਿ ਹੱਕ ਆਬਾਦ ਕੁਨ॥੭੨॥

ਉਲਥਾ : ਸਿਮਰਨ ਕਰ, ਖ਼ਬਰਦਾਰ! ਜਿਥੋਂ ਤਕ ਤੈਥੋਂ ਹੋ ਸਕੇ, ਸਿਮਰਨ ਕਰ। (ਹਿਰਦੇ ਰੂਪੀ) ਘਰ ਨੂੰ ਪ੍ਰਭੂ ਸਿਮਰਨ ਰਾਹੀਂ ਵਸਦਾ-ਰਸਦਾ ਕਰ ਲੈ।

ਗੁਰਬਾਣੀ : ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ॥

ਈਂ ਦਿਲਿ ਤੂ ਖ਼ਾਨਾਇ ਹੱਕ ਬੂਦਾ ਅਸਤ
ਮਨ ਚਿਹ ਗੋਇਮ ਹੱਕ ਚੁਨੀਂ ਫ਼ਰਮੂਦਾ ਅਸਤ॥੭੩॥

ਉਲਥਾ : ਇਹ ਤੇਰਾ ਹਿਰਦਾ ਰੱਬ ਦਾ ਘਰ ਬਣਿਆ ਹੈ। ਮੈਂ ਕੀ ਕਹਾਂ? ਰੱਬ ਨੇ ਐਸਾ ਫ਼ਰਮਾਇਆ ਹੈ।

ਗੁਰਬਾਣੀ : ਸਭ ਘਟ ਤਿਸ ਕੇ ਸਭ ਤਿਸ ਕੇ ਠਾਉ॥

ਅਥਵਾ : ਸਭਿ ਘਟ ਮੇਰੇ ਹਉ ਸਭਨਾ ਅੰਦਰਿ...॥

ਸ਼ਾਹ ਬਾ ਤੂ ਹਮਨਸ਼ੀਨੋ ਹਮਜ਼ੁਬਾਂ
ਤੂ ਬ-ਸੂਇ ਹਰ ਕਸੋ ਨਾਕਸ ਦਵਾਂ॥੭੪॥

ਉਲਥਾ : ਬਾਦਸ਼ਾਹ ਤੇਰੇ ਅੰਗ-ਸੰਗ ਵਸਦਾ ਹੈ ਅਤੇ ਤੇਰੇ ਨਾਲ ਗੱਲਾਂ ਕਰਦਾ ਹੈ, ਹੇ ਨਾਲਾਇਕ! ਤੂੰ ਹਰ ਜਣੇ-ਖਣੇ ਵੱਲ ਨਠਿਆ ਫਿਰਦਾ ਹੈਂ।

ਗੁਰਬਾਣੀ : ਮਾਗਹਿ ਟੂਕਾ ਤ੍ਰਿਪਤਿ ਨ ਪਾਵੈ॥
ਨਾਥੁ ਛੋਡਿ ਜਾਚਹਿ ਲਾਜ ਨ ਆਵੈ॥

ਵਾਇ ਤੂ ਬਰ ਜਾਨਿ ਤੂ ਅਹਿਵਾਲਿ ਤੂ
ਵਾਇ ਬਰ ਈਂ ਗ਼ਫ਼ਲਤੋ ਅਫ਼ਆਲਿ ਤੂ॥੭੫॥

ਉਲਥਾ : ਅਫ਼ਸੋਸ ਹੈ। ਤੇਰੀ ਹਯਾਤ (ਜ਼ਿੰਦਗੀ) ਤੇ ਤੇਰੇ ਹਾਲਾਤ ਤੇ; ਅਫ਼ਸੋਸ ਹੈ ਇਸ ਲਾਪ੍ਰਵਾਹੀ ਅਤੇ ਤੇਰੀ ਕਾਰਵਾਈ (ਕੰਮਾਂ) ਉੱਤੇ।

ਗੁਰਬਾਣੀ : ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ॥੧॥
ਮਾਨਸ ਜਨਮ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ॥

ਹਰ ਕਸੇ ਕੂ ਤਾਲਿਬਿ ਦੀਦਾਰ ਸ਼ੁਦ
ਪੇਸ਼ਿ ਚਸ਼ਮਸ਼ ਜੁਮਲਾ ਨਕਸ਼ਿ ਯਾਰ ਸ਼ੁਦ ॥੭੬॥

ਉਲਥਾ : ਜਿਹੜਾ ਜੀਉੜਾ ਦਰਸ਼ਨਾਂ ਦਾ ਚਾਹਵਾਨ ਹੋ ਗਿਆ, ਉਸ ਦੀਆਂ ਅੱਖਾਂ ਸਾਹਵੇਂ ਸਭ (ਸੰਸਾਰ) ਯਾਰ ਦਾ ਚਿੱਤਰ ਹੀ ਹੋ ਗਿਆ।

ਗੁਰਬਾਣੀ : ਦਰਸਨ ਕੀ ਪਿਆਸ ਜਿਸੁ ਨਰ ਹੋਇ ॥
ਏਕਤੁ ਰਾਚੈ ਪਰਹਰਿ ਦੋਇ ॥

ਅਥਵਾ : ਚਚਾ ਰਚਿਤ ਚਿਤ੍ਰ ਹੈ ਭਾਰੀ ॥
ਤਜਿ ਚਿਤ੍ਰੈ ਚੇਤਹੁ ਚਿਤਕਾਰੀ ॥
ਚਿਤ੍ਰ ਬਚਿਤ੍ਰ ਇਹੈ ਅਵਝੇਰਾ ॥
ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ ॥

ਦਰਮਿਆਨਿ ਨਕਸ਼ ਨੱਕਾਸ਼ ਅਸਤੋ ਬਸ
ਈ ਸੁਖ਼ਨ ਰਾ ਦਰ ਨਯਾਬਦ ਬੂਲ-ਹਵਸ ॥੭੭॥

ਉਲਥਾ : ਚਿੱਤਰਾਂ ਵਿਚਕਾਰ ਸਿਰਫ਼ ਚਿੱਤਰਕਾਰ ਹੀ ਹੈ, ਇਸ ਗੱਲ ਦੀ ਸੂਝ-ਬੂਝ ਤ੍ਰਿਸ਼ਨਾਲੂ ਨੂੰ ਪ੍ਰਾਪਤ ਨਹੀਂ।

ਗੁਰਬਾਣੀ : ਸਭੁ ਹੈ ਬ੍ਰਹਮੁ ਬ੍ਰਹਮੁ ਹੈ ਪਸਰਿਆ ਮਨਿ ਬੀਜਿਆ ਖਾਵਾਰੇ ॥
ਜਿਉ ਜਨ ਚੰਦ੍ਰਹਾਂਸੁ ਦੁਖਿਆ ਧ੍ਰਿਸਟਬੁਧੀ ਅਪੁਨਾ ਘਰੁ ਲੂਕੀ ਜਾਰੇ ॥

ਗਰ ਤੂ ਮੇਖ਼ਾਨੀ ਜ਼ਿ ਇਸ਼ਕਿ ਹੱਕ ਸਬਕ
ਯਾਦਿ ਹੱਕ ਕੁਨ ਯਾਦਿ ਹੱਕ ਕੁਨ ਯਾਦਿ ਹੱਕ ॥੭੮॥

ਉਲਥਾ : ਜੇ ਤੂੰ ਪਰਮਾਤਮਾ ਦੇ ਪ੍ਰੇਮ ਦਾ ਪਾਠ ਪੜ੍ਹਨਾ ਹੈ, ਪ੍ਰਭੂ-ਸਿਮਰਨ ਕਰ, ਪ੍ਰਭੂ ਸਿਮਰੀ ਜਾ, ਪ੍ਰਭੂ ਜਪੀ ਜਾ।

ਗੁਰਬਾਣੀ : ਜਿਨਾ ਗੁਰਮੁਖਿ ਅੰਦਰਿ ਨੇਹੁ ਤੈ ਪ੍ਰੀਤਮ ਸਚੈ ਲਾਇਆ ॥
ਰਾਤੀ ਅਤੈ ਡੇਹੁ ਨਾਨਕ ਪ੍ਰੇਮਿ ਸਮਾਇਆ ॥

ਐ ਬਰਾਦਰ ਯਾਦਿ ਹੱਕ ਦਾਨੀ ਕਿ ਚੀਸਤ
ਅੰਦਰੂਨਿ ਜੁਮਲਾ ਦਿਲਹਾਇ ਜਾਇ ਕੀਸਤ ॥੭੯॥

ਉਲਥਾ : ਹੇ ਭਰਾਵਾ! ਪ੍ਰਭੂ ਦਾ ਸਿਮਰਨ ਤੂੰ ਜਾਣਦਾ ਹੈ ਕਿ ਕੀ ਹੈ? (ਅਤੇ) ਸਾਰੇ ਦਿਲਾਂ ਵਿਚ ਟਿਕਾਣਾ ਕਿਸ ਦਾ ਹੈ?

ਗੁਰਬਾਣੀ : ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥
ਰਾਮ ਬਿਨਾ ਕੋ ਬੋਲੈ ਰੇ॥...
ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰੁ ਕੋ ਦਾਸਾ ਰੇ॥

ਚੂੰ ਦਰੂਨਿ ਜੁਮਲਾ ਦਿਲਹਾ ਜਾਏ ਊਸਤ
ਖ਼ਾਨਾਇ ਦਿਲ ਮੰਜ਼ਲੋ ਮਾਵਾਇ ਊਸਤ॥੯੦॥

ਉਲਥਾ : ਜਦ ਸਾਰੇ ਦਿਲਾਂ ਵਿਚ ਉਸਦਾ ਟਿਕਾਣਾ ਹੈ, ਦਿਲ ਦਾ ਘਰ ਉਸਦੇ ਉਤਾਰੇ ਅਤੇ ਆਰਾਮ ਦੀ ਥਾਂ ਹੈ।

ਗੁਰਬਾਣੀ : ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥

ਚੂੰ ਬਿਦਾਨਿਸਤੀ ਕਿ ਦਰ ਦਿਲਹਾ ਖ਼ੁਦਾਸਤ
ਪਸ ਤੁਰਾ ਆਦਾਬਿ ਹਰ ਦਿਲ ਮੁਦਆਸਤ॥੯੧॥

ਉਲਥਾ : ਜਦ ਤੂੰ ਜਾਣ ਲਿਆ ਕਿ ਦਿੱਲਾਂ ਵਿਚ ਰੱਬ ਹੈ ਤਾਂ ਤੇ ਹਰ ਦਿਲ ਦਾ ਸਤਿਕਾਰ ਤੇਰਾ ਮਨੋਰਥ ਚਾਹੀਏ।

ਗੁਰਬਾਣੀ : ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥

ਯਾਦਿ ਹੱਕ ਈਂਸਤ ਦੀਗਰ ਯਾਦ ਨੇਸਤ
ਹਰ ਕਿਰਾ ਈਂ ਗ਼ਮ ਨ-ਬਾਸ਼ਦ ਸ਼ਾਦ ਨੇਸਤ॥੯੨॥

ਉਲਥਾ : ਪ੍ਰਭੂ-ਸਿਮਰਨ ਇਹ ਹੈ (ਇਸ ਬਿਨਾਂ) ਦੂਜਾ ਸਿਮਰਨ ਨਹੀਂ, ਜਿਸ ਕਿਸੇ ਨੂੰ ਇਹ ਫ਼ਿਕਰ ਨਹੀਂ, ਉਹ ਖ਼ੁਸ਼ ਨਹੀਂ।

ਗੁਰਬਾਣੀ : ਦਾਮੋਦਰ ਦਇਆਲ ਆਰਾਧਹੁ ਗੋਬਿੰਦ ਕਰਤ ਸੁਹਾਵੈ॥
ਕਹੁ ਨਾਨਕ ਸਭ ਕੀ ਹੋਇ ਰੇਨਾ ਹਰਿ ਹਰਿ ਦਰਸਿ ਸਮਾਵੈ॥

ਅਥਵਾ : ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ॥

ਜ਼ਿੰਦਗੀਇ ਆਰਿਫ਼ਾਂ ਯਾਦਿ ਖ਼ੁਦਾਸਤ
ਅਜ਼ ਖ਼ੁਦਾ ਦੂਰ ਅਸਤ ਹਰ ਕੂ ਖ਼ੁਦਨੁਮਾਸਤ॥੯੩॥

ਉਲਥਾ : ਗਿਆਨਵਾਨਾਂ ਦੀ ਜੀਵਨੀ ਰੱਬ ਦਾ ਸਿਮਰਨ ਹੈ, ਜੋ ਸ਼ਖ਼ਸ (ਮਨੁੱਖ) ਆਪਾ-ਜਤਾਊ ਹੈ, ਰੱਬ ਤੋਂ ਦੂਰ ਹੈ।

ਗੁਰਬਾਣੀ : ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥

ਕੀਸਤ ਗੋਯਾ ਮੁਸ਼ਤਿ ਖ਼ਾਕ ਬੇਸ਼ ਨੇਸਤ
ਆਂ ਹਮ ਅੰਦਰ ਅਖ਼ਤਿਆਰਿ ਖ਼ੇਸ਼ ਨੇਸਤ ॥੯੪॥

ਉਲਥਾ : ਬੋਲਣ (ਕਹਿਣ) ਵਾਲਾ ਕੀ ਹੈ, ਮਿੱਟੀ ਦੀ ਮੁੱਠ, ਵੱਧ ਨਹੀਂ, ਉਹ ਭੀ ਆਪਣੇ ਵੱਸ ਵਿਚ ਨਹੀਂ।

ਗੁਰਬਾਣੀ : ਨਾਨਕ ਢੇਰੀ ਢਹਿ ਪਈ ਮਿਟੀ ਸੰਦਾ ਕੋਟੁ ॥
ਭੀਤਰਿ ਚੋਰੁ ਬਹਾਲਿਆ ਖੋਟੁ ਵੇ ਜੀਆ ਖੋਟੁ ॥

ਹੱਕ ਕਿ ਹਫ਼ਤਾਦੋ ਦੋ ਮਿੱਲਤ ਆਫ਼ਰੀਦ
ਫ਼ਿਰਕਾਇ ਨਾਜੀ ਅਜ਼ੀਂਹਾ ਬਰ-ਗੁਜ਼ੀਦ ॥੯੫॥

ਉਲਥਾ : ਰੱਬ ਨੇ ਜੋ ਬਹੱਤਰ ਕੌਮਾਂ ਪੈਦਾ ਕੀਤੀਆਂ, ਮੁਕਤ ਪੰਥ ਇਨ੍ਹਾਂ ਵਿੱਚੋਂ ਉੱਚਾ ਚੁੱਕਿਆ ਹੈ।

ਗੁਰਬਾਣੀ : ਜੀਅ ਜੰਤ ਸਭ ਸਿਸਟਿ ਉਪਾਈ ਗੁਰਮੁਖਿ ਸੋਭਾ ਪਾਵੈਗੋ ॥
ਬਿਨੁ ਗੁਰ ਭੇਟੇ ਕੋ ਮਹਲੁ ਨ ਪਾਵੈ ਆਇ ਜਾਇ ਦੁਖੁ ਪਾਵੈਗੋ ॥

ਫ਼ਿਰਕਾਇ ਨਾਜੀ ਬਿਦਾਂ ਬੇ-ਇਸ਼ਤਬਾਹ
ਹਸਤ ਹਫ਼ਤਾਦੋ ਦੋ ਮਿੱਲਤ ਰਾ ਪਨਾਹ ॥੯੬॥

ਉਲਥਾ : ਮੁਕਤ ਪੰਥ ਬਾਰੇ ਬਿਨਾਂ ਸ਼ੱਕ (ਇਹ) ਜਾਣ ਲੈ ਕਿ ਬਹੱਤਰ ਕੌਮਾਂ ਦੀ ਪਨਾਹ (ਸ਼ਰਨਗਾਹ) ਹੈ।

ਗੁਰਬਾਣੀ : ਧ੍ਰਮ ਪੰਥੁ ਧਰਿਓ ਧਰਨੀਧਰ ਆਪਿ ਰਹੇ ਲਿਵ ਧਾਰਿ ਨ ਧਾਵਤ ਹੈ ॥
ਅਥਵਾ : ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥

ਮਰਦਮਾਨਸ਼ ਹਰ ਯਕੇ ਪਾਕੀਜ਼ਾ ਤਰ
ਖ਼ੂਬ-ਰੂ ਓ ਖ਼ੂਬ-ਖ਼ੂ ਓ ਖ਼ੁਸ਼-ਸੀਅਰ ॥੯੭॥

ਉਲਥਾ : ਇਸ (ਪੰਥ) ਦਾ ਹਰ ਇਕ ਪੁਰਸ਼ ਵੱਧ ਪਵਿੱਤਰ, ਸੋਹਣੇ ਚਿਹਰੇ ਸੁਹਣੇ ਸੁਭਾ ਤੇ ਸੋਹਣੀਆਂ ਆਦਤਾਂ ਵਾਲਾ ਹੈ।

ਗੁਰਬਾਣੀ : ਸੰਤ ਤੁਮਾਰੇ ਤੁਮਰੇ ਪ੍ਰੀਤਮ ਤਿਨ ਕਉ ਕਾਲ ਨ ਖਾਤੇ ॥
ਰੰਗਿ ਤੁਮਾਰੈ ਲਾਲ ਭਏ ਹੈ ਰਾਮ ਨਾਮ ਰਸਿ ਮਾਤੇ ॥

ਪੇਸ਼ਿ ਸ਼ਾਂ ਜੁਜ਼ ਯਾਦਿ ਹੱਕ ਮਨਜ਼ੂਰ ਨੇਸਤ
ਗ਼ੈਰ ਹਰਫ਼ਿ ਬੰਦਗੀ ਦਸਤੂਰ ਨੇਸਤ ॥੯੮॥

ਉਲਥਾ : ਉਨ੍ਹਾਂ ਨੂੰ ਪ੍ਰਭੂ-ਸਿਮਰਨ ਬਿਨਾਂ (ਕੁਝ ਵੀ) ਮਨਜ਼ੂਰ (ਪਸੰਦ) ਨਹੀਂ, ਬੰਦਗੀ ਬਿਨਾਂ ਦੂਜੀ ਬਾਤ (ਉਨ੍ਹਾਂ ਦਾ) ਦਸਤੂਰ ਨਹੀਂ।

ਗੁਰਬਾਣੀ : ਸੰਤ ਰਹਤ ਸੁਨਹੁ ਮੇਰੇ ਭਾਈ॥
ਉਆ ਕੀ ਮਹਿਮਾ ਕਥਨੁ ਨ ਜਾਈ॥
ਵਰਤਣਿ ਜਾ ਕੈ ਕੇਵਲ ਨਾਮ॥
ਅਨਦ ਰੂਪ ਕੀਰਤਨੁ ਬਿਸ੍ਰਾਮ॥

ਮੇਚਕਦ ਅਜ਼ ਹਰਫ਼ਿ ਸ਼ਾਂ ਕੰਦੋ ਨਬਾਤ
ਬਾਰਦ ਅਜ਼ ਹਰ ਮੂਇ ਸ਼ਾਂ ਆਬਿ ਹਯਾਤ ॥੮੯॥

ਉਲਥਾ : ਉਨ੍ਹਾਂ ਦੀਆਂ ਗੱਲਾਂ ਵਿੱਚੋਂ ਖੰਡ ਅਤੇ ਮਿਸਰੀ ਟਪਕਦੀ ਹੈ, ਉਨ੍ਹਾਂ ਦੇ ਹਰ ਰੋਮ ਵਿੱਚੋਂ ਅੰਮ੍ਰਿਤ ਵਰਸਦਾ ਹੈ।

ਗੁਰਬਾਣੀ : ਗੁਰਮੁਖਿ ਸਦਾ ਸੋਹਾਗਣੀ ਪਿਰੁ ਰਾਖਿਆ ਉਰਧਾਰਿ॥
ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ॥

ਅਥਵਾ : ਰੋਮਿ ਰੋਮਿ ਰਵਿਆ ਹਰਿ ਨਾਮੁ॥
ਸਤਿਗੁਰ ਪੂਰੈ ਕੀਨੋ ਦਾਨੁ॥

ਫ਼ਾਰਿਗ਼ ਅੰਦ ਅਜ਼ ਬੁਗ਼ਜ਼ੋ ਕੀਨਾ ਓ ਜ਼ਿ ਹਸਦ
ਬਰ ਨਮੇ-ਆਇਦ ਅਜ਼ ਏਸ਼ਾਂ ਫ਼ਿਅਲਿ ਬਦ ॥੯੦॥

ਉਲਥਾ : (ਉਹ) ਈਰਖਾ, ਵੈਰ-ਵਿਰੋਧ ਅਤੇ ਸਾੜੇ ਤੋਂ ਮੁਕਤ ਹੁੰਦੇ ਹਨ। ਉਨ੍ਹਾਂ ਤੋਂ ਮਾੜੇ ਕੰਮ ਹੋ ਹੀ ਨਹੀਂ ਸਕਦੇ।

ਗੁਰਬਾਣੀ : ਵੈਰ ਵਿਰੋਧ ਮਿਟੇ ਤਿਹ ਮਨ ਤੇ॥
ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ॥

ਅਥਵਾ : ਸੁਭ ਚਿਤਵਨਿ ਦਾਸ ਤੁਮਾਰੇ॥
ਰਾਖਹਿ ਪੈਜ ਦਾਸ ਅਪੁਨੇ ਕੀ ਕਾਰਜ ਆਪਿ ਸਵਾਰੇ॥

ਹਰ ਕਸੇ ਰਾ ਇੱਜ਼ਤੋ ਹੁਰਮਤ ਕੁਨੰਦ
ਮੁਫ਼ਲਸੇ ਰਾ ਸਾਹਿਬਿ ਦੌਲਤ ਕੁਨੰਦ ॥੯੧॥

ਉਲਥਾ : (ਉਹ) ਹਰ ਪ੍ਰਾਣੀ ਨੂੰ ਇੱਜ਼ਤ ਅਤੇ ਮਾਨ ਦਿੰਦੇ ਹਨ, ਇਕ ਕੰਗਾਲ ਨੂੰ ਮਾਲਾਮਾਲ ਕਰ ਦਿੰਦੇ ਹਨ।

ਗੁਰਬਾਣੀ : ਮਾਇਆ ਮੋਹ ਭਰਮੁ ਭਉ ਕਾਟੈ ਸੰਤ ਸਰਣਿ ਜੋ ਆਵੈ ॥
ਜੇਹਾ ਮਨੋਰਥੁ ਕਰਿ ਆਰਾਧੇ ਸੋ ਸੰਤਨ ਤੇ ਪਾਵੈ ॥੩॥

ਮੁਰਦਾ ਰਾ ਆਬਿ-ਹੈਵਾਂ ਮੇ ਦਿਹੰਦ
ਹਰ ਦਿਲੇ ਪਜ਼ਮੁਰਦਾ ਰਾ ਜਾਂ ਮੇ ਦਿਹੰਦ ॥੯੨॥

ਉਲਥਾ : ਮਰੇ ਹੋਏ ਨੂੰ ਜੀਵਨ-ਜਲ (ਅੰਮ੍ਰਿਤ) ਦੇ ਦਿੰਦੇ ਹਨ, ਹਰ ਮੁਰਝਾਏ ਹੋਏ ਮਨ ਨੂੰ ਹਯਾਤ (ਚੜ੍ਹਦੀ ਕਲਾ) ਦੇ ਦਿੰਦੇ ਹਨ।

ਗੁਰਬਾਣੀ : ਗੁਰਿ ਅੰਮ੍ਰਿਤੁ ਹਰਿ ਮੁਖਿ ਚੋਇਆ ਮੇਰੀ ਜਿੰਦੁੜੀਏ
ਫਿਰਿ ਮਰਦਾ ਬਹੁੜਿ ਜੀਵਾਇਆ ਰਾਮ ॥
ਜਨ ਨਾਨਕ ਸਤਿਗੁਰ ਜੋ ਮਿਲੇ ਮੇਰੀ ਜਿੰਦੁੜੀਏ
ਤਿਨ ਕੇ ਸਭ ਦੂਖ ਗਵਾਇਆ ਰਾਮ ॥

ਸਬਜ਼ ਮੇ ਸਾਜ਼ੰਦ ਚੋਬਿ ਖੁਸ਼ਕ ਰਾ
ਬੂਏ ਮੇ ਬਖਸ਼ੰਦ ਰਗਿ ਬੇਮੁਸ਼ਕ ਰਾ ॥੯੩॥

ਉਲਥਾ : ਸੁੱਕੀ ਲੱਕੜ ਨੂੰ ਹਰੀ-ਭਰੀ ਬਣਾ ਦਿੰਦੇ ਹਨ, ਸੁਗੰਧਹੀਣ ਰਗ (ਸ਼ਾਖ਼) ਨੂੰ ਸੁਗੰਧੀ ਬਖਸ਼ ਦਿੰਦੇ ਹਨ।

ਗੁਰਬਾਣੀ : ਸੂਕੇ ਹਰੇ ਕੀਏ ਖਿਨ ਮਾਹੇ ॥
ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ ॥...
ਇਛ ਪੁਨੀ ਪੂਰੇ ਗੁਰ ਮਿਲੇ ॥
ਨਾਨਕ ਤੇ ਜਨ ਸੁਫਲ ਫਲੇ ॥

ਜੁਮਲਾ ਅਸ਼ਰਾਫ਼ ਅੰਦ ਦਰ ਜ਼ਾਤੋ ਸਿਫ਼ਾਤ
ਤਾਲਿਬਿ ਜ਼ਾਤ ਅੰਦ ਖ਼ੁਦ ਹਮ ਐਨ ਜ਼ਾਤ ॥੯੪॥

ਉਲਥਾ : ਰੂਹ ਅਤੇ ਗੁਣਾਂ ਅੰਦਰ (ਵਿਚ) ਸਾਰੇ ਭਲੇ ਪੁਰਸ਼ ਹਨ; ਰਾਮ-ਰੂਪ ਹੁੰਦੇ ਹੋਏ ਵੀ ਰਾਮ ਦੇ ਚਾਹਵਾਨ ਹਨ।

ਗੁਰਬਾਣੀ : ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ ॥
ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥

ਖ਼ੂਏ ਸ਼ਾਂ ਇਲਮੋ ਅਦਬ ਰਾ ਮਜ਼ਹਰ ਅਸਤ
ਰੂਇ ਸ਼ਾਂ ਰੌਸ਼ਨ ਜ਼ਿ ਮਿਹਰਿ ਅਨਵਰ ਅਸਤ ॥੯੫॥

ਉਲਥਾ : ਉਨ੍ਹਾਂ ਦਾ ਸੁਭਾਅ ਇਲਮ ਅਤੇ ਅਦਬ ਨੂੰ ਪ੍ਰਗਟ ਕਰਨਹਾਰਾ ਹੈ। ਉਨ੍ਹਾਂ ਦਾ ਮੂੰਹ-ਮੱਥਾ ਚਮਕਦੇ-ਦਮਕਦੇ ਸੂਰਜ ਤੋਂ ਵੱਧ ਪ੍ਰਕਾਸ਼ਮਾਨ ਹੈ।

ਗੁਰਬਾਣੀ : ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ॥
ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ॥

ਮਿੱਲਤਿ ਸ਼ਾਂ ਕੌਮਿ ਮਿਸਕੀਨਾਂ ਬਵਦ
ਹਰ ਦੋ ਆਲਮ ਸ਼ਾਇਕਿ ਈਨਾਂ ਬਵਦ॥੯੬॥

ਉਲਥਾ : ਉਨ੍ਹਾਂ ਦਾ ਪੰਥ ਮਸਕੀਨਾਂ (ਨਿਮਾਣਿਆਂ) ਦੀ ਕੌਮ ਹੈ। (ਪਰ) ਦੋਨੋਂ ਹੀ ਜਹਾਨ ਇਨ੍ਹਾਂ ਦੇ ਮੁਸ਼ਤਾਕ ਹਨ।

ਗੁਰਬਾਣੀ : ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ॥

ਕੌਮਿ ਮਿਸਕੀਂ ਕੌਮਿ ਮਰਦਾਨਿ ਖ਼ੁਦਾਸਤ
ਈਂ ਹਮਾ ਫ਼ਾਨੀ ਵ ਊ ਦਾਇਮ ਬਕਾਸਤ॥੯੭॥

ਉਲਥਾ : ਮਸਕੀਨਾਂ ਦੀ ਕੌਮ ਰੱਬੀ ਪਿਆਰਿਆਂ ਦੀ ਕੌਮ ਹੈ। ਇਹ ਸਭ ਕੁਝ ਨਾਸ਼ਮਾਨ ਹੈ ਅਤੇ ਉਹ ਸਦੀਵ ਕਾਇਮ ਹੈ।

ਗੁਰਬਾਣੀ : ਲਖ ਚਉਰਾਸੀਹ ਮੇਦਨੀ ਸਭ ਆਵੈ ਜਾਸੀ॥
ਨਿਹਚਲੁ ਸਚੁ ਖੁਦਾਇ ਏਕੁ ਖੁਦਾਇ ਬੰਦਾ ਅਬਿਨਾਸੀ॥

ਸੁਹਬਤਿ ਸ਼ਾਂ ਖ਼ਾਕ ਰਾ ਅਕਸੀਰ ਕਰਦ
ਲੁਤਫ਼ਿ ਸਾਂ ਬਰ ਹਰ ਦਿਲੇ ਤਾਸੀਰ ਕਰਦ॥੯੮॥

ਉਲਥਾ : ਉਨ੍ਹਾਂ ਦੀ ਸੰਗਤ ਨੇ ਮਿੱਟੀ ਨੂੰ ਰਸਾਇਣ ਬਣਾ ਦਿੱਤਾ ਹੈ, ਉਨ੍ਹਾਂ ਦੀ ਕ੍ਰਿਪਾ ਨੇ ਹਰੇਕ ਦਿਲ 'ਤੇ ਅਸਰ ਕੀਤਾ ਹੈ।

ਗੁਰਬਾਣੀ : ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ॥
ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ॥

ਹਰ ਕਿ ਬ-ਏਸ਼ਾਂ ਨਸ਼ੀਨਦ ਯੱਕ ਦਮੇ
ਰੋਜ਼ਿ ਫ਼ਰਦਾ ਰਾ ਕੁਜਾ ਦਾਰਦ ਗ਼ਮੇ॥੯੯॥

ਉਲਥਾ : ਜੋ ਕੋਈ ਉਨ੍ਹਾਂ ਕੋਲ ਇਕ ਵਾਰ ਬੈਠ ਜਾਂਦਾ ਹੈ, ਉਹ ਕਿਆਮਤ ਦੇ ਦਿਨ ਦੀ ਕਦ ਚਿੰਤਾ ਕਰਦਾ ਹੈ? ਭਾਵ ਨਹੀਂ ਕਰਦਾ।

ਗੁਰਬਾਣੀ : ਤੁਧੁ ਸਾਲਾਹਨਿ ਤਿਨ ਧਨੁ ਪਲੈ ਨਾਨਕ ਕਾ ਧਨੁ ਸੋਈ॥
ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ॥

ਆਂ ਚਿਹ ਦਰ ਸਦ-ਸਾਲਾ ਉਮਰਸ਼ ਨ-ਯਾਫ਼ਤ
ਸੁਹਬਤਿ ਸ਼ਾਂ ਹਮਚੂ ਖ਼ੁਰਸ਼ੀਦਸ਼ ਬਿਤਾਫ਼ਤ ॥੧੦੦॥

ਉਲਥਾ : ਜੋ ਕਿ ਸੈਂਕੜੇ ਸਾਲਾਂ ਦੀ ਉਮਰ ਵਿਚ ਨਾ ਪਾਇਆ ਗਿਆ, ਉਨ੍ਹਾਂ ਦੀ ਸੰਗਤ ਨੇ ਸੂਰਜ ਵਤ ਚਮਕਾ ਦਿੱਤਾ।

ਗੁਰਬਾਣੀ : ਬਿਨੁ ਸਿਮਰਨ ਕੋਟਿ ਬਰਖ ਜੀਵੈ ਸਗਲੀ ਅਉਧ ਬ੍ਰਿਥਾਨਦ॥
ਏਕ ਨਿਮਖ ਗੋਬਿੰਦ ਭਜਨੁ ਕਰਿ ਤਉ ਸਦਾ ਸਦਾ ਜੀਵਾਨਦ॥
ਸਰਨਿ ਸਰਨਿ ਸਰਨਿ ਪ੍ਰਭ ਪਾਵਉ ਦੀਜੈ ਸਾਧਸੰਗਤਿ ਕਿਰਪਾਨਦ॥

ਮਾ ਕਿ ਅਜ਼ ਇਹਸਾਨਿ ਸ਼ਾਂ ਸ਼ਰਮਿੰਦਾ-ਏਮ
ਬੰਦਾਇ ਇਹਸਾਨਿ ਸ਼ਾਂ ਰਾ ਬੰਦਾ ਏਮ ॥੧੦੧॥

ਉਲਥਾ : ਅਸੀਂ ਜੋ ਉਨ੍ਹਾਂ ਦੇ ਉਪਕਾਰ ਦੇ ਰਿਣੀ ਹਾਂ, ਉਨ੍ਹਾਂ ਦੇ ਉਪਕਾਰ ਦੇ ਬੱਝੇ ਹੋਏ ਉਨ੍ਹਾਂ ਦੇ ਦਾਸ ਹਾਂ।

ਗੁਰਬਾਣੀ : ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ॥
ਸੰਤ ਹਮਾਰੀ ਓਟ ਸਤਾਣੀ ਸੰਤ ਹਮਾਰਾ ਗਹਣਾ॥
ਹਮ ਸੰਤਨ ਸਿਉ ਬਣਿ ਆਈ॥
ਪੂਰਬਿ ਲਿਖਿਆ ਪਾਈ॥
ਇਹੁ ਮਨੁ ਤੇਰਾ ਭਾਈ॥

ਸਦ ਹਜ਼ਾਰਾਂ ਹਮਚੂ ਮਨ ਕੁਰਬਾਨਿ ਸ਼ਾਂ
ਹਰ ਚਿ ਗੋਇਮ ਕਮ ਬਵਦ ਦਰ ਸ਼ਾਨਿ ਸਾਂ ॥੧੦੨॥

ਉਲਥਾ : ਮੇਰੇ ਜਿਹੇ ਲੱਖਾਂ ਉਨ੍ਹਾਂ ਤੋਂ ਕੁਰਬਾਨ ਹਨ, ਉਨ੍ਹਾਂ ਦੀ ਸ਼ਾਨ ਵਿਚ ਜੋ ਕੁਝ ਵੀ ਮੈਂ ਕਹਾਂ ਘੱਟ ਹੋਵੇਗਾ।

ਬਾਣੀ ਭਾਈ ਗੁਰਦਾਸ : ਨਖ ਸਿਸ ਲਉ ਸਗਲ ਅੰਗ ਰੋਮ ਰੋਮ ਕਰਿ,
ਕਾਟਿ ਕਾਟਿ ਸਿਖਨ ਕੇ ਚਰਨ ਪਰ ਵਾਰੀਐ॥
ਅਗਨਿ ਜਲਾਇ ਫੁਨਿ ਪੀਸਨ ਪੀਸਾਇ ਤਾਹਿ,
ਲੈ ਉਡੇ ਪਵਨ ਹੋਇ ਅਨਿਕ ਪਰਕਾਰੀਐ॥

ਜਤ ਕਤ ਸਿਖ ਪਗ ਧਰੈ ਗੁਰ ਪੰਥ ਪ੍ਰਾਤ,
ਤਾਹੂ ਤਾਹੂ ਮਾਰਗ ਮਹਿ ਭਸਮ ਕੌ ਡਾਰੀਐ॥
ਤਿਹ ਪਦ ਪਾਦਕ ਚਰਨ ਲਿਵ ਲਾਗੀ ਰਹੈ,
ਦਇਆ ਕੇ ਦਯਾਲ ਮੋਹਿ ਪਤਿਤ ਉਧਾਰੀਐ॥

ਸ਼ਾਨਿ ਸ਼ਾਂ ਬੇਰੂੰ ਬਵਦ ਅਜ਼ ਗੁਫ਼ਤਗੂ
ਜਾਮਾਇ ਸ਼ਾਂ ਪਾਕ ਅਜ਼ ਸ਼ੁਸਤੋ ਸ਼ੂ॥੧੦੩॥

ਉਲਥਾ : ਉਨ੍ਹਾਂ ਦੀ ਮਹਿਮਾ ਵਰਨਣ ਤੋਂ ਬਾਹਰੀ ਹੈ, ਉਨ੍ਹਾਂ ਦਾ ਚੋਲਾ ਧੁਲਾਈ ਸਫ਼ਾਈ ਬਿਨਾਂ ਹੀ ਪਾਕ ਹੈ।

ਗੁਰਬਾਣੀ : ਜਨ ਕੀ ਮਹਿਮਾ ਕੇਤਕ ਬਰਨਉ ਜੋ ਪ੍ਰਭ ਅਪਨੇ ਭਾਣੇ॥
ਕਹੁ ਨਾਨਕ ਜਿਨ ਸਤਿਗੁਰੁ ਭੇਟਿਆ ਸੇ ਸਭ ਤੇ ਭਏ ਨਿਕਾਣੇ॥

ਅਥਵਾ : ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ॥

ਦਾਂ ਯਕੀਂ ਤਾ ਚੰਦ ਈਂ ਦੁਨੀਆ ਬਵਦ
ਆਖ਼ਰਿਸ਼ ਕਾਰਿ ਤੂ ਬਾ ਮੌਲਾ ਬਵਦ॥੧੦੪॥

ਉਲਥਾ : ਨਿਸ਼ਚੇ ਕਰਕੇ ਜਾਣ, ਇਹ ਦੁਨੀਆ ਕਦ ਤਕ ਰਹੇਗੀ (ਭਾਵ ਨਾਸ ਹੋ ਜਾਏਗੀ) ਅੰਤ ਤੇਰਾ ਵਾਹ ਪਰਮੇਸ਼ਰ ਨਾਲ ਪੈਣਾ ਹੈ।

ਗੁਰਬਾਣੀ : ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ॥
ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ॥੩੮॥

ਪਸ ਜ਼ਿ ਅੱਵਲ ਕੁਨ ਹਦੀਸਿ ਸ਼ਾਹ ਰਾ
ਪੈਰਵੀ ਕੁਨ ਹਾਦੀਏ ਈਂ ਰਾਹ ਰਾ॥੧੦੫॥

ਉਲਥਾ : ਤਾਂ ਤੇ ਮੁੱਢ ਤੋਂ ਪਾਤਸ਼ਾਹ ਦੀ ਕਥਾ-ਕਹਾਣੀ ਕਰ, ਇਸ ਰਾਹ ਵਿਖਾਣ ਵਾਲੇ ਦੇ ਮਗਰ ਤੁਰੀ ਜਾ।

ਗੁਰਬਾਣੀ : ਗੁਰਸਿਖ ਮੀਤ ਚਲਹੁ ਗੁਰ ਚਾਲੀ॥
ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ॥

ਤਾ ਤੂ ਹਮ ਯਾਬੀ ਮੁਰਾਦਿ ਉਮਰ ਰਾ
ਲਜ਼ਤੇ ਯਾਬੀ ਜ਼ ਸ਼ੌਕਿ ਕਿਬਰੀਆ॥੧੦੬॥

ਉਲਥਾ : ਤਾਂ ਜੁ ਤੈਨੂੰ ਭੀ ਜੀਵਨ ਦੀ ਮੁਰਾਦ ਮਿਲ ਜਾਏ, ਪ੍ਰਭੂ ਪ੍ਰੇਮ ਦੇ ਸੁਆਦ ਨੂੰ ਪ੍ਰਾਪਤ ਕਰ ਲਵੇਂ।

ਗੁਰਬਾਣੀ : ਜੀਵਨਾ ਸਫਲ ਜੀਵਨ ਸੁਨਿ ਹਰਿ ਜਪਿ ਜਪਿ ਸਦ ਜੀਵਨਾ ॥ਰਹਾਉ॥
ਪੀਵਨਾ ਜਿਤੁ ਮਨੁ ਆਘਾਵੈ ਨਾਮੁ ਅੰਮ੍ਰਿਤ ਰਸੁ ਪੀਵਨਾ ॥੧॥

ਜਾਹਿਲ ਆਂ-ਜਾ ਸਾਹਿਬਿ-ਦਿਲ ਮੇਸ਼ਵਦ
ਗ਼ਰਕਿ ਦਰਿਆਓ ਬ ਸਾਹਿਲ ਮੇਸ਼ਵਦ ॥੧੦੭॥

ਉਲਥਾ : ਮੂਰਖ ਉਸ ਥਾਂ ਦਿਲ ਦਾ ਮਾਲਕ ਹੋ ਜਾਂਦਾ ਹੈ, (ਪਾਪਾਂ ਦੇ) ਦਰਿਆ ਵਿਚ ਡੁੱਬਿਆ ਕੰਢੇ ਲੱਗ ਜਾਂਦਾ ਹੈ।

ਗੁਰਬਾਣੀ : ਜਾ ਕੈ ਸਿਮਰਨਿ ਮੂਰਖ ਚਤੁਰ ॥
ਜਾ ਕੈ ਸਿਮਰਨਿ ਕੁਲਹ ਉਧਰ ॥੧॥
ਜਾ ਕੈ ਸਿਮਰਨਿ ਭਉ ਦੁਖ ਹਰੈ ॥
ਜਾ ਕੈ ਸਿਮਰਨਿ ਅਪਦਾ ਟਰੈ ॥
ਜਾ ਕੈ ਸਿਮਰਨਿ ਮੁਚਤ ਪਾਪ ॥
ਜਾ ਕੈ ਸਿਮਰਨਿ ਨਹੀ ਸੰਤਾਪ ॥੨॥

ਨਾਕਿਸ ਆਂ-ਜਾ ਆਰਫ਼ਿ ਕਾਮਿਲ ਸ਼ਵਦ
ਯਾਦਿ ਮੌਲਾ ਹਰ ਕਿ ਰਾ ਹਾਸਿਲ ਸ਼ਵਦ ॥੧੦੮॥

ਉਲਥਾ : ਨਾਲਾਇਕ ਉਸ ਥਾਂ ਪੂਰਨ ਗਿਆਨਵੰਤ ਹੋ ਜਾਂਦਾ ਹੈ; (ਪਰ) ਮਾਲਕ ਦਾ ਸਿਮਰਨ ਜਿਸ ਨੂੰ ਕਿ ਪ੍ਰਾਪਤ ਹੋ ਜਾਏ।

ਉਪਰਲੀ ਸ਼ਿਅਰ ਦੀ ਪੁਸ਼ਟੀ ਲਈ ਹੋਰ ਪੜ੍ਹੋ ਪਿਛਲੇ ਸ਼ਿਅਰ ਦੀ ਪੁਸ਼ਟੀ ਲਈ ਦਿੱਤੀਆਂ ਗਈਆਂ ਗੁਰਬਾਣੀ ਦੀਆਂ ਤੁਕਾਂ।

ਈਂ ਅਦਬ ਤਾਜ ਅਸਤ ਬਰ ਅਫ਼ਰਾਕਿ ਕਸ
ਆਂ ਕਿ ਗ਼ਾਫ਼ਿਲ ਨੇਸਤ ਅਜ਼ ਹੱਕ ਯਕ ਨਫ਼ਸ ॥੧੦੯॥

ਉਲਥਾ : ਜੋ ਕਿ ਰੱਬ ਵੱਲੋਂ ਇਕ ਸੁਆਸ (ਲਈ ਵੀ) ਅਵੇਸਲਾ ਨਹੀਂ ਹੈ, ਇਹ ਅਦਬ ਉਸ ਮਨੁੱਖ ਦੇ ਸਿਰ 'ਤੇ ਤਾਜ ਹੈ।

ਗੁਰਬਾਣੀ : ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ ॥
ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ ॥
ਨਾਨਕ ਇਹੁ ਮਰਤਬਾ ਤਿਸਨੋ ਦੇਇ ਜਿਸ ਨੋ ਕਿਰਪਾ ਕਰੇ ਰਜਾਇ ॥

ਹਰ ਕਸੇ ਰਾ ਨੇਸਤ ਈਂ ਦੌਲਤ ਨਸੀਬ
ਦਰਦਿ ਸ਼ਾਂ ਰਾ ਨੇਸਤ ਗ਼ੈਰ ਅਜ਼ ਹੱਕ ਤਬੀਬ ॥੧੧੦॥

ਉਲਥਾ : (ਪਰ) ਹਰ ਮਨੁੱਖ ਨੂੰ ਇਹ ਧਨ ਨਸੀਬ ਨਹੀਂ ਹੁੰਦਾ, ਉਨ੍ਹਾਂ ਦੀ ਪੀੜਾ ਦਾ ਰੱਬ ਬਿਨਾਂ ਕੋਈ ਹਕੀਮ ਨਹੀਂ ਹੈ।

ਗੁਰਬਾਣੀ : ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥

ਦਾਰੂਇ ਹਰ ਦਰਦ ਰਾ ਯਾਦਿ ਖ਼ੁਦਾਸਤ
ਜ਼ਾਂ ਕਿ ਦਰ ਹਰ ਹਾਲ ਹੱਕ ਦਾਰਦ ਰਵਾਸਤ ॥੧੧੧॥

ਉਲਥਾ : ਹਰ ਦੁੱਖ ਦਾ ਦਾਰੂ ਪ੍ਰਭੂ-ਸਿਮਰਨ ਹੈ, ਇਸ ਕਰਕੇ ਜਿਸ ਹਾਲ ਵਿਚ ਰੱਖੇ, (ਸਿਮਰਨ ਵਾਲਿਆਂ ਲਈ) ਉਹੀ ਠੀਕ ਹੈ।

ਗੁਰਬਾਣੀ : ਸਰਬ ਰੋਗ ਕਾ ਅਉਖਦੁ ਨਾਮੁ ॥
ਕਲਿਆਣ ਰੂਪ ਮੰਗਲ ਗੁਣ ਗਾਮ ॥

ਮੁਰਸ਼ਦਿ ਕਾਮਿਲ ਹਮਾ ਰਾ ਆਰਜ਼ੂਸਤ
ਗ਼ੈਰਿ ਮੁਰਸ਼ਦ ਕਸ ਨ ਯਾਬਦ ਰਹ ਬ-ਦੋਸਤ ॥੧੧੨॥

ਉਲਥਾ : ਪੂਰਨ ਗੁਰੂ (ਦੀ ਪ੍ਰਾਪਤੀ) ਸਭ ਦੀ ਇੱਛਾ ਹੈ। ਗੁਰੂ ਬਿਨਾਂ ਮਨੁੱਖ ਮਿੱਤਰ (ਰੱਬ) ਦੀ ਰਾਹ ਨਹੀਂ ਪਾ ਸਕਦਾ।

ਗੁਰਬਾਣੀ : ਸਤਿਗੁਰ ਨੋ ਸਭ ਕੋ ਲੋਚਦਾ ਜੇਤਾ ਜਗਤੁ ਸਭੁ ਕੋਇ ॥
ਬਿਨੁ ਭਾਗਾ ਦਰਸਨੁ ਨਾ ਥੀਐ ਭਾਗਹੀਣ ਬਹਿ ਰੋਇ ॥

ਅਥਵਾ : ਬਿਨੁ ਗੁਰ ਨ ਪਾਵੈਗੋ ਹਰਿ ਜੀ ਕੋ ਦੁਆਰ ॥

ਰਾਹ-ਰਵਾਂ ਰਾ ਰਾਹ ਬਿਸੀਆਰ ਆਮਦਾ
ਕਾਰਵਾਂ ਰਾ ਰਾਹ ਦਰਕਾਰ ਆਮਦਾ ॥੧੧੩॥

ਉਲਥਾ : ਰਾਹੀਆਂ ਲਈ ਬਥੇਰੇ ਰਾਹ ਹਨ, (ਪਰ) (ਗੁਰਮੁਖਾਂ ਦੇ) ਕਾਫ਼ਲੇ ਨੂੰ ਗਾਡੀ ਰਾਹ ਹੀ ਲੋੜੀਂਦਾ ਹੈ।

ਗੁਰਬਾਣੀ : ਸਾਧਿਕ ਸਿਧ ਜਿਸੈ ਕਉ ਫਿਰਦੇ ॥
ਬ੍ਰਹਮੇ ਇੰਦ੍ਰ ਧਿਆਇਨਿ ਹਿਰਦੇ ॥
ਕੋਟਿ ਤੇਤੀਸਾ ਖੋਜਹਿ ਤਾ ਕਉ ਗੁਰ ਮਿਲਿ ਹਿਰਦੈ ਗਾਵਣਿਆ ॥

ਦਮ-ਬ-ਦਮ ਦਰ ਜ਼ਿਕਰਿ ਮੌਲਾ ਹਾਜ਼ਰ ਅੰਦ
ਖੇਸ਼ ਮਨਜ਼ੂਰ ਵਾ ਖ਼ੁਦਾ ਰਾ ਨਾਜ਼ਿਰ ਅੰਦ ॥੧੧੪॥

ਉਲਥਾ : (ਗਾਡੀ ਰਾਹ ਵਾਲੇ) ਸੁਆਸ ਸੁਆਸ ਸੁਆਮੀ ਦੇ ਸਿਮਰਨ ਵਿਚ ਸਾਵਧਾਨ ਰਹਿੰਦੇ ਹਨ, ਆਪ ਉਹ ਪਰਵਾਨ ਅਤੇ ਪਰਮੇਸ਼ਰ ਦੇ ਦਰਸ਼ਕ ਹਨ।

ਗੁਰਬਾਣੀ : ਭਗਤਿ ਕਰਹਿ ਜਨ ਦੇਖਿ ਹਜੂਰਿ ॥
ਸੰਤ ਜਨਾ ਕੀ ਪਗ ਪੰਕਜ ਧੂਰਿ ॥
ਹਰਿ ਸੇਤੀ ਸਦ ਰਹਹਿ ਲਿਵ ਲਾਇ ॥
ਪੂਰੈ ਸਤਿਗੁਰਿ ਦੀਆ ਬੁਝਾਇ ॥

ਮੁਰਸ਼ਦਿ ਕਾਮਿਲ ਹਮਾਂ ਬਾਸ਼ਦ ਹਮਾਂ
ਕਜ਼ ਕਲਾਮਸ਼ ਬੂਇ ਹੱਕ ਆਇਦ ਅਯਾਂ ॥੧੧੫॥

ਉਲਥਾ : ਪੂਰਾ ਗੁਰੂ ਉਹੀ ਹੁੰਦਾ ਹੈ ਉਹੀ ਕਿ ਜਿਸ ਦੀ ਬਾਣੀ ਤੋਂ ਰੱਬ ਦੀ ਸੁਗੰਧੀ ਸਪੱਸ਼ਟ ਆਉਂਦੀ ਹੋਵੇ।

ਗੁਰਬਾਣੀ : ਸੁਨਿ ਕਰਿ ਬਚਨ ਕਰਨ ਆਘਾਨੇ ॥
ਮਨਿ ਸੰਤੋਖੁ ਆਤਮ ਪਤੀਆਨੇ ॥
ਪੂਰਾ ਗੁਰੁ ਅਖੵਓ ਜਾ ਕਾ ਮੰਤ੍ਰ ॥
ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤੁ ॥

ਹਰ ਕਿ ਆਇਦ ਪੇਸ਼ਿ ਏਸ਼ਾਂ ਜ਼ੱਰਾ ਵਾਰ
ਜ਼ੂਦ ਗਰਦਦ ਹਮਚੂ ਮਿਹਰਿ ਨੂਰ ਬਾਰ ॥੧੧੬॥

ਉਲਥਾ : ਜੋ ਕੋਈ ਉਨ੍ਹਾਂ ਕੋਲ ਜੇ ਕਣ ਵਾਂਗ ਆਉਂਦਾ ਹੈ, ਛੇਤੀ ਹੀ ਚਾਨਣ ਵਰ੍ਹਾਉਣ ਵਾਲੇ ਸੂਰਜ ਵਾਂਗ ਹੋ ਜਾਂਦਾ ਹੈ।

ਗੁਰਬਾਣੀ : ਪਵਹੁ ਚਰਣਾ ਤਲਿ ਊਪਰਿ ਆਵਹੁ ਐਸੀ ਸੇਵ ਕਮਾਵਹੁ ॥
ਆਪਸ ਤੇ ਊਪਰਿ ਸਭ ਜਾਣਹੁ ਤਉ ਦਰਗਹ ਸੁਖੁ ਪਾਵਹੁ ॥੧॥
ਸੰਤਹੁ ਐਸੀ ਕਥਹੁ ਕਹਾਣੀ ॥
ਸੁਰ ਪਵਿਤ੍ਰ ਨਰ ਦੇਵ ਪਵਿਤ੍ਰਾ ਖਿਨੁ ਬੋਲਹੁ ਗੁਰਮੁਖਿ ਬਾਣੀ ॥੧॥ਰਹਾਉ॥

ਜ਼ਿੰਦਗੀ ਈਂਸਤ ਬੇ-ਚੂਨੋਂ ਚਿਰਾ
ਬਿਗੁਜ਼ਰਦ ਈਂ ਉਮਰ ਦਰ ਯਾਦਿ ਖ਼ੁਦਾ ॥੧੧੭॥

ਉਲਥਾ : ਜੀਵਨ ਇਹ ਹੈ ਕਿ ਬਿਨਾਂ ਹੀਲ-ਹੁਜਤ, ਇਹ ਆਰਜਾ ਰੱਬ ਦੇ ਸਿਮਰਨ 'ਚ ਬਤੀਤ ਹੋਵੇ।

ਗੁਰਬਾਣੀ : **ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ ਓਇ ਰਾਮ ਨਾਮ ਰੰਗਿ ਰਾਤੇ ॥**
ਤਿਨ੍ ਕੀ ਸੋਭਾ ਸਭਨੀ ਥਾਈ ਜਿਨ੍ ਪ੍ਰਭ ਕੇ ਚਰਣ ਪਰਾਤੇ ॥੧॥
ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ ॥
ਭਗਤਾ ਬਣਿ ਆਈ ਪ੍ਰਭ ਅਪਨੇ ਸਿਉ
ਜਲਿ ਥਲਿ ਮਹੀਅਲਿ ਸੋਈ ॥੧॥ਰਹਾਉ॥

ਖ਼ੁਦ-ਪ੍ਰਸਤੀ ਕਾਰਿ ਨਾਦਾਂ ਆਮਦਾ
ਹੱਕ-ਪ੍ਰਸਤੀ ਜ਼ਾਦਿ ਈਮਾਂ ਆਮਦਾ ॥੧੧੮॥

ਉਲਥਾ : ਆਪੇ ਦੀ ਪੂਜਾ (ਹਉਮੈ ਵਿਚ ਵਿਚਰਨਾ) ਮੂਰਖ ਦਾ ਕੰਮ ਹੈ, ਰੱਬ ਦੀ ਪੂਜਾ ਪਰਮਾਰਥ ਦਾ ਤੋਸ਼ਾ ਹੈ।

ਗੁਰਬਾਣੀ : **ਮੂਰਖ ਆਪੁ ਗਣਾਇਦੇ ਮਰਿ ਜੰਮਹਿ ਹੋਇ ਖੁਆਰੁ ॥**
ਅਥਵਾ : **ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ ॥**

ਹਰ ਦਮੇ ਗ਼ਫ਼ਲਤ ਬਵਦ ਮਰਗਿ ਅਜ਼ੀਮ
ਹੱਕ ਨਿਗਾਹ ਦਾਰਦ ਜ਼ਿ ਸ਼ੈਤਾਨਿ ਰਜੀਮ ॥੧੧੯॥

ਉਲਥਾ : ਹਰ ਇਕ ਸੁਆਸ ਦਾ ਅਵੇਸਲਾਪਨ ਵੱਡੀ ਮੌਤ ਹੈ, ਰੱਬ ਦੁਰਕਾਰੇ ਸ਼ੈਤਾਨ ਤੋਂ ਰੱਖਿਆ ਕਰੇ।

ਗੁਰਬਾਣੀ : **ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥**
ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥
ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥

ਆਂ ਕਿ ਰੋਜ਼ੋ ਸ਼ਬ ਬ-ਯਾਦਸ਼ ਮੁਬਤਲਾ-ਸਤ
ਈਂ ਮਤਾਅ ਅੰਦਰ ਦੁਕਾਨਿ ਔਲੀਆ-ਸਤ ॥੧੨੦॥

ਉਲਥਾ : ਉਹ ਜੋ ਦਿਨ ਰਾਤ ਉਸ (ਪ੍ਰਭੂ) ਦੇ ਸਿਮਰਨ ਸੰਗ ਮਗਨ ਹੈ; ਇਹੋ ਰਾਸ-ਪੂੰਜੀ ਗੁਰਮੁਖਾਂ ਦੇ ਹੱਟ (ਹਠ-ਹਿਰਦੇ) ਅੰਦਰ ਹੈ।

ਗੁਰਬਾਣੀ : **ਹਰਿ ਮੇਰੀ ਪੂੰਜੀ ਮੇਰਾ ਹਰਿ ਵੇਸਾਹੁ ॥**
ਗੁਰਮੁਖਿ ਧਨੁ ਖਟੀ ਹਰਿ ਮੇਰਾ ਸਾਹੁ ॥

ਕਿਹਤਰੀਨ ਬੰਦਾਇ ਦਰਗਾਹਿ ਸ਼ਾਂ
ਬਿਹਤਰ ਅਸਤ ਅਜ਼ ਬਾਦਸ਼ਾਹਾਨਿ ਜਹਾਂ ॥੧੨੧॥

ਉਲਥਾ : ਉਨ੍ਹਾਂ ਦੀ ਦਰਗਾਹ ਦਾ ਸਭ ਤੋਂ ਨੀਵਾਂ ਸੇਵਕ ਸੰਸਾਰ ਦੇ ਬਾਦਸ਼ਾਹਾਂ ਨਾਲੋਂ ਚੰਗਾ ਹੈ।

ਗੁਰਬਾਣੀ : ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥
ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥

ਬਸ ਬਜ਼ੁਰਗਾਂ ਕੂ ਫ਼ਿਦਾਇ ਰਾਹਿ ਸ਼ਾਂ
ਸੁਰਮਾਇ ਚਸ਼ਮਮ ਜ਼ਿ ਖ਼ਾਕਿ ਰਾਹਿ ਸ਼ਾਂ ॥੧੨੨॥

ਉਲਥਾ : ਬਹੁਤ ਮਹਾਂਪੁਰਸ਼ ਜੋ ਉਨ੍ਹਾਂ ਦੇ ਰਾਹ 'ਤੇ ਕੁਰਬਾਨ ਹਨ, ਉਨ੍ਹਾਂ ਦੇ ਰਾਹ ਦੀ ਧੂੜ ਤੋਂ ਮੇਰੀਆਂ ਅੱਖਾਂ ਦਾ ਸੁਰਮਾ ਹੈ।

ਗੁਰਬਾਣੀ : ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ॥
ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ ॥

ਹਮਚੁਨੀਂ ਪਿੰਦਾਰ ਖ਼ੁਦ ਰਾ ਐ ਅਜ਼ੀਜ਼
ਤਾ ਸ਼ਵੀ ਐ ਜਾਨਿ ਮਨ ਮਰਦਿ ਤਮੀਜ਼ ॥੧੨੩॥

ਉਲਥਾ : ਇਸ ਤਰ੍ਹਾਂ ਹੀ ਆਪਣੇ ਆਪ ਨੂੰ ਜਾਣ, ਹੇ ਪਿਆਰੇ, ਤਾਂ ਜੋ ਮੇਰੀ ਜਾਨ! ਬਿਬੇਕ ਬੁੱਧੀ ਵਾਲਾ ਮਨੁੱਖ ਬਣ ਜਾਏਂ।

ਗੁਰਬਾਣੀ : ਤ੍ਰਿਪਤਿ ਅਘਾਵਨੁ ਸਾਚੈ ਨਾਇ ॥
ਅਠਸਠਿ ਮਜਨੁ ਸੰਤ ਧੂਰਾਇ ॥੨॥
ਸਭ ਮਹਿ ਜਾਨਉ ਕਰਤਾ ਏਕ ॥
ਸਾਧਸੰਗਤਿ ਮਿਲਿ ਬੁਧਿ ਬਿਬੇਕ ॥੩॥

ਸਾਹਿਬਾਂ ਰਾ ਬੰਦਾ ਬਿਸੀਆਰ ਆਮਦਾ
ਬੰਦਾ ਰਾ ਬਾ-ਬੰਦਗੀ ਕਾਰ ਆਮਦਾ ॥੧੨੪॥

ਉਲਥਾ : ਸਾਹਿਬਾਂ ਪਾਸ ਸੇਵਕ ਤਾਂ ਬਹੁਤ ਹਨ, (ਪਰ) ਸੇਵਕ ਨੂੰ ਤਾਂ ਸੇਵਾ ਨਾਲ ਹੀ ਕੰਮ ਹੈ।

ਗੁਰਬਾਣੀ : ਅਨਿਕ ਭਗਤ ਬੰਦਨ ਨਿਤ ਕਰਹਿ ॥
ਚਰਨ ਕਮਲ ਹਿਰਦੈ ਸਿਮਰਹਿ ॥

ਅਥਵਾ : ਸੇਵਕ ਕਉ ਸੇਵਾ ਬਨਿ ਆਈ॥
ਹੁਕਮੁ ਬੂਝਿ ਪਰਮ ਪਦੁ ਪਾਈ॥

ਪਸ ਤੁਰਾ ਬਾਇਦ ਕਿ ਖ਼ਿਦਮਤਗਾਰਿ ਸ਼ਾਂ
ਬਾਸ਼ੀ ਵ ਹਰਗਿਜ਼ ਨ-ਬਾਸ਼ੀ ਯਾਰਿ ਸ਼ਾਂ॥੧੨੫॥

ਉਲਥਾ : ਇਸ ਲਈ ਤੈਨੂੰ ਚਾਹੀਦਾ ਹੈ ਕਿ ਉਨ੍ਹਾਂ ਦਾ ਸੇਵਕ ਬਣੀਂ ਅਤੇ ਕਦੇ ਵੀ ਉਨ੍ਹਾਂ ਦਾ ਯਾਰ ਨਾ ਬਣੀਂ, ਭਾਵ ਉਨ੍ਹਾਂ ਦੀ ਬਰਾਬਰੀ ਨਾ ਕਰੀਂ।

ਗੁਰਬਾਣੀ : ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ॥
ਹੁਰਮਤਿ ਤਿਸ ਨੋ ਅਗਲੀ ਓਹੁ ਵਜਹੁ ਭਿ ਦੂਣਾ ਖਾਇ॥
ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ॥
ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ॥

ਗਰਚਿਹ ਯਾਰੀ-ਦਿਹ ਨ ਗ਼ੈਰ ਅਜ਼ ਸਾਲਿਕੇਸਤ
ਲੇਕ ਦਰ ਗੁਫ਼ਤਨ ਚੁਨੀਂ ਐਬੇ ਬਸੇਸਤ॥੧੨੬॥

ਉਲਥਾ : ਭਾਵੇਂ ਸਹਾਇਤਾ ਦੇਣ ਵਾਲਾ ਗੁਰਮੁਖਾਂ ਤੋਂ ਬਿਨਾਂ ਕੋਈ ਸ਼ਖ਼ਸ ਨਹੀਂ, ਪਰੰਤੂ ਉਨ੍ਹਾਂ ਨੂੰ ਐਸਾ (ਯਾਰ) ਕਹਿਣ ਵਿਚ ਭਾਰੀ ਦੋਸ਼ ਹੈ।

ਗੁਰਬਾਣੀ : ਸੰਤਨ ਬਿਨੁ ਅਵਰੁ ਨ ਦਾਤਾ ਬੀਆ॥
ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ॥

ਜ਼ੱਰਾ ਰਾ ਦੀਦਮ ਕਿ ਖ਼ੁਰਸ਼ੀਦਿ-ਜਹਾਂ
ਸ਼ੁਦ ਜ਼ਿ ਫ਼ੈਜ਼ਿ ਸੁਹਬਤਿ ਸਾਹਿਬ-ਦਿਲਾਂ॥੧੨੭॥

ਉਲਥਾ : ਕਣ ਨੂੰ ਮੈਂ ਵੇਖਿਆ ਕਿ ਦਿਲਾਂ ਦੇ ਸਾਹਿਬਾਂ ਦੀ ਸੰਗਤ ਦੀ ਮਹਾਨ ਬਖ਼ਸ਼ਸ਼ ਨਾਲ ਸੰਸਾਰ ਲਈ ਸੂਰਜ ਬਣ ਗਿਆ।

ਗੁਰਬਾਣੀ : ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥
ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥੧॥ਰਹਾਉ॥
ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ॥
ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ॥

ਕੀਸਤ ਸਾਹਿਬ-ਦਿਲ ਕਿ ਹੱਕ ਬਿਸ਼ਨਾਦਸ਼॥
ਕਜ਼ ਲਕਾਇਸ਼ ਸ਼ੌਕਿ ਹੱਕ ਮੇ-ਬਾਰਦਸ਼॥੧੨੮॥

ਉਲਥਾ : ਸਾਹਿਬ-ਦਿਲ ਕੌਣ ਹੈ ? ਜੋ ਰੱਬ ਨੂੰ ਹੀ ਪਛਾਣਦਾ ਹੈ। ਉਸ ਦੇ ਚਿਹਰੇ ਤੋਂ ਰੱਬ ਦਾ ਸ਼ੌਕ ਹੀ ਟਪਕਦਾ ਹੈ।

ਗੁਰਬਾਣੀ : ਸੰਤ ਰਹਤ ਸੁਨਹੁ ਮੇਰੇ ਭਾਈ ॥
ਉਆ ਕੀ ਮਹਿਮਾ ਕਥਨੁ ਨ ਜਾਈ ॥੧॥ਰਹਾਉ॥
ਵਰਤਣਿ ਜਾ ਕੈ ਕੇਵਲ ਨਾਮ ॥
ਅਨਦ ਰੂਪ ਕੀਰਤਨੁ ਬਿਸ੍ਰਾਮ ॥
ਮਿਤ੍ਰ ਸਤ੍ਰ ਜਾ ਕੈ ਏਕ ਸਮਾਨੈ ॥
ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ ॥੨॥

ਸੁਹਬਤਿ ਸ਼ਾਂ ਸ਼ੌਕਿ ਹੱਕ ਬਖ਼ਸ਼ਦ ਤੁਰਾ
ਅਜ਼ ਕਿਤਾਬਿ ਹਕ ਸਬਕ ਬਖਸ਼ਦ ਤੁਰਾ ॥੧੨੯॥

ਉਲਥਾ : ਉਨ੍ਹਾਂ ਦੀ ਸੰਗਤ ਤੈਨੂੰ ਰੱਬ ਦਾ ਸ਼ੌਕ ਬਖ਼ਸ਼ੇਗੀ, ਰੱਬ ਦੇ ਗ੍ਰੰਥ (ਗੁਰੂ ਗ੍ਰੰਥ ਸਾਹਿਬ) ਤੋਂ ਪਾਠ ਪੜ੍ਹਾਏਗੀ।

ਗੁਰਬਾਣੀ : ਜਿਨ ਡਿਠਿਆ ਮਨੁ ਰਹਸੀਐ ਕਿਉ ਪਾਈਐ ਤਿਨ੍ ਸੰਗੁ ਜੀਉ ॥
ਸੰਤ ਸਜਨ ਮਨ ਮਿਤ੍ਰ ਸੇ ਲਾਇਨਿ ਪ੍ਰਭ ਸਿਉ ਰੰਗੁ ਜੀਉ ॥

ਜ਼ੱਰਾ ਰਾ ਖੁਰਸ਼ੀਦਿ ਅਨਵਰ ਮੇ-ਕੁਨੰਦ
ਖ਼ਾਕ ਰਾ ਅਜ਼ ਹੱਕ ਮੁਨੱਵਰ ਮੇ-ਕੁਨੰਦ ॥੧੩੦॥

ਉਲਥਾ : (ਉਹ) ਜ਼ੱਰੇ ਨੂੰ ਨਿਰਾ ਨੂਰਾਨੀ ਮਾਰਤੰਡ (ਸੂਰਜ) ਬਣਾ ਦਿੰਦੇ ਹਨ; ਮਿੱਟੀ ਨੂੰ ਨਾਮ ਰਾਹੀਂ ਚਮਕੀਲਾ ਬਣਾ ਦਿੰਦੇ ਹਨ।

ਗੁਰਬਾਣੀ : ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ ॥
ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ ॥

ਜਿਸਮਿ ਸ਼ਾਂ ਖ਼ਾਕੀ ਵ ਦਰ ਵੈ ਨੂਰਿ ਹੱਕ
ਅੰਦਰੂਨਸ਼ ਚਾਰ ਸੂ ਵ ਨੁਹ ਤਬਕ ॥੧੩੧॥

ਉਲਥਾ : ਉਨ੍ਹਾਂ ਦਾ ਸਰੀਰ ਤਾਂ ਮਿੱਟੀ ਦਾ ਹੈ ਅਤੇ ਉਸ ਵਿਚ ਰੱਬੀ ਜੋਤਿ (ਹੈ, ਜੋ) ਚਾਰ ਪਾਸੇ ਅਤੇ ਨਵਾਂ ਖੰਡਾਂ ਵਿਚ (ਸਾਖ਼ਸ਼ਾਤ ਹੋ ਰਹੀ ਹੈ)।

ਗੁਰਬਾਣੀ : ਕਾਇਆ ਅੰਦਰਿ ਰਤਨ ਪਦਾਰਥ ਭਗਤਿ ਭਰੇ ਭੰਡਾਰਾ ॥
ਇਸੁ ਕਾਇਆ ਅੰਦਰਿ ਨਉਖੰਡ ਪ੍ਰਿਥਮੀ ਹਾਟ ਪਟਣ ਬਾਜਾਰਾ ॥

ਖਿਦਮਤਿ ਸ਼ਾਂ ਬੰਦਗੀਇ ਹੱਕ ਬਵਦ
ਕਾਂ ਕਬੂਲਿ ਕਾਦਰਿ ਮੁਤਲਿਕ ਬਵਦ ॥੧੩੨॥

ਉਲਥਾ : ਉਨ੍ਹਾਂ ਦੀ ਸੇਵਾ ਰੱਬ ਦੀ ਬੰਦਗੀ ਹੈ, ਕਿਉਂਕਿ ਉਹ ਪੂਰਨ ਸ਼ਕਤੀਮਾਨ ਨੂੰ ਪ੍ਰਵਾਨ ਹੈ।

ਗੁਰਬਾਣੀ : ਜੋ ਜਨ ਧਿਆਵਹਿ ਹਰਿ ਹਰਿ ਨਾਮਾ ॥
ਤਿਨ ਦਾਸਨਿ ਦਾਸ ਕਰਹੁ ਹਮ ਰਾਮਾ ॥
ਜਨ ਕੀ ਸੇਵਾ ਊਤਮ ਕਾਮਾ ॥

ਬੰਦਗੀ ਕੁਨ ਆਂ ਕਿ ਊ ਬਾਸ਼ਦ ਕਬੂਲ
ਕਦਰਿ ਊ ਰਾ ਕੈ ਬਿਦਾਨਦ ਹਰ ਜਹੂਲ ॥੧੩੩॥

ਉਲਥਾ : (ਇਸ ਸ਼ਿਅਰ ਵਿਚ ਵੀ ਬੰਦਗੀ ਤੋਂ ਭਾਵ ਪ੍ਰਵਾਨ ਪਏ ਪੁਰਸ਼ਾਂ ਦੀ ਸੇਵਾ ਹੀ ਹੈ) ਸੇਵਾ ਕਰ ਇਸ ਲਈ ਕਿ ਉਹ ਪ੍ਰਵਾਨ ਪੈਂਦੀ ਹੈ, ਉਸ ਦੀ ਕਦਰ ਹਰ ਮੂਰਖ ਉੱਜਡ ਕਿਵੇਂ ਜਾਣ ਸਕਦਾ ਹੈ ?

ਗੁਰਬਾਣੀ : ਸੇਵਕ ਕਾ ਹੋਇ ਸੇਵਕੁ ਵਰਤਾ ਕਰਿ ਕਰਿ ਬਿਨਉ ਬੁਲਾਈ ॥

ਹਸਤ ਕਾਰੇ ਰੋਜ਼ੋ ਸ਼ਬ ਦਰ ਯਾਦਿ ਊ
ਯਕ ਨਫ਼ਸ ਖ਼ਾਲੀ ਨਮੇ ਬਾਸ਼ਦ ਅਜ਼ੂ ॥੧੩੪॥

ਉਲਥਾ : ਦਿਨ ਰਾਤ ਉਸ ਦੇ ਸਿਮਰਨ ਵਿਚ ਰਹਿਣਾ (ਗੁਰਮੁਖਾਂ) ਉਨ੍ਹਾਂ ਦਾ ਕੰਮ ਹੈ, (ਉਨ੍ਹਾਂ ਦਾ) ਇਕ ਸੁਆਸ ਉਸ (ਸਿਮਰਨ) ਤੋਂ ਵਿਰਵਾ ਨਹੀਂ ਹੁੰਦਾ।

ਗੁਰਬਾਣੀ : ਗੁਰਮੁਖਿ ਹਰਿ ਹਰਿ ਨਾਮੁ ਜਪੰਨਿ ॥
ਹਉ ਤਿਨ ਕੈ ਬਲਿਹਾਰਣੈ ਮਨਿ ਹਰਿ ਗੁਣ ਸਦਾ ਰਵੰਨਿ ॥

ਚਸ਼ਮਿ ਸ਼ਾਂ ਰੌਸ਼ਨ ਜ਼ਿ ਦੀਦਾਰਿ ਅੱਲਾਹ
ਦਰ ਲਿਬਾਸ ਅੰਦਰ ਗਦਾ ਓ ਬਾਦਸ਼ਾਹ ॥੧੩੫॥

ਉਲਥਾ : ਉਨ੍ਹਾਂ ਦੇ ਨੇਤਰ ਅੱਲ੍ਹਾ ਦੇ ਦਰਸ਼ਨਾਂ ਨਾਲ ਰੌਸ਼ਨ ਹਨ, ਫ਼ਕੀਰੀ ਭੇਸ ਵਿਚ ਹਨ ਅਤੇ ਬਾਦਸ਼ਾਹ ਹਨ।

ਗੁਰਬਾਣੀ : ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥
ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥
ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥

ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥
ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ॥

ਬਾਦਸ਼ਾਹੀ ਆਂ ਕਿ ਊ ਦਾਇਮ ਬਵਦ
ਹਮ ਚੂ ਜ਼ਾਤਿ ਪਾਕਿ ਹੱਕ ਕਾਇਮ ਬਵਦ॥੧੩੬॥

ਉਲਥਾ : (ਸੱਚੀ) ਬਾਦਸ਼ਾਹੀ ਉਹ ਹੈ ਕਿ ਉਹ ਸਦੀਵ ਰਹੇ; ਰੱਬ ਦੀ ਪਵਿੱਤਰ ਜਾਤ ਵਾਂਗ ਟਿਕੀ ਰਹੇ।

ਗੁਰਬਾਣੀ : ਕਾਇਮੁ ਦਾਇਮੁ ਸਦਾ ਪਾਤਿਸਾਹੀ॥
ਦੋਮ ਨ ਸੇਮ ਏਕਸੋ ਆਹੀ॥

ਰਸਮਿ ਸ਼ਾਂ ਆਈਨਿ ਦਰਵੇਸ਼ੀ ਬਵਦ
ਬਾ ਖ਼ੁਦਾ ਓ ਬਾ ਹਮਾ ਖੇਸ਼ੀ ਬਵਦ॥੧੩੭॥

ਉਲਥਾ : ਉਨ੍ਹਾਂ ਦੀ ਰਹੁ-ਰੀਤੀ ਗੁਰਸਿਖੀ ਦਾ ਵਿਧਾਨ ਹੁੰਦੀ ਹੈ, (ਉਨ੍ਹਾਂ ਦੀ) ਰੱਬ ਨਾਲ ਅਤੇ ਸਭ ਨਾਲ ਅਪਣੱਤ ਹੁੰਦੀ ਹੈ।

ਗੁਰਬਾਣੀ : ਜਿਨਾ ਅੰਦਰਿ ਨਾਮੁ ਨਿਧਾਨੁ ਹਰਿ ਤਿਨ ਕੇ ਕਾਜ ਦਯਿ ਆਦੇ ਰਾਸਿ॥...
ਜਾਂ ਕਰਤਾ ਵਲਿ ਤਾ ਸਭੁ ਕੋ ਵਲਿ ਸਭਿ ਦਰਸਨੁ ਦੇਖਿ ਕਰਹਿ ਸਾਬਾਸਿ॥

ਹਰ ਗਦਾ ਰਾ ਇਜ਼ ਜਾਹੇ ਮੇਦਿਹੰਦ
ਦੌਲਤੇ ਬੇ-ਇਸ਼ਤਬਾਹੇ ਮੇਦਿਹੰਦ॥੧੩੮॥

ਉਲਥਾ : ਹਰ ਭਿਖਾਰੀ ਨੂੰ ਮਾਨ ਅਤੇ ਮਰਤੱਬਾ ਦੇ ਦਿੰਦੇ ਹਨ, ਉਹ (ਸੱਚਾ) ਧਨ ਦਿੰਦੇ ਹਨ, ਜਿਸ ਬਾਰੇ ਕੋਈ ਸ਼ੱਕ ਸੰਸਾ ਨਹੀਂ ਹੈ।

ਗੁਰਬਾਣੀ : ਸਾਧਾ ਸਰਣੀ ਜੋ ਪਵੈ ਸੁ ਛੁਟੈ ਬਧਾ॥
ਗੁਣ ਗਾਵੈ ਅਬਿਨਾਸੀਐ ਜੋਨਿ ਗਰਭਿ ਨ ਦਧਾ॥

ਨਾਕਸਾਂ ਰਾ ਆਰਿਫ਼ਿ ਕਾਮਿਲ ਮੇ-ਕੁਨੰਦ
ਬੇ-ਦਿਲਾਂ ਰਾ ਸਾਹਿਬਿ-ਦਿਲ ਮੇਕੁਨੰਦ॥੧੩੯॥

ਉਲਥਾ : ਨਾਲਾਇਕਾਂ ਨੂੰ ਨਦਰ ਰਾਹੀਂ ਪੂਰਾ-ਸੂਰਾ ਕਰ ਦਿੰਦੇ ਹਨ। ਬੁਝੇ ਦਿਲਾਂ ਨੂੰ ਬੂਝ-ਸੂਝ (ਰੌਸ਼ਨ-ਦਿਲ) ਵਾਲੇ ਕਰ ਦਿੰਦੇ ਹਨ।

ਗੁਰਬਾਣੀ : ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ ਸਭ ਆਤਮ ਰਾਮੁ ਪਛਾਣੀ॥
ਏਕੋ ਸੇਵਨਿ ਏਕੁ ਅਰਾਧਹਿ ਗੁਰਮੁਖਿ ਅਕਥ ਕਹਾਣੀ॥੬॥

ਸਚਾ ਸਾਹਿਬੁ ਸੇਵੀਐ ਗੁਰਮੁਖਿ ਵਸੈ ਮਨਿ ਆਇ ॥
ਸਦਾ ਰੰਗਿ ਰਾਤੇ ਸਚ ਸਿਉ ਅਪੁਨੀ ਕਿਰਪਾ ਕਰੇ ਮਿਲਾਇ ॥੭॥
ਆਪੇ ਕਰੇ ਕਰਾਏ ਆਪੇ ਇਕਨਾ ਸੁਤਿਆ ਦੇਇ ਜਗਾਇ ॥
ਆਪੇ ਮੇਲਿ ਮਿਲਾਇਦਾ ਨਾਨਕ ਸਬਦਿ ਸਮਾਇ ॥੮॥

ਖ਼ੁਦ-ਪ੍ਰਸਤੀ ਅਜ਼ ਮਿਆਂ ਬਰਦਾਸ਼ਤੰਦ
ਤੁਖ਼ਮਿ ਹੱਕ ਦਰ ਕਿਸ਼ਤਿ ਦਿਲਹਾ ਕਾਸ਼ਤੰਦ ॥੧੪੦॥

ਉਲਥਾ : ਆਪ-ਭਾਵ ਅੰਦਰ (ਹਿਰਦੇ) ਤੋਂ ਉਠਾ ਦਿੰਦੇ ਹਨ, ਸੱਚ (ਨਾਮ) ਦਾ ਬੀਜ ਦਿਲਾਂ ਦੇ ਖੇਤ ਵਿਚ ਬੀਜ ਦਿੰਦੇ ਹਨ।

ਗੁਰਬਾਣੀ : ਸੋਹਨਿ ਭਗਤ ਪ੍ਰਭੂ ਦਰਬਾਰੇ ॥
ਮੁਕਤੁ ਭਏ ਹਰਿ ਦਾਸ ਤੁਮਾਰੇ ॥
ਆਪੁ ਗਵਾਇ ਤੇਰੈ ਰੰਗਿ ਰਾਤੇ ਅਨਦਿਨੁ ਨਾਮੁ ਧਿਆਇਦਾ ॥

ਅਥਵਾ : ਨਾਮੁ ਖੇਤੀ ਬੀਜਹੁ ਭਾਈ ਮੀਤ ॥

ਅਥਵਾ : ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥

ਖੇਸ਼ਤਨ ਰਾ ਹੇਚ ਮੇ ਦਾਨੰਦ ਸ਼ਾਂ
ਹਰਫ਼ਿ ਹੱਕ ਰਾ ਰੋਜ਼ੋ ਸ਼ਬ ਖ਼ਾਨੰਦ ਸ਼ਾਂ ॥੧੪੧॥

ਉਲਥਾ : ਆਪ ਨੂੰ ਉਹ ਤੁੱਛ ਜਾਣਦੇ ਹਨ; ਸੱਚ ਦਾ ਅੱਖਰ ਦਿਨ ਰਾਤ ਵਖਾਣਦੇ (ਪੜ੍ਹਦੇ) ਹਨ।

ਗੁਰਬਾਣੀ : ਆਪੈ ਆਪੁ ਖਾਇ ਹਉ ਮੇਟੈ ਅਨਦਿਨੁ ਹਰਿ ਰਸ ਗੀਤ ਗਵਈਆ ॥...
ਖਿਨੁ ਪਲੁ ਰਹਿ ਨ ਸਕਉ ਬਿਨੁ ਨਾਵੈ ਗੁਰਮੁਖਿ ਹਰਿ ਹਰਿ ਪਾਠ ਪੜਈਆ ॥

ਤਾ ਕੁਜਾ ਔਸਾਫ਼ਿ ਮਰਦਾਨਿ ਖ਼ੁਦਾਸਤ
ਅਜ਼ ਹਜ਼ਾਰਾਂ ਗਰ ਯਕੇ ਗੋਇਮ ਰਵਾਸਤ ॥੧੪੨॥

ਉਲਥਾ : ਕਿਥੋਂ ਤਕ ਪ੍ਰਭੂ-ਪੁਰਸ਼ਾਂ ਦੇ ਗੁਣ ਹਨ, ਹਜ਼ਾਰਾਂ 'ਚੋਂ ਜੇ ਇਕ ਹੀ ਕਹਿ ਸਕਾਂ, ਇਹੀ ਠੀਕ ਹੈ।

ਗੁਰਬਾਣੀ : ਸਗਲ ਗੁਣ ਅਵਗਣੁ ਨ ਕੋਈ ਹੋਹਿ ਨੀਤਾ ਨੀਤਾ ॥
ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥

ਹਮਚੁਨੀਂ ਮਰਦੁਮ ਬਜ਼ੂ ਕਆਂ ਕੀਸਤੰਦ
ਦੀਗਰਾਂ ਮੁਰਦੰਦ ਈਹਾਂ ਜ਼ੀਸਤੰਦ ॥੧੪੩॥

ਉਲਥਾ : ਅਜਿਹੇ ਪੁਰਸ਼ਾਂ ਨੂੰ ਢੂੰਢ, ਕਿ ਉਹ ਕੀ ਹਨ? ਦੂਜੇ ਮੋਏ ਹਨ ਅਤੇ ਇਹੀ ਜੀਂਦੇ ਹਨ।

ਗੁਰਬਾਣੀ : **ਜਿਨ੍ਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥**
ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ॥

ਜ਼ੀਸਤਨ ਰਾ ਮਾਅਨੀ ਦਾਨੀ ਕਿਹ ਚੀਸਤ
ਐ ਖ਼ੁਸ਼ਾ ਉਮਰੇ ਕਿ ਦਰ ਯਾਦਸ਼ ਬਜ਼ੀਸਤ ॥੧੪੪॥

ਉਲਥਾ : ਜੀਊਣ ਦਾ ਅਰਥ, ਕੀ ਤੂ ਜਾਣਦਾ ਹੈ ਕਿ ਕੀ ਹੈ? ਓਏ, ਉਹੀ ਅਉਧ ਉਤਮ ਹੈ, ਜੋ ਕਿ ਉਸਦੇ ਸਿਮਰਨ 'ਚ ਜੀਵੀ ਗਈ।

ਗੁਰਬਾਣੀ : **ਬਿਨੁ ਸਿਮਰਨ ਕੋਟਿ ਬਰਖ ਜੀਵੈ ਸਗਲੀ ਅਉਧ ਬ੍ਰਿਥਾਨਦ ॥**
ਏਕ ਨਿਮਖ ਗੋਬਿੰਦ ਭਜਨੁ ਕਰਿ ਤਉ ਸਦਾ ਸਦਾ ਜੀਵਾਨਦ ॥

ਮਰਦਿ ਆਰਿਫ਼ ਜ਼ਿੰਦਾ ਅਜ਼ ਇਰਫ਼ਾਨਿ ਊਸਤ
ਨਿਅਮਤਿ ਹਰ ਦੋ ਜਹਾਂ ਦਰ ਖ਼ਾਨਾਇ ਊਸਤ ॥੧੪੫॥

ਉਲਥਾ : ਗਿਆਨਵਾਨ ਪੁਰਸ਼ ਉਸ (ਪ੍ਰਭੂ) ਦੇ ਗਿਆਨ ਕਰਕੇ ਜੀਊਂਦਾ ਹੈ। ਦੋਨਾਂ ਹੀ ਜਹਾਨਾਂ ਦੇ ਸੁੱਖ ਉਸ ਦੇ ਘਰ ਵਿਚ ਹਨ।

ਗੁਰਬਾਣੀ : **ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥**
ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥

ਮਾਅਨੀਇ ਈਂ ਜ਼ਿੰਦਗੀ ਯਾਦਿ ਖ਼ੁਦਾਸਤ
ਕਜ਼ ਤੁਫ਼ੈਲਸ਼ ਜ਼ਿੰਦਾ ਜਾਨਿ ਔਲੀਆਸਤ ॥੧੪੬॥

ਉਲਥਾ : ਇਸ ਜੀਵਨ ਦਾ ਅਰਥ ਹੀ ਰੱਬ ਦਾ ਸਿਮਰਨ ਹੈ। ਇਸੇ (ਸਿਮਰਨ) ਦੀ ਬਰਕਤ ਨਾਲ ਪ੍ਰਭੂ-ਪਿਆਰਿਆਂ ਦੀ ਜਾਨ ਕਾਇਮ ਹੈ।

ਗੁਰਬਾਣੀ : **ਮਰਣੰ ਬਿਸਰਣੰ ਗੋਬਿੰਦਹ ॥**
ਜੀਵਣੰ ਹਰਿ ਨਾਮ ਧੵਾਵਣਹ ॥
ਲਭਣੰ ਸਾਧ ਸੰਗੇਣ ॥
ਨਾਨਕ ਹਰਿ ਪੂਰਬਿ ਲਿਖਣਹ ॥

ਜ਼ਿਕਰਿ ਊ ਬਰ ਹਰ ਜ਼ਬਾਨ ਗੋਯਾ ਸ਼ੁਦਾ
ਹਰ ਦੋ ਆਲਮ ਰਾਹਿ ਹੱਕ ਜੂਯਾ ਸ਼ੁਦਾ ॥੧੪੭॥

ਉਲਥਾ : ਉਸਦਾ ਜ਼ਿਕਰ ਹਰ ਜੀਭਾਂ 'ਤੇ ਹੋ ਰਿਹਾ ਹੈ। ਦੋਵੇਂ ਜਹਾਨ ਰੱਬ ਦੇ ਰਾਹ ਦੇ ਢੂੰਡਾਊ ਹੋ ਰਹੇ ਹਨ।

ਗੁਰਬਾਣੀ : ਸਭੁ ਕੋਊ ਕਹੈ ਜਾਸੁ ਕੀ ਬਾਤਾ ॥
ਸੋ ਸੰਮ੍ਰਥੁ ਨਿਜ ਪਤਿ ਹੈ ਦਾਤਾ ॥

ਜੁਮਲਾ ਮੇ-ਖ਼ਾਨੰਦ ਜ਼ਿਕਰਿ ਜ਼ੁਲਜਲਾਲ
ਐ ਜ਼ਹੇ ਕੀਲੋ ਜ਼ਹੇ ਫ਼ਰਖ਼ੰਦਾ ਕਾਲ ॥੧੪੮॥

ਉਲਥਾ : ਸਾਰੇ (ਉਸ) ਜਲਾਲ ਵਾਲੇ (ਰੱਬ) ਦੀਆਂ ਗੱਲਾਂ-ਬਾਤਾਂ ਪੜ੍ਹਦੇ ਹਨ; ਓ ਧੰਨ ਹਨ (ਉਹ) ਬੋਲ ਅਤੇ ਮੁਬਾਰਕ ਹੈ ਗੋਸ਼ਟੀ।

ਗੁਰਬਾਣੀ : ਨਾਮਿ ਰਤੇ ਸਿਧ ਗੋਸਟਿ ਹੋਇ ॥
ਨਾਮਿ ਰਤੇ ਸਦਾ ਤਪੁ ਹੋਇ ॥
ਨਾਮਿ ਰਤੇ ਸਚੁ ਕਰਣੀ ਸਾਰੁ ॥
ਨਾਮਿ ਰਤੇ ਗੁਣ ਗਿਆਨ ਬੀਚਾਰੁ ॥
ਬਿਨੁ ਨਾਵੈ ਬੋਲੈ ਸਭੁ ਵੇਕਾਰੁ ॥
ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ ॥

ਕੀਲੋ ਕਾਲ ਗਰ ਬਰਾਇ ਹੱਕ ਬਵਦ
ਅਜ਼ ਬਰਾਇ ਕਾਦਰਿ ਮੁਤਲਿਕ ਬਵਦ ॥੧੪੯॥

ਉਲਥਾ : ਗੱਲ-ਬਾਤ ਅਤੇ ਗੋਸ਼ਟੀ ਜੇ ਸੱਚ ਬਾਰੇ ਹੋਵੇ (ਤਾਂ ਉਹ) ਪੂਰਨ ਸ਼ਕਤੀਮਾਨ ਦੇ ਬਾਰੇ ਹੀ ਹੋਵੇਗੀ।

ਗੁਰਬਾਣੀ : ਸੰਤੁ ਮਿਲੈ ਕਿਛੁ ਸੁਨੀਐ ਕਹੀਐ ॥
ਮਿਲੈ ਅਸੰਤੁ ਮਸਟਿ ਕਰਿ ਰਹੀਐ ॥

ਯਾਫ਼ਤ ਈਂ ਸਰਮਾਯਾਇ ਉਮਰਿ ਨਜੀਬ
ਹਸਤ ਅੰਦਰ ਸੁਹਬਤਿ ਏਸ਼ਾਂ ਨਸੀਬ ॥੧੫੦॥

ਉਲਥਾ : ਸੁਹਾਵੀ ਉਮਰ ਦਾ ਇਹ ਧਨ ਇਨ੍ਹਾਂ (ਸਿੱਖਾਂ-ਸੰਤਾਂ) ਦੀ ਸੰਗਤ ਵਿੱਚੋਂ ਮਿਲਦਾ ਹੈ।

ਗੁਰਬਾਣੀ : ਸਤਸੰਗਤੀ ਸੰਗਿ ਹਰਿ ਧਨੁ ਖਟੀਐ
ਹੋਰਥੈ ਹੋਰਤੁ ਉਪਾਇ ਹਰਿ ਧਨੁ ਕਿਤੈ ਨ ਪਾਈ ॥

ਆਂ ਰਵਾ ਬਾਸ਼ਦ ਦਿਗਰ ਮਨਜ਼ੂਰ ਨੇਸਤ
ਗ਼ੈਰਿ ਹਰਫ਼ਿ ਰਾਸਤੀ ਦਸਤੂਰ ਨੇਸਤ ॥੧੫੧॥

ਉਲਥਾ : ਉਹੋ (ਧਨ) ਉਚਿਤ ਹੈ, ਹੋਰ ਕੁਝ ਪ੍ਰਵਾਨ ਨਹੀਂ ਹੈ, ਸੱਚ ਬਿਨਾਂ ਹੋਰ ਅੱਖਰ ਕਹਿਣੇ (ਉਨ੍ਹਾਂ ਦਾ) ਰਿਵਾਜ ਨਹੀਂ ਹੈ।

ਗੁਰਬਾਣੀ : ਬੋਲਹਿ ਸਾਚੁ ਮਿਥਿਆ ਨਹੀ ਰਾਈ ॥
ਚਾਲਹਿ ਗੁਰਮੁਖਿ ਹੁਕਮਿ ਰਜਾਈ ॥

ਸਾਧ ਸੰਗਤਿ ਨਾਮਿ ਸ਼ਾਂ ਦਰ ਹਿੰਦਵੀਸਤ
ਈਂ ਹਮਾ ਤਾਰੀਫ਼ਿ ਸ਼ਾਂ ਐ ਮੌਲਵੀਸਤ ॥੧੫੨॥

ਉਲਥਾ : ਹਿੰਦੀ ਵਿਚ ਉਨ੍ਹਾਂ ਦਾ ਨਾਮ ਸਾਧ ਸੰਗਤ ਹੈ। ਹੇ ਮੁੱਖੀਏ! ਇਹ ਸਾਰੀ ਉਨ੍ਹਾਂ ਦੀ ਸ਼ਲਾਘਾ ਹੈ।

ਗੁਰਬਾਣੀ : ਸਾਧਸੰਗਤਿ ਪਾਈਐ ਵਡਭਾਗੀ ਗੁਰਮੁਖਿ ਹਰਿ ਹਰਿ ਨਾਮੁ ਕਹਹੁ ॥
ਅਥਵਾ : ਸੰਤ ਮੰਡਲੁ ਤਹਾ ਕਾ ਨਾਉ ॥
ਪਾਰਬ੍ਰਹਮ ਕੇਵਲ ਗੁਣ ਗਾਉ ॥

ਸੁਹਬਤਿ ਏਸ਼ਾਂ ਬਵਦ ਲੁਤਫ਼ਿ ਖ਼ੁਦਾ
ਤਾ ਨਸੀਬਿ ਕਸ ਸ਼ਵਦ ਈਂ ਰੂ-ਨੁਮਾ ॥੧੫੩॥

ਉਲਥਾ : ਉਨ੍ਹਾਂ ਦੀ ਸੰਗਤਿ ਪਰਮਾਤਮਾ ਦੀ ਕਿਰਪਾ ਹੁੰਦੀ ਹੈ, ਜਦੋਂ ਜੀਵ ਦੇ ਭਾਗ (ਉਦੇ) ਹੁੰਦੇ ਹਨ, ਇਹ ਮਿਲ ਪੈਂਦੀ ਹੈ।

ਗੁਰਬਾਣੀ : ਜੇ ਵਡ ਭਾਗ ਹੋਵਹਿ ਵਡ ਮੇਰੇ ਜਨ ਮਿਲਦਿਆ ਢਿਲ ਨ ਲਾਈਐ ॥
ਹਰਿ ਜਨ ਅੰਮ੍ਰਿਤ ਕੁੰਟ ਸਰ ਨੀਕੇ ਵਡਭਾਗੀ ਤਿਤੁ ਨਾਵਾਈਐ ॥

ਹਰ ਕਸੇ ਈਂ ਦੌਲਤਿ ਜਾਵੇਦ ਯਾਫ਼ਤ
ਜ਼ਿੰਦਗੀਏ ਉਮਰ ਰਾ ਉਮੀਦ ਯਾਫ਼ਤ ॥੧੫੪॥

ਉਲਥਾ : ਜਿਸ ਕਿਸੇ ਨੂੰ ਇਹ ਅਬਿਨਾਸ਼ੀ ਧਨ ਮਿਲ ਗਿਆ; ਆਯੂ ਦੀ ਸਫਲਤਾ ਦੀ ਆਸ ਹੋ ਗਈ।

ਗੁਰਬਾਣੀ : ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ
ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥

ਈਂ ਹਮਾਂ ਫ਼ਾਨੀ ਵ ਆਂ ਬਾਕੀ ਬਿਦਾਂ
ਜਾਮਿ ਇਸ਼ਕਿ ਪਾਕ ਰਾ ਸਾਕੀ ਬਿਦਾਂ ॥੧੫੫॥

ਉਲਥਾ : ਇਹ ਸਭ ਕੁਝ ਨਾਸ਼ਮਾਨ ਅਤੇ ਉਹ ਅਬਿਨਾਸ਼ੀ ਜਾਣ। ਪਵਿੱਤਰ ਪ੍ਰੇਮ ਦੇ ਪਿਆਲੇ ਦਾ ਪੀਆਉਣ ਵਾਲਾ (ਸਤਿਗੁਰੂ) ਅਪਨਾ (ਧਾਰਨ ਕਰ)।

ਗੁਰਬਾਣੀ : ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ ॥
ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ ॥

ਹਰ ਚਿ ਹਸਤ ਅਜ਼ ਸੁਹਬਤਿ ਏਸ਼ਾਂ ਬਵਦ
ਕਜ਼ ਤੁਫ਼ੈਲਸ਼ ਜੁਮਲਾ ਆਬਾਦਾਂ ਬਵਦ ॥੧੫੬॥

ਉਲਥਾ : ਜੋ ਕੁਝ ਹੈ, ਉਨ੍ਹਾਂ ਦੀ ਸੰਗਤ ਤੋਂ ਮਿਲਦਾ ਹੈ, ਉਨ੍ਹਾਂ ਦੀ ਬਰਕਤ ਨਾਲ ਹੀ ਸਾਰੇ ਵਸਦੇ-ਰਸਦੇ ਪਏ ਹਨ।

ਗੁਰਬਾਣੀ : ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ ॥
ਜੋ ਮਨਿ ਚਿਤਿ ਇਕੁ ਅਰਾਧਦੇ ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ ॥

ਈਂ ਹਮਾ ਆਬਾਦੀ ਅਜ਼ ਲੁਤਫ਼ਿ ਖ਼ੁਦਾਸਤ
ਗ਼ਫ਼ਲਤ ਅਜ਼ ਵੈ ਯੱਕ ਨਫ਼ਸ ਮਰਗੋ ਖ਼ਤਾਸਤ ॥੧੫੭॥

ਉਲਥਾ : ਇਹ ਸਾਰੀ ਆਬਾਦੀ ਪ੍ਰਭੂ ਦੇ ਸਿਮਰਨ ਕਾਰਨ ਹੈ, ਉਸ ਵੱਲੋਂ ਇਕ ਸੁਆਸ ਦੀ ਅਣਗਹਿਲੀ ਵੀ ਮੌਤ ਹੈ ਅਤੇ ਪਾਪ ਹੈ।

ਗੁਰਬਾਣੀ : ਬੇਗਮ ਪੁਰਾ ਸਹਰ ਕੋ ਨਾਉ ॥
ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥
ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥
ਅਬ ਮੋਹਿ ਖੂਬ ਵਤਨ ਗਹ ਪਾਈ ॥
ਊਹਾਂ ਖੈਰਿ ਸਦਾ ਮੇਰੇ ਭਾਈ ॥੧॥ਰਹਾਉ॥

ਸੁਹਬਤਿ ਸ਼ਾਂ ਹਾਸਲਿ ਈਂ ਜ਼ਿੰਦਗੀਸਤ
ਜ਼ਿੰਦਗੀ ਈਂ ਜ਼ਿੰਦਗੀ ਈਂ ਬੰਦਗੀਸਤ ॥੧੫੮॥

ਉਲਥਾ : ਉਨ੍ਹਾਂ ਦੀ ਸੰਗਤ ਹੀ ਇਸ ਜੀਵਨ ਦਾ ਲਾਹਾ ਹੈ, ਜੀਵਨਾ ਇਹ ਜੀਵਨ ਹੈ, ਇਹ ਬੰਦਗੀ ਹੈ।

ਗੁਰਬਾਣੀ : ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ
ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥੩॥
ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ
ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥
ਧੰਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ
ਮਿਲਿ ਨਾਨਕ ਨਾਮੁ ਪਰਗਾਸਿ ॥੪॥

ਗਰ ਤੂ ਮੇਖ਼ਾਹੀ ਕਿ ਮਰਦਿ ਹੱਕ ਸ਼ਵੀ
ਆਰਿਫ਼ਿ ਊ ਕਾਮਿਲਿ ਮੁਤਲਿਕ ਸ਼ਵੀ ॥੧੫੯॥

ਉਲਥਾ : ਜੇ ਤੂੰ ਚਾਹੁੰਦਾ ਹੈ ਕਿ ਰੱਬ ਦਾ ਬੰਦਾ ਬਹਾਦਰ ਬਣੇ, ਉਸ ਪੂਰਨ ਸਮਰੱਥ ਦਾ ਗਿਆਨੀ ਬਣ ਜਾਵੇਂ।

ਸੁਹਬਤਿ ਸ਼ਾਂ ਕੀਮੀਆ ਬਾਸ਼ਦ ਤੁਰਾ
ਤਾ ਚਿਹ ਮੇਖ਼ਾਹੀ ਰਵਾ ਬਾਸ਼ਦ ਤੁਰਾ ॥੧੬੦॥

ਉਲਥਾ : ਉਨ੍ਹਾਂ ਦੀ ਸੰਗਤ ਤੇਰੇ ਲਈ ਰਸਾਇਣ ਹੋਵੇਗੀ; ਤਾਂ ਜੋ ਤੂੰ ਚਾਹੇਂ ਉਹੋ ਤੇਰੇ ਲਈ ਉਚਿਤ ਹੋਵੇਗਾ।

ਗੁਰਬਾਣੀ : ਜੋ ਚਾਹਹਿ ਸੋਈ ਮਿਲੈ ਨਾਨਕ ਹਰਿ ਗੁਨ ਗਾਇ ॥੧॥
ਅਥਵਾ : ਗੋਬਿੰਦ ਜਸੁ ਗਾਈਐ ਹਰਿ ਨੀਤ ॥
ਮਿਲਿ ਭਜੀਐ ਸਾਧਸੰਗਿ ਮੇਰੇ ਮੀਤ ॥

ਈਂ ਹਮਾ ਕੂ ਸਾਹਿਬਿ ਜਾਂ ਆਮਦੰਦ
ਅਜ਼ ਬਰਾਇ ਸੁਹਬਤਿ ਸ਼ਾਂ ਆਮਦੰਦ ॥੧੬੧॥

ਉਲਥਾ : ਇਹ ਸਾਰੇ ਜਿਹੜੇ ਜਾਨਦਾਰ ਜੀਵ ਆਏ ਹਨ, ਉਨ੍ਹਾਂ ਦੀ ਸੰਗਤ ਦੇ ਵਾਸਤੇ ਆਏ ਹਨ।

ਗੁਰਬਾਣੀ : ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ ॥
ਜਿਨ੍ਹਿ ਕੀਤੇ ਤਿਸੈ ਨ ਜਾਣਨੀ ਬਿਨੁ ਨਾਵੈ ਸਭਿ ਚੋਰ ॥

ਜ਼ਿੰਦਗੀਇ ਸ਼ਾਂ ਜ਼ਿ ਫ਼ੈਜ਼ਿ ਸੁਹਬਤ ਅਸਤ
ਸੁਹਬਤਿ ਸ਼ਾਂ ਆਇਤਿ ਪੁਰ ਰਹਿਮਤ ਅਸਤ ॥੧੬੨॥

ਉਲਥਾ : ਉਨ੍ਹਾਂ ਦਾ ਜੀਵਨ ਸੰਗਤ ਦੇ ਸਦਕੇ ਹੀ ਹੈ। ਉਨ੍ਹਾਂ ਦੀ ਸੰਗਤ ਇਕ ਮਿਹਰ-ਮਈ ਮੁਅਜਜ਼ਾ (ਕਰਾਮਾਤ) ਹੈ।

ਗੁਰਬਾਣੀ : ਸੰਗਤਿ ਸੰਤ ਮਿਲਹੁ ਸਤਸੰਗਤਿ ਮਿਲਿ ਸੰਗਤਿ ਹਰਿ ਰਸੁ ਆਵੈਗੋ ॥
ਬਿਨੁ ਸੰਗਤਿ ਕਰਮ ਕਰੈ ਅਭਿਮਾਨੀ ਕਢਿ ਪਾਣੀ ਚੀਕੜੁ ਪਾਵੈਗੋ ॥

ਹਰ ਕਸੇ ਰਾ ਸੁਹਬਤਿ ਸ਼ਾਂ ਬਾਇਦਸ਼
ਤਾ ਜ਼ਿ ਦਿਲ ਅਕਦਿ ਗੁਹਰ ਬਿਕੁਸ਼ਾਇਦਸ਼ ॥੧੬੩॥

ਉਲਥਾ : ਹਰ ਕਿਸੇ ਨੂੰ ਉਨ੍ਹਾਂ ਦੀ ਸੰਗਤ ਚਾਹੀਦੀ ਹੈ, ਤਾਂ ਕਿ ਦਿਲ ਵਿੱਚੋਂ ਮੋਤੀਆਂ ਦੀ ਗੰਢ ਉਹ ਖੋਲ੍ਹ ਸਕੇ।

ਗੁਰਬਾਣੀ : ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥

ਸਾਹਿਬਿ ਗੰਜੀਨਾ ਈ ਐ ਬੇ-ਖ਼ਬਰ
ਲੇਕ ਜ਼ਾਂ ਗੰਜੇ ਤੁਰਾ ਨ-ਬਵਦ ਖ਼ਬਰ ॥੧੬੪॥

ਉਲਥਾ : ਹੇ ਬੇ-ਸਮਝ ! ਤੂੰ ਇਕ ਖ਼ਜ਼ਾਨੇ ਦਾ ਮਾਲਕ ਹੈਂ, ਪਰੰਤੂ ਉਸ ਖ਼ਜ਼ਾਨੇ ਦੀ ਤੈਨੂੰ ਸੋਝੀ ਨਹੀਂ ਹੈ।

ਗੁਰਬਾਣੀ : ਕਾਇਆ ਅੰਦਰਿ ਰਤਨ ਪਦਾਰਥ ਭਗਤਿ ਭਰੇ ਭੰਡਾਰਾ ॥
ਇਸੁ ਕਾਇਆ ਅੰਦਰਿ ਨਉਖੰਡ ਪ੍ਰਿਥਮੀ ਹਾਟ ਪਟਣ ਬਾਜਾਰਾ ॥
ਇਸੁ ਕਾਇਆ ਅੰਦਰਿ ਨਾਮੁ ਨਉ ਨਿਧਿ ਪਾਈਐ ਗੁਰ ਕੈ ਸਬਦਿ ਵੀਚਾਰਾ ॥

ਕੈ ਅਜ਼ਾਂ ਗੰਜੇ ਬ-ਯਾਬੀ ਇਤਲਾਅ
ਅੰਦਰੂਨਿ ਕੁਫ਼ਲ ਚੂੰ ਬਾਸ਼ਦ ਮਤਾਅ ॥੧੬੫॥

ਉਲਥਾ : ਤੈਨੂੰ ਉਸ ਖ਼ਜ਼ਾਨੇ ਦਾ ਪਤਾ ਕਦੋਂ ਲੱਗ ਸਕਦਾ ਹੈ ? ਜਦੋਂ ਕਿ ਤਾਲੇ ਵਿਚ ਮਾਲ-ਮੱਤਾ ਹੋਵੇ।

ਗੁਰਬਾਣੀ : ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥

ਪਸ ਤੁਰਾ ਲਾਜ਼ਿਮ ਬਵਦ ਜੂਈ ਕਲੀਦ
ਤਾ ਬ-ਬੀਨੀ ਗੰਜਿ ਖ਼ੁਫ਼ੀਆ ਰਾ ਪਦੀਦ ॥੧੬੬॥

ਉਲਥਾ : ਇਸ ਲਈ ਜ਼ਰੂਰੀ ਹੈ, ਤੂੰ ਕੁੰਜੀ ਦੀ ਤਲਾਸ਼ ਕਰੇਂ, ਤਾਂ ਕਿ ਤੂੰ ਗੁਪਤ ਖ਼ਜ਼ਾਨੇ ਨੂੰ ਪਰਤੱਖ ਦੇਖ ਲਵੇਂ।

ਗੁਰਬਾਣੀ : ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥

ਕੁ.ਫਲ ਬਿਕੁਸ਼ਾ ਅਜ਼ ਕਲੀਦਿ ਨਾਮਿ ਹੱਕ
ਅਜ਼ ਕਿਤਾਬਿ ਗੰਜਿ ਮਖ਼ਫ਼ੀ ਖ਼ਾਂ ਸਬਕ ॥੧੬੭॥

ਉਲਥਾ : ਪ੍ਰਭੂ ਦੇ ਨਾਮ ਦੀ ਕੁੰਜੀ ਨਾਲ ਤਾਲਾ (ਜੰਦਰਾ) ਖੋਲ੍ਹ ਲੈ, ਲੁਕੇ ਹੋਏ ਖ਼ਜ਼ਾਨੇ ਦੇ ਗ੍ਰੰਥ ਵਿੱਚੋਂ ਪਾਠ ਪੜ੍ਹਿਆ ਕਰ।

ਗੁਰਬਾਣੀ : ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥

ਈਂ ਕਲੀਦਿ-ਨਾਮ ਪੇਸ਼ਿ ਸ਼ਾਂ ਬਵਦ
ਮਰਹਮਿ ਦਿਲਹਾਇ ਰੇਸ਼ੋ ਜਾਂ ਬਵਦ ॥੧੬੮॥

ਉਲਥਾ : ਇਹ ਨਾਮ ਰੂਪੀ ਕੁੰਜੀ ਉਨ੍ਹਾਂ ਕੋਲ ਹੁੰਦੀ ਹੈ, (ਇਹ ਕੁੰਜੀ) ਫਟੜ ਦਿਲਾਂ ਅਤੇ ਰੂਹ ਲਈ (ਸੁਖਦਾਈ) ਫਹਿਆ ਹੈ।

ਗੁਰਬਾਣੀ : ਹਉ ਵਾਰੀ ਜੀਉ ਵਾਰੀ ਕਲਿ ਮਹਿ ਨਾਮੁ ਸੁਣਾਵਣਿਆ ॥
ਸੰਤ ਪਿਆਰੇ ਸਚੈ ਧਾਰੇ ਵਡਭਾਗੀ ਦਰਸਨੁ ਪਾਵਣਿਆ ॥

ਚੂੰ ਕਸੇ ਰਾ ਈਂ ਕਲੀਦ ਆਇਦ ਬ-ਦਸਤ
ਸਾਹਿਬਿ ਗੰਜੀਨਾ ਬਾਸ਼ਦ ਹਰ ਕਿ ਹਸਤ ॥੧੬੯॥

ਉਲਥਾ : ਜਦ ਕਿਸੇ ਨੂੰ ਇਹ ਕੁੰਜੀ ਹੱਥ ਆ ਜਾਏ, (ਉਹ) ਖ਼ਜ਼ਾਨੇ ਦਾ ਮਾਲਕ ਬਣ ਜਾਂਦਾ ਹੈ, (ਚਾਹੇ) ਉਹ ਜੋ ਕੁਝ ਵੀ ਹੋਵੇ।

ਗੁਰਬਾਣੀ : ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥
ਤਾ ਮੇਰੈ ਮਨਿ ਭਇਆ ਨਿਧਾਨਾ ॥

ਗੰਜ ਰਾ ਚੂੰ ਯਾ.ਫਤਾ ਜੂਯਾਇ ਗੰਜ
ਗਸ਼ਤ ਫਾਰਿ.ਗ ਅਜ਼ ਹਮਾ ਤਸ਼ਵੀਸ਼ੋ ਰੰਜ ॥੧੭੦॥

ਉਲਥਾ : (ਜਦ) ਖ਼ਜ਼ਾਨੇ ਨੂੰ ਖ਼ਜ਼ਾਨਾ ਢੂੰਡਣ ਵਾਲੇ ਨੇ ਪਾ ਲਿਆ, ਸਾਰੀ ਪਰੇਸ਼ਾਨੀ ਅਤੇ ਚਿੰਤਾ ਤੋਂ ਮੁਕਤ ਹੋ ਗਿਆ।

ਗੁਰਬਾਣੀ : ਨਾਮੁ ਖਜਾਨਾ ਗੁਰ ਤੇ ਪਾਇਆ ਤ੍ਰਿਪਤਿ ਰਹੇ ਆਘਾਈ॥

ਆਂ ਹਮ ਅਜ਼ ਮਰਦਾਨਿ ਹੱਕ ਸ਼ੁਦ ਐ ਸ਼ਫ਼ੀਕ
ਆਂ ਕਿ ਰਾਹੇ ਯਾਫ਼ਤ ਦਰ ਕੂਇ ਰਫ਼ੀਕ ॥੧੭੧॥

ਉਲਥਾ : ਹੇ ਮਿਹਰਬਾਨ! ਉਹ ਵੀ ਰੱਬ ਦੇ ਪਿਆਰਿਆਂ ਵਿਚ ਹੋ (ਗਿਣਿਆ) ਗਿਆ, ਉਹ ਜਿਸ ਨੂੰ ਕਿ ਮਿੱਤਰ ਦੀ ਗਲੀ ਵਿਚ (ਜਾਂਦਾ) ਰਾਹ ਮਿਲ ਗਿਆ।

ਗੁਰਬਾਣੀ : ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ॥
ਹਰਿ ਕੇ ਸੰਤ ਬਤਾਵਹੁ ਮਾਰਗੁ ਹਮ ਪੀਛੈ ਲਾਗਿ ਚਲੀ॥

ਸੁਹਬਤਿ ਸ਼ਾਂ ਜ਼ੱਰਾ ਰਾ ਚੂੰ ਮਾਹ ਕਰਦ
ਹਰ ਗਦਾ ਰਾ ਸੁਹਬਤਿ ਸ਼ਾਂ ਸ਼ਾਹ ਕਰਦ ॥੧੭੨॥

ਉਲਥਾ : ਉਨ੍ਹਾਂ ਦੀ ਸੰਗਤ ਨੇ ਜ਼ੱਰੇ ਨੂੰ ਚੰਨ ਵਾਂਗ ਕਰ (ਚਮਕਾ) ਦਿੱਤਾ, ਹਰ ਭਿੱਖ-ਮੰਗੇ ਨੂੰ ਉਨ੍ਹਾਂ ਦੀ ਸੰਗਤ ਨੇ ਬਾਦਸ਼ਾਹ ਬਣਾ ਦਿੱਤਾ।

ਗੁਰਬਾਣੀ : ਜਿਨ ਹਰਿ ਹਿਰਦੈ ਪ੍ਰੀਤਿ ਲਗਾਨੀ ਤਿਨਾ ਮਸਤਕਿ ਊਜਲ ਟੀਕ॥
ਹਰਿ ਜਨ ਸੋਭਾ ਸਭ ਜਗ ਊਪਰਿ ਜਿਉ ਵਿਚਿ ਉਡਵਾ ਸਸਿ ਕੀਕ॥

ਅਥਵਾ : ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ॥
ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ॥

ਰਹਿਮਤਿ ਹੱਕ ਬਾਦ ਬਰ ਔਜ਼ਾਇ ਸ਼ਾਂ
ਬਰ ਪਿਦਰ ਬਰ ਮਾਦਰੋ ਇਬਨਾਇ ਸ਼ਾਂ ॥੧੭੩॥

ਉਲਥਾ : ਰੱਬੀ ਰਹਿਮਤ ਹੋਵੇ (ਵਸਦੀ ਰਹੇ), ਉਨ੍ਹਾਂ ਦੇ ਵਰਤੋਂ-ਵਿਹਾਰ ਤੇ, ਉਨ੍ਹਾਂ ਦੇ ਪਿਤਾ, ਉਨ੍ਹਾਂ ਦੀ ਜਨਨੀ ਅਤੇ ਸੰਤਾਨ ਉੱਤੇ।

ਗੁਰਬਾਣੀ : ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥
ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥

ਹਰ ਕਿ ਸ਼ਾਂ ਰਾ ਦੀਦ ਹੱਕ ਰਾ ਦੀਦਾ ਅਸਤ
ਖ਼ੁਸ਼ ਗੁਲ ਅਜ਼ ਬਾਗ਼ਿ ਮੁਹੱਬਤ ਚੀਦਾ ਅਸਤ ॥੧੭੪॥

ਉਲਥਾ : ਜਿਸ ਨੇ ਉਨ੍ਹਾਂ ਦੇ ਦਰਸ਼ਨ ਕਰ ਲਏ, (ਜਾਣੋ) ਉਸ ਨੇ ਰੱਬ ਦੇ ਦਰਸ਼ਨ ਕਰ ਲਏ। ਸੋਹਣਾ ਫੁੱਲ, ਪ੍ਰੇਮ ਦੇ ਉਪਬਨ (ਬਾਗ਼) ਵਿੱਚੋਂ ਉਸ ਨੇ ਚੁਣ ਲਿਆ ਹੈ।

ਗੁਰਬਾਣੀ : ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ ॥
ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥

ਗੁਲ ਜ਼ਿ ਬਾਗ਼ਿ ਮਾਅਰਫ਼ਤ ਬਰ-ਚੀਦਨ ਅਸਤ
ਦੀਦਨਿ ਏਸ਼ਾਂ ਖ਼ੁਦਾ ਰਾ ਦੀਦਨ ਅਸਤ ॥੧੭੫॥

ਉਲਥਾ : (ਉਨ੍ਹਾਂ ਦੇ ਦਰਸ਼ਨ) ਬ੍ਰਹਮ ਗਿਆਨ ਦੇ ਬਾਗ਼ 'ਚੋਂ ਫੁੱਲ ਚੁਣ ਲੈਣਾ ਹੈ, ਉਨ੍ਹਾਂ ਦਾ ਦੀਦਾਰ ਰੱਬ ਦਾ ਦਰਸ਼ਨ ਹੈ।

ਗੁਰਬਾਣੀ : ਹਰਿ ਹਰਿ ਜਨ ਦੁਇ ਏਕ ਹੈ ਬਿਬ ਬਿਚਾਰੁ ਕਿਛੁ ਨਾਹਿ ॥
ਜਲ ਤੇ ਉਪਜਿ ਤਰੰਗ ਜਿਉ ਜਲ ਹੀ ਮਾਹਿ ਸਮਾਹਿ ॥ *(ਪਾ: ੧੦)*

ਮੁਸ਼ਕਿਲ ਆਮਦ ਦੀਦਨਿ ਹੱਕ ਰਾ ਬਿਆਂ
ਮੇਦਿਹਦ ਈਂ ਜੁਮਲਾ ਰਾ ਕੁਦਰਤ ਨਿਸ਼ਾਂ ॥੧੭੬॥

ਉਲਥਾ : ਰੱਬ ਦੇ ਦਰਸ਼ਨਾਂ ਦਾ ਵਰਣਨ ਕਰਨਾ ਕਠਿਨ ਹੈ, ਇਹ ਸਭ ਕੁਝ ਦਾ (ਉਸਦੀ) ਕੁਦਰਤ ਹੀ ਪਤਾ ਦਿੰਦੀ ਹੈ।

ਗੁਰਬਾਣੀ : ਬਲਿਹਾਰੀ ਕੁਦਰਤਿ ਵਸਿਆ ॥
ਤੇਰਾ ਅੰਤੁ ਨ ਜਾਈ ਲਖਿਆ ॥

ਅਜ਼ ਤੁਫ਼ੈਲਿ ਸ਼ਾਂ ਖ਼ੁਦਾ ਰਾ ਦੀਦਾ-ਅਮ
ਗੁਲ ਜ਼ਿ ਬਾਗ਼ਿ ਮਾਅਰਫ਼ਤ ਬਰ-ਚੀਦਾ-ਅਮ ॥੧੭੭॥

ਉਲਥਾ : ਉਨ੍ਹਾਂ ਦੀ ਕਿਰਪਾ ਨਾਲ ਮੈਂ ਰੱਬ ਨੂੰ ਵੇਖਿਆ ਹੈ, ਬ੍ਰਹਮ ਗਿਆਨ ਦੇ ਬਾਗ਼ 'ਚੋਂ ਫੁੱਲ ਚੁਣ ਲਿਆ ਹੈ।

ਗੁਰਬਾਣੀ : ਸੰਤਨ ਕੈ ਪਰਸਾਦਿ ਹਰਿ ਹਰਿ ਪਾਇਆ ਰਾਮ ॥
ਇਛ ਪੁੰਨੀ ਮਨਿ ਸਾਂਤਿ ਤਪਤਿ ਬੁਝਾਇਆ ਰਾਮ ॥
ਸਫਲਾ ਸੁ ਦਿਨਸ ਰੈਣੇ ਸੁਹਾਵੀ ਅਨਦ ਮੰਗਲ ਰਸੁ ਘਨਾ ॥
ਪ੍ਰਗਟੇ ਗੁਪਾਲ ਗੋਬਿੰਦ ਲਾਲਨ ਕਵਨ ਰਸਨਾ ਗੁਣ ਭਨਾ ॥
ਭ੍ਰਮ ਲੋਭ ਮੋਹ ਬਿਕਾਰ ਥਾਕੇ ਮਿਲਿ ਸਖੀ ਮੰਗਲੁ ਗਾਇਆ ॥
ਨਾਨਕੁ ਪਇਅੰਪੈ ਸੰਤ ਜੰਪੈ ਜਿਨਿ ਹਰਿ ਹਰਿ ਸੰਜੋਗਿ ਮਿਲਾਇਆ ॥

ਦੀਦਨਿ ਹੱਕ ਮਾਅਨੀਏ ਦਾਰਦ ਸ਼ਰੀ.ਫ
ਮਨ ਨਿ-ਅੱਮ ਈਂ ਜੁਮਲਾ ਆਂ ਜ਼ਾਤਿ ਲਤੀ.ਫ ॥੧੭੮॥

ਉਲਥਾ : ਰੱਬ ਦਾ ਦੇਖਣਾ ਇਕ ਮਹਾਨ ਮਾਇਨੇ (ਅਰਥ) ਰੱਖਦਾ ਹੈ; ਮੈਂ ਨਹੀਂ ਹਾਂ, ਇਹ ਸਭ ਉਸਦੀ ਸੂਖਮ ਹਸਤੀ ਹੈ।

ਗੁਰਬਾਣੀ : ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥

ਹਰ ਕਿ ਊ ਦਾਨਿਸਤ ਈਂ ਹਰਫ਼ਿ ਤਮਾਮ
ਯਾ.ਫਤ ਊ ਆਂ ਗੰਜਿ ਮਖ਼.ਫੀ ਰਾ ਮਕਾਮ ॥੧੭੯॥

ਉਲਥਾ : ਹਰ ਉਹ ਸ਼ਖ਼ਸ ਜਿਸ ਨੇ ਕਿ ਇਹ ਪੂਰਨ ਅੱਖਰ ਜਾਣ ਲਿਆ, ਉਸ ਨੂੰ ਉਸ ਲੁਕੇ ਖ਼ਜ਼ਾਨੇ ਦਾ ਟਿਕਾਣਾ ਮਿਲ ਗਿਆ।

ਗੁਰਬਾਣੀ : ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥
ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥

ਮਾਅਨੀਏ ਹੱਕ ਸੂਰਤੇ ਦਾਰਦ ਨਿਕੂ
ਸੂਰਤਿ ਹੱਕ ਸੂਰਤਿ ਮਰਦਾਨਿ ਊ ॥੧੮੦॥

ਉਲਥਾ : ਸੱਚ (ਪਰਮੇਸ਼ਰ) ਦਾ ਭਾਵ ਇਕ ਸੁੰਦਰ ਸਰੂਪ ਰੱਖਦਾ ਹੈ, ਪਰਮੇਸ਼ਰ ਦਾ ਸਰੂਪ ਉਸ ਦੇ ਪਿਆਰਿਆਂ ਦਾ ਸਰੂਪ ਹੈ।

ਗੁਰਬਾਣੀ : ਮਿਲਿ ਸਤਸੰਗਤਿ ਖੋਜੁ ਦਸਾਈ ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥

ਖ਼ਲਵਤਿ ਏਸ਼ਾਂ ਬਵਦ ਦਰ ਅੰਜੁਮਨ
ਵਸਫ਼ਿ ਏਸ਼ਾਂ ਬਰ ਜ਼ੁਬਾਨਿ ਮਰਦੋ ਜ਼ਨ ॥੧੮੧॥

ਉਲਥਾ : ਸੰਗਤਿ ਵਿਚ ਵੀ ਉਨ੍ਹਾਂ ਦੀ ਇਕਾਂਤ ਹੁੰਦੀ ਹੈ, (ਹਰ) ਪੁਰਸ਼ ਅਤੇ ਇਸਤਰੀ ਦੀ ਜੀਭਾ 'ਤੇ ਉਨ੍ਹਾਂ ਦਾ ਜਸ ਹੈ।

ਗੁਰਬਾਣੀ : ਦੀਸਹਿ ਸਭ ਮਹਿ ਸਭ ਤੇ ਰਹਤੇ ॥
ਪਾਰਬ੍ਰਹਮ ਕਾ ਓਇ ਧਿਆਨੁ ਧਰਤੇ ॥
ਸੰਤਨ ਕੀ ਮਹਿਮਾ ਕਵਨ ਵਖਾਨਉ ॥
ਅਗਾਧਿ ਬੋਧਿ ਕਿਛੁ ਮਿਤਿ ਨਹੀ ਜਾਨਉ ॥
ਪਾਰਬ੍ਰਹਮ ਮੋਹਿ ਕਿਰਪਾ ਕੀਜੈ ॥
ਧੂਰਿ ਸੰਤਨ ਕੀ ਨਾਨਕ ਦੀਜੈ ॥

ਅਥਵਾ : ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ ਓਇ ਰਾਮ ਨਾਮ ਰੰਗਿ ਰਾਤੇ ॥
ਤਿਨ੍ ਕੀ ਸੋਭਾ ਸਭਨੀ ਥਾਈ ਜਿਨ੍ ਪ੍ਰਭ ਕੇ ਚਰਣ ਪਰਾਤੇ ॥

ਜ਼ੀਂ ਖ਼ਬਰ ਵਾਕਿਫ਼ ਕਸੇ ਬਾਸ਼ਦ ਕਿ ਊ
ਦਾਰਦ ਅਜ਼ ਸ਼ੌਕਿ ਮੁਹੱਬਤ ਗੁਫ਼ਤਗੂ ॥੧੯੨॥

ਉਲਥਾ : ਇਸ ਸੋਇ ਤੋਂ ਸੋਈ ਜਾਣੂੰ ਹੁੰਦਾ ਹੈ, ਜਿਹੜਾ ਕਿ ਪ੍ਰੇਮ ਦੇ ਚਾਉ ਕਾਰਨ ਹੀ ਬਾਤ-ਚੀਤ 'ਚ ਪਰਵਿਰਤ ਹੁੰਦਾ ਹੈ।

ਗੁਰਬਾਣੀ : ਸਦਾ ਚਾਇ ਹਰਿ ਭਾਇ ਪ੍ਰੇਮ ਰਸੁ ਆਪੇ ਜਾਣਏ ॥
ਸਤਗੁਰ ਕੈ ਪਰਸਾਦਿ ਸਹਜ ਸੇਤੀ ਰੰਗੁ ਮਾਣਏ ॥

ਨੋਟ : ਇਹ ਦੁਤੁਕੀ ਭੱਟ ਬਾਣੀ ਵਿੱਚੋਂ ਚੌਥੀ ਪਾਤਿਸ਼ਾਹੀ ਲਈ ਦਰਜ ਕੀਤੀ ਗਈ ਹੈ, ਅਸੀਂ ਗੁਰੂ-ਪਿਆਰੇ ਗੁਰਸਿੱਖ ਲਈ ਵਰਤੀ ਹੈ। ਮੁਆਫ਼ੀ ਮੰਗਦੇ ਹਾਂ।

ਸ਼ੌਕਿ ਮੌਲਾ-ਅਸ਼ ਗਿਰੇਬਾਂਗੀਰ ਸ਼ੁਦ
ਨਾਕਸੇ ਹਮ ਸਾਹਿਬਿ ਤਦਬੀਰ ਸ਼ੁਦ ॥੧੯੩॥

ਉਲਥਾ : ਮਾਲਕ ਦੇ ਚਾਉ ਨੇ ਜਿਸ ਦਾ ਸਾਥ ਦਿੱਤਾ, ਉਹ ਇਕ ਨਿਗੂਣਾ ਵੀ ਉਚ ਸੋਝੀ ਦਾ ਸਾਈਂ ਬਣ ਗਿਆ।

ਗੁਰਬਾਣੀ : ਉਦਮੁ ਕਰਤ ਆਨਦੁ ਭਇਆ ਸਿਮਰਤ ਸੁਖ ਸਾਰੁ ॥
ਜਪਿ ਜਪਿ ਨਾਮੁ ਗੋਬਿੰਦ ਕਾ ਪੂਰਨ ਬੀਚਾਰੁ ॥

ਸ਼ੌਕਿ ਮੌਲਾਯਤ ਚੂੰ ਬਾਸ਼ਦ ਦਸਤਗੀਰ
ਜ਼ੱਰਾ ਗਰਦਦ ਰਸ਼ਕਿ ਖ਼ੁਰਸ਼ੀਦਿ ਮੁਨੀਰ ॥੧੯੪॥

ਉਲਥਾ : ਮਾਲਕ ਦਾ ਚਾਉਂ ਜਦੋਂ ਤੇਰਾ ਸਹਾਈ ਹੁੰਦਾ ਹੈ, (ਤਦੋਂ) ਕਣ ਵੀ ਚਮਕਦੇ ਸੂਰਜ ਨੂੰ ਮਾਤ ਪਾ ਦਿੰਦਾ ਹੈ।

ਗੁਰਬਾਣੀ : ਜਿਸੁ ਨੀਚ ਕਉ ਕੋਈ ਨ ਜਾਨੈ ॥
ਨਾਮੁ ਜਪਤ ਉਹੁ ਚਹੁ ਕੁੰਟ ਮਾਨੈ ॥

ਬਸਕਿ ਹੱਕ ਮੇਬਾਰਦ ਅਜ਼ ਗੁਫ਼ਤਾਰਿ ਸ਼ਾਂ
ਦੀਦਾਹਾ ਰੌਸ਼ਨ ਸ਼ੁਦ ਅਜ਼ ਦੀਦਾਰਿ ਸ਼ਾਂ ॥੧੯੫॥

ਉਲਥਾ : ਉਨ੍ਹਾਂ ਦੇ ਬੋਲਾਂ ਵਿੱਚੋਂ ਸੱਚ ਹੀ ਬਰਸਦਾ ਹੈ, ਉਨ੍ਹਾਂ ਦੇ ਦੀਦਾਰ ਤੋਂ ਅੱਖਾਂ ਪ੍ਰਕਾਸ਼ਮਾਨ ਹੋ ਜਾਂਦੀਆਂ ਹਨ।

ਗੁਰਬਾਣੀ : ਬੋਲਹਿ ਸਾਚੁ ਮਿਥਿਆ ਨਹੀ ਰਾਈ ॥
ਚਾਲਹਿ ਗੁਰਮੁਖਿ ਹੁਕਮਿ ਰਜਾਈ ॥

ਰੋਜ਼ੋ ਸ਼ਬ ਬਾਸ਼ੰਦ ਦਰ ਜ਼ਿਕਰਸ਼ ਮੁਦਾਮ
ਦਰ ਲਿਬਾਸਿ ਦੁਨਯਵੀ ਮਰਦਿ ਤਮਾਮ ॥੧੯੬॥

ਉਲਥਾ : ਦਿਨ ਰਾਤ ਉਹ ਸਦਾ ਸਿਮਰਨ ਵਿਚ ਜੁਟੇ ਰਹਿੰਦੇ ਹਨ, ਸੰਸਾਰੀ ਭੇਖ ਵਿਚ ਉਹ ਪੂਰੇ ਪੁਰਖ ਹਨ।

ਗੁਰਬਾਣੀ : ਆਠ ਪਹਰ ਪ੍ਰਭ ਬਸਹਿ ਹਜੂਰੇ ॥
ਕਹੁ ਨਾਨਕ ਸੇਈ ਜਨ ਪੂਰੇ ॥

ਬਾ ਹਮਾ ਅਜ਼ ਜੁਮਲਾ ਆਜ਼ਾਦੰਦ ਸ਼ਾਂ
ਦਰ ਹਮਾ ਹਾਲ ਅਜ਼ ਖ਼ੁਦਾ ਸ਼ਾਦੰਦ ਸ਼ਾਂ ॥੧੯੭॥

ਉਲਥਾ : ਸਭ ਦੇ ਨਾਲ ਹੁੰਦੇ ਹੋਏ ਉਹ ਸਭ ਤੋਂ ਅਲੱਗ ਹਨ, ਸਭ ਹਾਲਾਤ ਵਿਚ ਉਹ ਰੱਬ ਨਾਲ ਰਹਿੰਦੇ ਹਨ (ਤੇ) ਪ੍ਰਸੰਨ ਰਹਿੰਦੇ ਹਨ।

ਗੁਰਬਾਣੀ : ਦੀਸਹਿ ਸਭ ਮਹਿ ਸਭ ਤੇ ਰਹਤੇ ॥
ਪਾਰਬ੍ਰਹਮ ਕਾ ਓਇ ਧਿਆਨੁ ਧਰਤੇ ॥

ਦਰ ਲਿਬਾਸਿ ਦੁਨਯਵੀ ਵਾ ਰਸਮਿ ਦੀਂ
ਹਮਚੂ ਏਸ਼ਾਂ ਸਾਨੀਏ ਦੀਗਰ ਮਬੀਂ ॥੧੯੮॥

ਉਲਥਾ : (ਉਹ) ਸੰਸਾਰੀ ਪਹਿਰਾਵੇ ਵਿਚ ਹੁੰਦੇ ਹਨ ਅਤੇ ਧਰਮ ਵਾਲੀ ਰੀਤ (ਰੱਖਦੇ ਹਨ), ਉਨ੍ਹਾਂ ਵਰਗਾ ਹੋਰ ਦੂਜਾ ਕੋਈ ਨਾ ਵੇਖ।

ਬਾਣੀ ਭਾਈ ਗੁਰਦਾਸ : ਗੁਰਸਿਖ ਜੋਗੀ ਜਾਗਦੇ ਮਾਇਆ ਅੰਦਰਿ ਕਰਨਿ ਉਦਾਸੀ ॥

ਹਮ ਚੁਨਾਂ ਦਰ ਯਾਦਿ ਹੱਕ ਦਾਰੰਦ ਦਸਤ
ਹੱਕ-ਸ਼ਨਾਸੋ ਹੱਕ-ਪਸੰਦੋ ਹੱਕ-ਪ੍ਰਸਤ ॥੧੯੯॥

ਉਲਥਾ : ਇਥੋਂ ਤਕ ਪ੍ਰਭੂ ਸਿਮਰਨ ਵਿਚ ਪਹੁੰਚ ਰਖਦੇ ਹਨ, (ਕਿ ਉਹ) ਪ੍ਰਭੂ ਨੂੰ ਹੀ ਜਾਣਦੇ-ਪਛਾਣਦੇ ਅਤੇ ਪ੍ਰਭੂ ਨੂੰ ਹੀ ਪਸੰਦ ਕਰਦੇ ਅਤੇ ਪ੍ਰਭੂ ਨੂੰ ਹੀ ਪੂਜਦੇ ਹਨ।

ਗੁਰਬਾਣੀ : ਆਠ ਪਹਰ ਨਿਕਟਿ ਕਰਿ ਜਾਨੈ ॥
ਪ੍ਰਭ ਕਾ ਕੀਆ ਮੀਠਾ ਮਾਨੈ ॥
ਏਕੁ ਨਾਮੁ ਸੰਤਨ ਆਧਾਰੁ ॥
ਹੋਇ ਰਹੇ ਸਭ ਕੀ ਪਗ ਛਾਰੁ ॥੧॥
ਸੰਤ ਰਹਤ ਸੁਨਹੁ ਮੇਰੇ ਭਾਈ ॥
ਉਆ ਕੀ ਮਹਿਮਾ ਕਥਨੁ ਨ ਜਾਈ ॥੧॥ਰਹਾਉ॥
ਵਰਤਣਿ ਜਾ ਕੈ ਕੇਵਲ ਨਾਮ ॥
ਅਨਦ ਰੂਪ ਕੀਰਤਨੁ ਬਿਸ੍ਰਾਮ ॥
ਮਿਤ੍ਰ ਸਤ੍ਰੁ ਜਾ ਕੈ ਏਕ ਸਮਾਨੈ ॥
ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ ॥੨॥
ਕੋਟਿ ਕੋਟਿ ਅਘ ਕਾਟਨਹਾਰਾ ॥
ਦੁਖ ਦੂਰਿ ਕਰਨ ਜੀਅ ਕੇ ਦਾਤਾਰਾ ॥
ਸੂਰਬੀਰ ਬਚਨ ਕੇ ਬਲੀ ॥
ਕਉਲਾ ਬਪੁਰੀ ਸੰਤੀ ਛਲੀ ॥੩॥
ਤਾ ਕਾ ਸੰਗੁ ਬਾਛਹਿ ਸੁਰਦੇਵ ॥
ਅਮੋਘ ਦਰਸੁ ਸਫਲ ਜਾ ਕੀ ਸੇਵ ॥
ਕਰ ਜੋੜਿ ਨਾਨਕੁ ਕਰੇ ਅਰਦਾਸਿ ॥
ਮੋਹਿ ਸੰਤਹ ਟਹਲ ਦੀਜੈ ਗੁਣਤਾਸਿ ॥੪॥

ਦਰ ਲਿਬਾਸਿ ਦੁਨਯਵੀ ਸਰ ਤਾ ਕਦਮ
ਬੀਨੀ ਵਾ ਗ਼ਾਫ਼ਿਲ ਨ-ਬੀਨੀ ਨੀਮ ਦਮ ॥੧੯੦॥

ਉਲਥਾ : ਤੂੰ (ਉਨ੍ਹਾਂ ਨੂੰ) ਸਿਰ ਤੋਂ ਪੈਰਾਂ ਤਕ ਸੰਸਾਰੀ ਪਹਿਰਾਵੇ ਵਿਚ ਵੇਖੇਂਗਾ ਅਤੇ ਅੱਧੇ ਸੁਆਸ ਲਈ (ਵੀ) ਅਵੇਸਲਾ ਨਹੀਂ ਵੇਖੇਂਗਾ।

ਗੁਰਬਾਣੀ : ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥

ਆਂ ਖ਼ੁਦਾਇ ਪਾਕ ਸ਼ਾਂ ਰਾ ਪਾਕ ਕਰਦ
ਗਰ ਚਿਹ ਜਿਸਮਿ ਸ਼ਾਂ ਜ਼ਿ-ਮੁਸ਼ਤਿ ਖ਼ਾਕ ਕਰਦ ॥੧੯੧॥

ਉਲਥਾ : ਭਾਵੇਂ ਉਨ੍ਹਾਂ ਦਾ ਸਰੀਰ ਮੁੱਠੀ ਭਰ ਮਿੱਟੀ ਤੋਂ ਬਣਾਇਆ, (ਪਰ) ਪਾਵਨ ਪ੍ਰਭੂ ਨੇ ਉਨ੍ਹਾਂ ਨੂੰ ਪਾਕ-ਪਵਿੱਤਰ ਕਰ ਦਿੱਤਾ।

ਗੁਰਬਾਣੀ : ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ
ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥

ਈਂ ਵਜੂਦਿ ਖ਼ਾਕ ਪਾਕ ਅਜ਼ ਯਾਦਿ ਊਸਤ
ਜ਼ਾਂ ਕਿ ਏਸ਼ਾਂ ਮਜ਼ਹਰਿ ਬੁਨਿਆਦਿ ਊਸਤ ॥੧੯੨॥

ਉਲਥਾ : ਇਹ ਮਿੱਟੀ ਦਾ ਸਰੀਰ ਉਸਦੇ ਸਿਮਰਨ ਨਾਲ ਪਾਕ-ਪਵਿੱਤਰ ਹੁੰਦਾ ਹੈ, ਇਸ ਕਾਰਨ ਉਹ ਉਸ (ਪ੍ਰਭੂ) ਦੀ ਹਸਤੀ (ਬੁਨਿਆਦ) ਪ੍ਰਗਟ ਕਰਨ ਵਾਲੇ ਅਸਥਾਨ ਹਨ।

ਗੁਰਬਾਣੀ : ਜਿਤੁ ਘਟਿ ਵਸੈ ਪਾਰਬ੍ਰਹਮੁ ਸੋਈ ਸੁਹਾਵਾ ਥਾਉ ॥

ਰਸਮਿ ਸ਼ਾਂ ਆਈਨਿ ਦਿਲਦਾਰੀ ਬਵਦ
ਦਰ ਹਮਾ ਹਾਲ ਅਜ਼ ਖ਼ੁਦਾ ਯਾਰੀ ਬਵਦ ॥੧੯੩॥

ਉਲਥਾ : ਉਨ੍ਹਾਂ ਦੀ ਮਰਿਆਦਾ ਦਿਲਾਂ ਦੀ ਖ਼ੁਸ਼ੀ ਲੈਣਾ ਹੁੰਦੀ ਹੈ; (ਉਨ੍ਹਾਂ ਦੀ) ਸਭ ਹਾਲਤਾਂ ਵਿਚ ਪ੍ਰਭੂ ਨਾਲ ਪ੍ਰੀਤ ਹੁੰਦੀ ਹੈ।

ਹਰ ਕਸੇ ਰਾ ਕੈ ਨਸੀਬ ਈਂ ਦੌਲਤ ਅਸਤ
ਦੌਲਤਿ ਜਾਵੇਦ ਅੰਦਰ ਸੁਹਬਤ ਅਸਤ ॥੧੯੪॥

ਉਲਥਾ : ਹਰ ਮਨੁੱਖ ਨੂੰ ਇਹ ਧਨ ਕਿਵੇਂ ਮਿਲ ਸਕਦਾ ਹੈ, (ਇਹ) ਅਬਿਨਾਸ਼ੀ ਧਨ (ਉਨ੍ਹਾਂ ਗੁਰਮੁਖਾਂ ਦੀ) ਸੰਗਤ ਵਿਚ ਹੈ।

ਗੁਰਬਾਣੀ : ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥
ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥

ਈਂ ਹਮਾ ਅਜ਼ ਸੁਹਬਤਿ ਮਰਦਾਨਿ ਊਸਤ
ਦੌਲਤਿ ਹਰ ਦੋ ਜਹਾਂ ਦਰ ਸ਼ਾਨਿ ਊਸਤ ॥੧੯੫॥

ਉਲਥਾ : ਇਹ ਸਭ ਉਸ (ਪ੍ਰਭੂ) ਦੇ ਪਿਆਰਿਆਂ ਦੀ ਸੰਗਤ ਤੋਂ ਹੈ; ਦੋਹਾਂ ਹੀ ਜਹਾਨਾਂ ਦਾ ਧਨ ਉਸ ਦੀ ਵਡਿਆਈ ਵਿਚ ਹੈ।

ਗੁਰਬਾਣੀ : ਰਾਮ ਜਨਾ ਮਿਲਿ ਭਇਆ ਅਨੰਦਾ ਹਰਿ ਨੀਕੀ ਕਥਾ ਸੁਨਾਇ ॥
ਦੁਰਮਤਿ ਮੈਲੁ ਗਈ ਸਭ ਨੀਕਲਿ ਸਤਸੰਗਤਿ ਮਿਲਿ ਬੁਧਿ ਪਾਇ ॥

ਅਥਵਾ : ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ
ਜੋ ਹਰਿ ਹਿਰਦੈ ਸਦਾ ਵਸਾਇ ॥

ਸੁਹਬਤਿ ਸ਼ਾਂ ਨ.ਫਆ ਬਿਸੀਆਰ ਆਵੁਰਦ
ਨ.ਖ਼ਲਿ ਜਿਸਮਿ ਖ਼ਾਕ ਹੱਕ ਬਾਰ ਆਵੁਰਦ ॥੧੯੬॥

ਉਲਥਾ : ਉਨ੍ਹਾਂ ਦੀ ਸੰਗਤ ਬਹੁਤ ਲਾਭ ਲਿਆਉਂਦੀ ਹੈ, ਮਿੱਟੀ ਦੇ ਸਰੀਰ ਦਾ ਰੁੱਖ ਨਾਮ ਦਾ ਫਲ ਫਲਾਉਂਦਾ ਹੈ।

ਗੁਰਬਾਣੀ : ਸੰਤ ਜਨਾ ਸਿਉ ਪ੍ਰੀਤਿ ਬਨਿ ਆਈ ॥
ਜਿਨ ਕਉ ਲਿਖਤੁ ਲਿਖਿਆ ਧੁਰਿ ਪਾਈ ॥
ਤੇ ਜਨ ਨਾਨਕ ਨਾਮਿ ਸਮਾਈ ॥

ਹਮਚੁਨੀਂ ਸੁਹਬਤ ਕੁਜਾ ਬਾਜ਼ ਆਇਦਤ
ਕਜ਼ ਬਰਾਏ ਮਰਦਮੀ ਮੇ-ਸ਼ਾਇਦਤ ॥੧੯੭॥

ਉਲਥਾ : ਐਸੀ ਸੰਗਤ ਮੁੜ ਤੈਨੂੰ ਕਦ ਮਿਲੇਗੀ ? ਜੋ ਮਰਦਾਨਗੀ ਲਈ ਤੈਨੂੰ ਯੋਗ ਬਣਾਉਂਦੀ ਹੈ।

ਗੁਰਬਾਣੀ : ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ ॥
ਹਰਿ ਸੇਤੀ ਸਦਾ ਮਿਲਿ ਰਹੇ ਜਿਨੀ ਆਪੁ ਪਛਾਨਾ ॥

ਮਰਦਮੀ ਯਾਅਨੀ ਬ-ਹੱਕ ਪੈਵਸਤਨ ਅਸਤ
.ਗੈਰ ਜ਼ਿਕਰਸ਼ ਅਜ਼ ਹਮਾ ਵਾਰੁਸਤਨ ਅਸਤ ॥੧੯੮॥

ਉਲਥਾ : ਮਰਦਾਨਗੀ ਦਾ ਅਰਥ ਪ੍ਰਭੂ ਨਾਲ ਜੁੜ ਜਾਣਾ ਹੈ, ਉਸ ਦੇ ਸਿਮਰਨ ਤੋਂ ਬਿਨਾਂ ਸਭ ਕੁਝ ਤੋਂ ਬੇਪ੍ਰਵਾਹ ਹੋ ਜਾਣਾ ਹੈ।

ਗੁਰਬਾਣੀ : ਸੰਤਨ ਅਵਰ ਨ ਕਾਹੂ ਜਾਨੀ ॥
ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ ॥

ਚੂੰ ਦਿਲਿ ਬੰਦਾ ਬਜ਼ਿਕਰਸ਼ ਰਾਹ ਯਾ.ਫਤ
ਹਾਸਲਿ ਉਮਰੋ ਦਿਲਿ ਆਗਾਹ ਯਾ.ਫਤ ॥੧੯੯॥

ਉਲਥਾ : ਜਦੋਂ ਬੰਦੇ ਦੇ ਦਿਲ ਨੂੰ ਉਸਦੇ ਸਿਮਰਨ ਵੱਲ ਰਾਹ ਮਿਲ ਗਿਆ, (ਉਸ ਨੂੰ) ਜੀਵਨ ਦਾ ਲਾਹ ਅਤੇ ਜਾਣਕਾਰ ਮਨ ਮਿਲ ਗਿਆ।

ਗੁਰਬਾਣੀ : ਲਾਹਾ ਲਾਭੁ ਹਰਿ ਭਗਤਿ ਹੈ ਗੁਣ ਮਹਿ ਗੁਣੀ ਸਮਾਈ ਰਾਮ ॥

ਕਾਰਸ਼ ਅਜ਼ ਗਰਦੂਨਿ ਗਰਦਾਂ ਦਰ ਗੁਜ਼ਸਤ
ਬਰ ਸਰਿ ਦੁਨੀਆ ਚੂੰ ਮਰਦਾਂ ਦਰ ਗੁਜ਼ਸ਼ਤ ॥੨੦੦॥

ਉਲਥਾ : ਚੱਕਰਾਂ 'ਚ ਪਏ ਅਸਮਾਨ ਤੋਂ ਉਸਦਾ ਕੰਮ ਖ਼ਤਮ ਹੋ ਗਿਆ, ਭਾਵ ਜੀਵਨ-ਮੁਕਤ ਹੋ ਗਿਆ। ਦੁਨੀਆ ਦੇ ਉਪਰੋਂ (ਉਹ) ਬਹਾਦਰਾਂ ਵਾਂਗ ਪਾਰ ਪੈ ਗਿਆ।

ਗੁਰਬਾਣੀ : **ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ॥**

ਅਥਵਾ : **ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥**

ਈਂ ਜਹਾਨੋ ਆਂ ਜਹਾਂ ਤਹਿਸੀਂ ਕੁਨੰਦ
ਆਂ ਕਿ ਦਿਲ ਅਜ਼ ਜ਼ਿਕਰਿ ਹੱਕ ਰੰਗੀਂ ਕੁਨੰਦ ॥੨੦੧॥

ਉਲਥਾ : ਇਹ ਲੋਕ ਅਤੇ ਉਹ ਪਰਲੋਕ (ਦੋਵੇਂ ਜਹਾਨ) ਉਨ੍ਹਾਂ ਦੀ ਉਪਮਾ ਕਰਦੇ ਹਨ, ਜੋ ਕਿ ਦਿਲ ਨੂੰ ਪਰਮੇਸ਼ਰ ਦੇ ਸਿਮਰਨ ਨਾਲ ਰੰਗੁਲਾ ਕਰ ਲੈਂਦੇ ਹਨ।

ਗੁਰਬਾਣੀ : **ਸਚੇ ਰਤੇ ਸੇ ਨਿਰਮਲੇ ਸਦਾ ਸਚੀ ਸੋਇ॥**
ਐਥੈ ਘਰਿ ਘਰਿ ਜਾਪਦੇ ਆਗੈ ਜੁਗਿ ਜੁਗਿ ਪਰਗਣੁ ਹੋਇ॥੧॥
ਏ ਮਨ ਰੂੜੇ ਰੰਗੁਲੇ ਤੂੰ ਸਚਾ ਰੰਗੁ ਚੜਾਇ॥

ਦਰ ਵਜੂਦਸ਼ ਆਫ਼ਤਾਬੇ ਤਾਫ਼ਤਾ
ਨਾਮਿ ਹੱਕ ਦਰ ਸੁਹਬਤਿ ਸ਼ਾਂ ਯਾਫ਼ਤਾ ॥੨੦੨॥

ਉਲਥਾ : ਉਸ ਦੇ ਸਰੀਰ ਵਿਚ ਇਕ ਸੂਰਜ ਚਮਕ ਪਿਆ, (ਜਿਸ ਨੇ) ਪ੍ਰਭੂ-ਨਾਮ ਉਨ੍ਹਾਂ ਦੀ ਸੰਗਤ 'ਚੋਂ ਪਾ ਲਿਆ।

ਗੁਰਬਾਣੀ : **ਨਾਮ ਪਰਸੁ ਜਿਨਿ ਪਾਇਓ ਸਭੁ ਪ੍ਰਗਟਿਓ ਰਵਿ ਲੋਇ॥**

ਨਾਮਿ ਹੱਕ ਅਜ਼ ਬਸਕਿ ਰੋਜ਼ੋ ਸ਼ਬ ਗ੍ਰਿਫ਼ਤ
ਦਸਤਿ ਊ ਰਾ ਜ਼ਿਕਰਿ ਮੌਲਾ ਬਰ-ਗ੍ਰਿਫ਼ਤ ॥੨੦੩॥

ਉਲਥਾ : (ਜਿਸ ਨੇ) ਪ੍ਰਭੂ ਦਾ ਨਾਮ ਦਿਨ ਰਾਤ ਦੱਬ ਕੇ ਫੜ ਲਿਆ (ਜਪਿਆ)। ਸਾਈਂ ਦੇ ਸਿਮਰਨ ਨੇ ਉਸਦਾ ਹੱਥ ਪਕੜ ਲਿਆ।

ਗੁਰਬਾਣੀ : **ਜੇ ਕਰੁ ਗਹਹਿ ਪਿਆਰੜੇ ਤੁਧੁ ਨ ਛੋਡਾ ਮੂਲਿ॥**

ਜ਼ਿਕਰਿ ਮੌਲਾ ਆਂ ਕਿ ਯਾਰੀ ਦਾਦ ਸ਼ੁਦ
ਖ਼ਾਨਾਇ ਵੀਰਾਂ ਜ਼ਿ ਹਕ ਆਬਾਦ ਸ਼ੁਦ ॥੨੦੪॥

ਉਲਥਾ : ਸਾਈਂ ਦਾ ਸਿਮਰਨ ਜਿਸ ਦਾ ਵੀ ਸਹਾਈ ਹੋ ਗਿਆ, (ਉਸਦਾ) ਉਜੜਿਆ ਘਰ ਪ੍ਰਭੂ ਰਾਹੀਂ ਵਸਦਾ-ਰਸਦਾ ਹੋ ਗਿਆ।

ਗੁਰਬਾਣੀ : ਹਉ ਵਾਰੀ ਘੁੰਮਾ ਜਾਵਦਾ॥
ਇਕ ਸਾਹਾ ਤੁਧੁ ਧਿਆਇਦਾ॥
ਉਜੜੁ ਥੇਹੁ ਵਸਾਇਓ ਹਉ ਤੁਧ ਵਿਟਹੁ ਕੁਰਬਾਣੁ ਜੀਉ॥

ਜ਼ਿਕਰਿ ਮੌਲਾ ਦੌਲਤੇ ਬਾਸ਼ਦ ਅਜ਼ੀਮ
ਕੈ ਬਦਸਤ ਆਇਦ ਜ਼ਿ ਗੰਜੋ ਮਾਲੋਂ ਸੀਮ ॥੨੦੫॥

ਉਲਥਾ : ਸਾਈਂ ਦਾ ਸਿਮਰਨ ਇਕ ਮਹਾਨ ਧਨ ਹੈ, ਇਹ ਮਾਲ-ਮਤੇ ਅਤੇ ਚਾਂਦੀ ਦੇ ਖ਼ਜ਼ਾਨਿਆਂ ਨਾਲ ਕਿਵੇਂ ਮਿਲ ਸਕਦਾ ਹੈ ?

ਗੁਰਬਾਣੀ : ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਹਿਹੁ ਹੋਤੀ ਸਾਟ॥
ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ॥

ਹਰ ਕਿਹ ਹੱਕ ਰਾ ਖ਼ਾਸਤ ਹੱਕ ਊ ਰਾ ਬਖ਼ਾਸਤ
ਸ਼ੌਕਿ ਮੌਲਾ ਬਿਹਤਰੀਨਿ ਕੀਮੀਆ-ਸਤ ॥੨੦੬॥

ਉਲਥਾ : ਜਿਸ ਨੇ ਰੱਬ ਨੂੰ ਚਾਹਿਆ, ਰੱਬ ਨੇ ਵੀ ਉਸ ਨੂੰ ਚਾਹਿਆ, ਸਾਈਂ ਦਾ ਪ੍ਰੇਮ ਸਭ ਤੋਂ ਵਧੀਆ ਰਸਾਇਣ ਹੈ।

ਗੁਰਬਾਣੀ : ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ॥
ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥

ਗੋਹਰਿ ਮਕਸੂਦਿ ਤਨ ਯਾਦਿ ਖ਼ੁਦਾਸਤ
ਲੇਕਨ ਊ ਅੰਦਰ ਜ਼ੁਬਾਨਿ ਔਲੀਆਸਤ ॥੨੦੭॥

ਉਲਥਾ : ਸਰੀਰ ਦੇ ਮਨੋਰਥ ਦਾ ਜੌਹਰ ਪ੍ਰਭੂ ਦਾ ਸਿਮਰਨ ਹੈ; ਪਰੰਤੂ ਉਹ ਗੁਰਮੁਖਿ ਸੰਤਾਂ ਦੀ ਰਸਨਾ ਵਿਚ ਹੈ।

ਗੁਰਬਾਣੀ : ਜਿਸੁ ਵਖਰ ਕਉ ਲੈਨਿ ਤੂ ਆਇਆ॥
ਰਾਮ ਨਾਮੁ ਸੰਤਨ ਘਰਿ ਪਾਇਆ॥
ਤਜਿ ਅਭਿਮਾਨੁ ਲੇਹੁ ਮਨ ਮੋਲਿ॥
ਰਾਮ ਨਾਮੁ ਹਿਰਦੇ ਮਹਿ ਤੋਲਿ॥

ਪਾਰਸਾਈ ਬਿਹ ਕਿ ਬਹਿਰਿ ਹੱਕ ਬਵਦ
ਬਾਦਸ਼ਾਹੀ ਚੀਸਤ ਕਾਂ ਨਾਹੱਕ ਬਵਦ ॥੨੦੮॥

ਉਲਥਾ : ਪਰਹੇਜ਼ਗਾਰੀ (ਸੰਜਮੀ ਜ਼ਿੰਦਗੀ) ਚੰਗੀ ਹੈ, ਜੋ ਪਰਮੇਸ਼ਰ ਲਈ ਹੁੰਦੀ ਹੈ, ਬਾਦਸ਼ਾਹੀ ਕੀ ਹੈ, ਜੋ ਵਿਅਰਥ ਹੋਵੇ।

ਗੁਰਬਾਣੀ : ਰਾਜ ਜੋਬਨ ਬਿਸਰੰਤ ਹਰਿ ਮਾਇਆ ਮਹਾ ਦੁਖੁ ਏਹੁ ਮਹਾਂਤ ਕਹੈ ॥
ਆਸ ਪਿਆਸ ਰਮਣ ਹਰਿ ਕੀਰਤਨ ਏਹੁ ਪਦਾਰਥੁ ਭਾਗਵੰਤੁ ਲਹੈ ॥
ਅਥਵਾ : ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ ॥
ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ ॥

ਹਰ ਦੋ ਮੁਸ਼ਤਾਕ ਅੰਦ ਰਿੰਦੋ ਪਾਰਸਾ
ਤਾ ਕਿਹ ਰਾ ਖ਼ਾਹਦ ਖ਼ੁਦਾਇ ਕਿਬਰੀਆ ॥੨੦੯॥

ਉਲਥਾ : ਖੁੱਲ੍ਹੇ ਅਤੇ ਬਿਬੇਕੀ ਦੋਵੇਂ ਚਾਹਵਾਨ ਹਨ; ਤਾਂ ਜੁ ਮਹਾਨ ਰੱਬ ਕਿਸ ਨੂੰ ਚਾਹੁੰਦਾ ਹੈ?

ਗੁਰਬਾਣੀ : ਏਕ ਭਾਇ ਦੇਖਉ ਸਭ ਨਾਰੀ ॥
ਕਿਆ ਜਾਨਉ ਸਹ ਕਉਨ ਪਿਆਰੀ ॥

ਬੰਦਾ ਤਾ ਬਾਸ਼ਦ ਬਰਾਇ ਬੰਦਗੀਸਤ
ਗ਼ੈਰ ਹਰਫ਼ਿ ਹੱਕ ਹਮਾ ਸ਼ਰਮਿੰਦਗੀਸਤ ॥੨੧੦॥

ਉਲਥਾ : ਬੰਦਾ ਤਾਂ ਤਦ ਹੈ, (ਜੇ) ਉਹ ਬੰਦਗੀ ਵਾਸਤੇ ਹੈ, ਪ੍ਰਭੂ ਬਿਨਾਂ ਦੂਜੇ ਬੋਲ ਨਿਰੀ ਸ਼ਰਮਿੰਦਗੀ ਹੈ।

ਗੁਰਬਾਣੀ : ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ ਸਾਹੁ ॥
ਅਥਵਾ : ਬਿਨੁ ਨਾਵੈ ਬੋਲੈ ਸਭੁ ਵੇਕਾਰੁ ॥

ਲੇਕ ਦਰ ਜ਼ਾਹਿਰ ਕਸੇ ਬਾਸ਼ਦ ਦਰੁਸਤ
ਆਂ ਕਿ ਆਰਦ ਮੁਰਸ਼ਦਿ ਕਾਮਿਲ ਬਦਸਤ ॥੨੧੧॥

ਉਲਥਾ : ਪਰੰਤੂ ਪਰਤੱਖ ਵਿਚ ਉਹ ਮਨੁੱਖ ਸਹੀ ਹੀ ਹੈ, ਜੋ ਕਿ ਪੂਰੇ ਗੁਰੂ ਨੂੰ ਮਿਲ ਪੈਂਦਾ ਹੈ।

ਗੁਰਬਾਣੀ : ਗੁਰੁ ਪੂਰਾ ਭੇਟਿਓ ਵਡਭਾਗੀ ਜਨ ਨਾਨਕ ਕਤਹਿ ਨ ਧਾਵਹੁ ॥

ਦੀਨੋ ਦੁਨਿਆ ਹਰ ਦੋ ਫ਼ਰਮਾਂ-ਦਾਰਿ ਊ
ਹਰ ਦੋ ਆਲਮ ਸ਼ਾਇਕਿ ਦੀਦਾਰਿ ਊ ॥੨੧੨॥

ਉਲਥਾ : ਦੀਨ ਅਤੇ ਦੁਨੀਆ ਦੋਵੇਂ ਉਸ (ਪ੍ਰਭੂ) ਦੇ ਆਗਿਆਕਾਰੀ ਹਨ, ਦੋਵੇਂ ਜਹਾਨ ਉਸ ਦੇ ਦਰਸ਼ਨ ਦੇ ਚਾਹਵਾਨ ਹਨ।

ਗੁਰਬਾਣੀ : ਦੀਨ ਦੁਨੀਆ ਤੇਰੀ ਟੇਕ ॥
ਸਭ ਮਹਿ ਰਵਿਆ ਸਾਹਿਬੁ ਏਕ ॥...
ਤੇਰੀ ਟੇਕ ਤੇਰਾ ਮਨਿ ਤਾਣੁ ॥
ਈਹਾਂ ਊਹਾਂ ਤੂ ਦੀਬਾਣੁ ॥

ਅਥਵਾ : ਦੀਨ ਦੁਨੀਆ ਦਰ ਕਮੰਦਿ ਆਂ ਪਰੀ ਰੁਖ਼ਸਾਰਿ ਮਾ ॥ *(ਗੋਯਾ ਜੀ)*

ਹਰ ਕਿ ਰਾ ਉਲਫ਼ਤ ਜ਼ਿ ਨਾਮਿ ਹੱਕ ਬਵਦ
ਦਰ ਹਕੀਕਤ ਆਰਿਫ਼ਿ ਮੁਤਲਿਕ ਬਵਦ ॥੨੧੩॥

ਉਲਥਾ : ਜਿਸ ਕਿਸੇ ਦਾ ਪ੍ਰੇਮ ਪ੍ਰਭੂ ਦੇ ਨਾਮ ਨਾਲ ਹੋ ਜਾਂਦਾ ਹੈ, ਅਸਲ ਵਿਚ (ਉਹ) ਪੂਰਨ ਗਿਆਨੀ ਹੋ ਜਾਂਦਾ ਹੈ।

ਗੁਰਬਾਣੀ : ਪ੍ਰੀਤਿ ਲਗੀ ਤਿਸੁ ਸਚ ਸਿਉ ਮਰੈ ਨ ਆਵੈ ਜਾਇ ॥
ਨਾ ਵੇਛੋੜਿਆ ਵਿਛੁੜੈ ਸਭ ਮਹਿ ਰਹਿਆ ਸਮਾਇ ॥

ਯਾਦਿ ਹੱਕ ਰਾ ਤਾਲਿਬ ਊ ਮੇ ਕੁਨੰਦ
ਆਰਿਫ਼ ਹੱਕ ਜੁਮਲਾ ਨੇਕੋ ਮੇ ਕੁਨੰਦ ॥੨੧੪॥

ਉਲਥਾ : ਪ੍ਰਭੂ ਦਾ ਸਿਮਰਨ ਉਸ ਦੇ ਇੱਛਕ ਹੀ ਕਰਦੇ ਹਨ, ਪ੍ਰਭੂ ਪਛਾਣਨ ਵਾਲੇ ਸਭ ਭਲਾ ਹੀ ਕਰਦੇ ਹਨ।

ਗੁਰਬਾਣੀ : ਪ੍ਰਭ ਕੈ ਸਿਮਰਨਿ ਹੋਇ ਸੁ ਭਲਾ ॥
ਪ੍ਰਭ ਕੈ ਸਿਮਰਨਿ ਸੁਫਲ ਫਲਾ ॥

ਅਥਵਾ : ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ ॥
ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ ॥

ਹੱਕ ਹਮਾਂ ਬਾਸ਼ਦ ਕਿ ਬਾਸ਼ੀ ਬੰਦਾਇ
ਬੇ-ਅਦਬ ਦਾਇਮ ਜ਼ ਹੱਕ ਸ਼ਰਮਿੰਦਾਇ ॥੨੧੫॥

ਉਲਥਾ : ਜਾਇਜ਼ ਇਹੀ ਹੈ ਕਿ ਤੂੰ ਸੇਵਕ (ਚਾਕਰ) ਬਣਿਆ ਰਹੇਂ, ਭੈ-ਭਾਵਨੀ ਰਹਿਤ ਸਦੀਵ ਰੱਬ ਵੱਲੋਂ ਸ਼ਰਮਸਾਰ ਹੁੰਦਾ ਹੈ।

ਗੁਰਬਾਣੀ : ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥
ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥
ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥
ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ ॥

ਉਮਰ ਆਂ ਬਾਸ਼ਦ ਕਿ ਊ ਦਰ ਯਾਦ ਰਫ਼ਤ
ਉਮਰ ਨ ਬੂਦ ਆਂ ਕਿ ਬਰਬਾਦ ਰਫ਼ਤ ॥੨੧੬॥

ਉਲਥਾ : ਅਉਧ ਉਹੀ ਹੈ ਕਿ ਉਹ ਸਿਮਰਨ ਵਿਚ ਬੀਤੇ, ਉਹ ਆਰਜਾ ਨਹੀਂ ਸੀ, ਜਿਹੜੀ ਕਿ ਵਿਅਰਥ ਚਲੀ ਗਈ।

ਗੁਰਬਾਣੀ : ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ ॥
ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ ॥

ਬੰਦਾ ਪੈਦਾ ਸ਼ੁਦ ਬਰਾਏ ਬੰਦਗੀ
ਖ਼ੁਸ਼ ਇਲਾਜੇ ਹਸਤ ਬਹਿਰਿ ਜ਼ਿੰਦਗੀ ॥੨੧੭॥

ਉਲਥਾ : ਮਨੁੱਖ ਇਬਾਦਤ (ਭਗਤੀ) ਦੀ ਖ਼ਾਤਰ ਪੈਦਾ ਹੋਇਆ ਹੈ, (ਇਹੋ ਹੀ) ਜੀਵਨ ਵਾਸਤੇ ਇਕ ਉਤਮ ਉਪਚਾਰ ਹੈ।

ਗੁਰਬਾਣੀ : ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥

ਐ ਖ਼ੁਸ਼ਾ ਚਸ਼ਮੇ ਕਿ ਦੀਦਾ ਰੂਇ ਊ
ਬੰਦਗੀ-ਅਸ਼ ਜੁਮਲਾ ਮਕਬੂਲੋ ਨਿਕੂ ॥੨੧੮॥

ਉਲਥਾ : ਓਏ, ਉਹ ਅੱਖਾਂ ਧੰਨ ਹਨ, ਜਿਨ੍ਹਾਂ ਨੇ ਉਸ (ਪ੍ਰਭੂ) ਦਾ ਮੁੱਖ ਤੱਕ ਲਿਆ ਹੈ, ਉਸ (ਮਨੁੱਖ) ਦੇ ਸਾਰੇ ਜਪ-ਤਪ ਪ੍ਰਵਾਨ ਅਤੇ ਭਲੇ ਹੋ ਗਏ।

ਗੁਰਬਾਣੀ : ਤੇ ਨੇਤ੍ਰ ਭਲੇ ਪਰਵਾਣੁ ਹਹਿ ਮੇਰੀ ਜਿੰਦੁੜੀਏ
ਜੋ ਸਾਧੂ ਸਤਿਗੁਰੁ ਦੇਖਹਿ ਰਾਮ ॥

ਅਥਵਾ : ਕਰਿ ਕਿਰਪਾ ਮੇਰੇ ਪ੍ਰੀਤਮ ਸੁਆਮੀ ਨੇਤ੍ਰ ਦੇਖਹਿ ਦਰਸੁ ਤੇਰਾ ਰਾਮ ॥

ਈਂ ਜਹਾਨੋ ਆਂ ਜਹਾਂ ਅਜ਼ ਹੱਕ ਪੁਰ ਅਸਤ
ਲੇਕ ਮਰਦਿ ਹੱਕ ਬ-ਆਲਮ ਕਮਤਰ ਅਸਤ ॥੨੧੯॥

ਉਲਥਾ : ਇਹ ਲੋਕ ਅਤੇ ਉਹ ਲੋਕ (ਪਰਲੋਕ) ਸੱਚ-ਨਾਮ ਨਾਲ ਭਰਪੂਰ ਹਨ; ਪਰੰਤੂ ਰੱਬ ਦੇ (ਰੁਅਬ ਵਿਚ ਚਲਣ ਵਾਲੇ ਦਲੇਰ) ਸ਼ੇਰ (ਸਿੰਘ) ਸੰਸਾਰ ਵਿਚ ਵਿਰਲੇ ਹਨ।

ਗੁਰਬਾਣੀ : ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ ॥
ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ ॥
ਭਾਈ ਗੁਰਦਾਸ : ਵਖਤੈ ਉਪਰਿ ਲੜਿ ਮਰੈ ਅੰਮ੍ਰਿਤ ਵੇਲੈ ਸਬਦੁ ਅਲਾਪੈ ॥

ਹਰ ਕਸੇ ਕੂ ਬ-ਖ਼ੁਦਾ ਹਮਰੰਗ ਸ਼ੁਦ
ਵਸਫ਼ਿ ਊ ਦਰ ਮੁਲਕਿ ਰੂਮੋ ਜ਼ੰਗ ਸ਼ੁਦ ॥੨੨੦॥

ਉਲਥਾ : ਜੋ ਜੀਵ ਪ੍ਰਭੂ ਨਾਲ ਇਕ-ਰੂਪ ਹੋ ਗਿਆ, ਉਸ ਦਾ ਜਸ ਰੂਮ ਅਤੇ ਹਬਸ਼ ਦੇਸ਼ ਵਿਚ (ਭਾਵ ਸਭ ਧਰਤੀ 'ਤੇ) ਫੈਲ ਗਿਆ।

ਗੁਰਬਾਣੀ : ਜਿਸੁ ਨੀਚ ਕਉ ਕੋਈ ਨ ਜਾਨੈ ॥
ਨਾਮੁ ਜਪਤ ਉਹੁ ਚਹੁ ਕੁੰਟ ਮਾਨੈ ॥
ਅਥਵਾ : ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥
ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥

ਮਾਅਨੀਇ ਯਕਰੰਗੀ ਆਮਦ ਸ਼ੌਕਿ ਹੱਕ
ਬੰਦਾ ਰਾ ਆਰਾਮ ਅੰਦਰ ਜ਼ੌਕਿ ਹੱਕ ॥੨੨੧॥

ਉਲਥਾ: ਇਕ ਰੂਪ ਹੋਣ ਦਾ ਭਾਵ ਹੈ, ਪ੍ਰਭੂ ਦਾ ਹੀ ਪ੍ਰੇਮ; ਮਨੁੱਖ ਨੂੰ ਨਾਮ-ਰਸ ਵਿਚ ਹੀ ਸੁੱਖ ਹੈ।

ਗੁਰਬਾਣੀ : ਸਚਾ ਰੰਗੁ ਮਜੀਠ ਕਾ ਗੁਰਮੁਖਿ ਬ੍ਰਹਮ ਬੀਚਾਰੁ ॥
ਨਾਨਕ ਪ੍ਰੇਮ ਮਹਾ ਰਸੀ ਸਭਿ ਬੁਰਿਆਈਆ ਛਾਰੁ ॥

ਊ ਬਰੰਗਿ ਸਾਹਿਬੀ ਬਾ ਇੱਜ਼ੋ ਜਾਹ
ਮਾ ਬਰੰਗਿ ਬੰਦਗੀ ਅੰਦਰ ਪਨਾਹ ॥੨੨੨॥

ਉਲਥਾ : ਉਹ (ਸਾਹਿਬੀ) ਮਾਲਕੀ ਦੇ ਰੰਗ ਵਿਚ ਮਾਨ ਮਰਤਬੇ ਵਾਲਾ ਹੈ, ਅਸੀਂ ਸੇਵਕੀ ਅਥਵਾ ਮਾਤਹਤੀ ਦੇ ਰੰਗ ਵਿਚ ਸ਼ਰਨ ਵਿਚ ਹਾਂ।

ਗੁਰਬਾਣੀ : ਤੂ ਸਾਹਿਬੁ ਹਉ ਸੇਵਕੁ ਕੀਤਾ ॥
ਜੀਉ ਪਿੰਡੁ ਸਭੁ ਤੇਰਾ ਦੀਤਾ ॥

ਊ ਬਰੰਗਿ-ਸਾਹਿਬੀ ਫ਼ਰਮਾਂ-ਰਵਾ
ਮਾ ਬਰੰਗਿ ਬੰਦਗੀ ਨਿਜ਼ਦਸ਼ ਗਦਾ ॥੨੨੩॥

ਉਲਥਾ : ਉਹ (ਪ੍ਰਭੂ) ਮਾਲਕੀ ਦੇ ਰੰਗ ਵਿਚ ਹਾਕਮ ਹੈ, ਅਸੀਂ ਮਾਤਹਤੀ ਦੇ ਰੰਗ ਵਿਚ ਉਸ ਪਾਸ ਭਿਖਾਰੀ ਹਾਂ।

ਗੁਰਬਾਣੀ : ਹਮ ਭੀਖਕ ਭੇਖਾਰੀ ਤੇਰੇ ਤੂ ਨਿਜ ਪਤਿ ਹੈ ਦਾਤਾ॥

ਊ ਬਰੰਗਿ ਸਾਹਿਬੀ ਦਾਰਦ ਨਜ਼ਰ
ਬੰਦਾ ਰਾ ਅਜ਼ ਬੰਦਗੀ ਬਾਸ਼ਦ ਖ਼ਬਰ ॥੨੨੪॥

ਉਲਥਾ : ਉਹ ਮਾਲਕੀ ਦੇ ਰੰਗ ਵਿਚ ਨਦਰ (ਧਿਆਨ) ਰੱਖਦਾ ਹੈ, ਸੇਵਕ ਨੂੰ ਸੇਵਾ ਨਾਲ ਹੀ ਸੋਝੀ ਪੈਂਦੀ ਹੈ।

ਗੁਰਬਾਣੀ : ਸਭਨਾ ਉਪਰਿ ਨਦਰਿ ਪ੍ਰਭ ਤੇਰੀ॥
ਕਿਸੈ ਥੋੜੀ ਕਿਸੈ ਹੈ ਘਣੇਰੀ॥
ਤੁਝ ਤੇ ਬਾਹਰਿ ਕਿਛੁ ਨ ਹੋਵੈ ਗੁਰਮੁਖਿ ਸੋਝੀ ਪਾਵਣਿਆ॥

ਉਮਰਹਾ ਜੋਯਾਇ ਈਂ ਦੌਲਤ ਸ਼ੁਦੰਦ
ਸਾਲਹਾ ਮੁਸ਼ਤਾਕਿ ਈਂ ਸੁਹਬਤ ਸ਼ੁਦੰਦ ॥੨੨੫॥

ਉਲਥਾ : (ਅਨੇਕਾਂ) ਉਮਰਾਂ ਭਰ ਇਸ ਧਨ ਦੇ ਢੂੰਡਾਊ ਰਹੇ, ਸਾਲਾਂ ਬੱਧੀ ਇਸ ਸੰਗਤ ਦੇ ਚਾਹਕ ਰਹੇ।

ਗੁਰਬਾਣੀ : ਸਾਧਿਕ ਸਿਧ ਜਿਸੈ ਕਉ ਫਿਰਦੇ॥
ਬ੍ਰਹਮੇ ਇੰਦ੍ਰ ਧਿਆਇਨਿ ਹਿਰਦੇ॥
ਕੋਟਿ ਤੇਤੀਸਾ ਖੋਜਹਿ ਤਾ ਕਉ ਗੁਰ ਮਿਲਿ ਹਿਰਦੈ ਗਾਵਣਿਆ॥

ਹਰ ਕਸੇ ਰਾ ਜ਼ੱਰਾ ਜ਼ਾਂ ਬਾਸ਼ਦ ਨਸੀਬ
ਆਂ ਬਖ਼ੂਬੀ ਗਸ਼ਤ ਖ਼ੁਰਸ਼ੀਦਿ ਨਜੀਬ ॥੨੨੬॥

ਉਲਥਾ : ਜਿਸ ਜਨ ਨੂੰ ਉਸ (ਧਨ) ਵਿੱਚੋਂ (ਕਿਨਕਾ) ਤਿਲ ਕੁ ਮਿਲ ਗਿਆ, ਉਹ ਸਹਿਜ ਸੇਤੀ ਸਤਿਕਾਰਯੋਗ ਸੂਰਜ ਬਣ ਗਿਆ।

ਗੁਰਬਾਣੀ : ਕਿਨਕਾ ਏਕ ਜਿਸੁ ਜੀਅ ਬਸਾਵੈ॥
ਤਾ ਕੀ ਮਹਿਮਾ ਗਨੀ ਨ ਆਵੈ॥

ਗ਼ੈਰਿ ਊ ਯਾਅਨੀ ਜ਼ਿ ਹੱਕ ਗ਼ਫ਼ਲਤ ਬਵਦ
ਯਾਦਿ ਊ ਸਰਮਾਯਾਇ ਦੌਲਤ ਬਵਦ ॥੨੨੭॥

ਉਲਥਾ : ਉਸ (ਰੱਬ) ਤੋਂ ਬਗ਼ੈਰ ਦਾ ਭਾਵ (ਸਭ) ਨਾਮ ਤੋਂ ਅਵੇਸਲਾਪਨ ਹੈ, ਉਸ ਦਾ ਸਿਮਰਨ ਭਾਗਾਂ ਵਾਲਿਆਂ ਦੀ ਸੰਪਤੀ ਹੈ।

ਗੁਰਬਾਣੀ : **ਹਮ ਧਨਵੰਤ ਭਾਗਠ ਸਚ ਨਾਇ॥**
ਹਰਿ ਗੁਣ ਗਾਵਹ ਸਹਜਿ ਸੁਭਾਇ॥

ਦੀਦਨਿ ਊ ਤਾ ਮੁਯੱਸਰ ਮੇ-ਸ਼ਵਦ
ਸੁਹਬਤਿ ਮਰਦਾਂ ਤਅਸੁਰ ਮੇ-ਸ਼ਵਦ॥੨੨੮॥

ਉਲਥਾ : ਉਸ (ਰੱਬ) ਦਾ ਦਰਸ਼ਨ ਤਾਂ ਪ੍ਰਾਪਤ ਹੁੰਦਾ ਹੈ, ਪੂਰਨ ਪੁਰਖਾਂ ਦੀ ਸੰਗਤ (ਜਦੋਂ) ਪ੍ਰਭਾਵਤ ਕਰੇ।

ਗੁਰਬਾਣੀ : **ਹਰਿ ਦਰਸਨੁ ਪਾਵੈ ਵਡਭਾਗਿ॥**
ਗੁਰ ਕੈ ਸਬਦਿ ਸਚੈ ਬੈਰਾਗਿ॥

ਹਰਫ਼ਿ ਹੱਕ ਦਰ ਦਿਲ ਅਗਰ ਮਾਵਾ ਕੁਨਦ
ਦਰ ਬੁਨਿ ਹਰ ਮੂਇ ਊ ਹੱਕ ਜਾ ਕੁਨਦ॥੨੨੯॥

ਉਲਥਾ : ਸੱਚ ਦਾ ਅੱਖਰ ਜੇ ਦਿਲ ਵਿਚ ਟਿਕ ਜਾਏ, ਉਸ ਦੇ ਹਰ ਰੋਮ ਦੀ ਜੜ੍ਹ ਵਿਚ ਪ੍ਰਭੂ ਆ ਵਸੇਗਾ।

ਗੁਰਬਾਣੀ : **ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ॥**

ਹਰ ਕਿ ਖ਼ੁਦ ਰਾ ਸੂਇ ਹੱਕ ਮੇ-ਆਰਦਸ਼
ਅਜ਼ ਰੁਖ਼ਿ ਊ ਨੂਰਿ-ਹੱਕ ਮੇ-ਬਾਰਦਸ਼॥੨੩੦॥

ਉਲਥਾ : ਜੋ ਕੋਈ ਆਪਣੇ ਆਪ ਨੂੰ ਰੱਬ ਵੱਲ ਲਿਆਉਂਦਾ ਹੈ, ਉਸ ਦੇ ਚਿਹਰੇ ਤੋਂ ਰੱਬ ਦਾ ਨੂਰ ਵਸਦਾ ਹੈ।

ਗੁਰਬਾਣੀ : **ਚਰਨ ਚਲਉ ਮਾਰਗਿ ਗੋਬਿੰਦ॥**
ਮਿਟਹਿ ਪਾਪ ਜਪੀਐ ਹਰਿ ਬਿੰਦ॥
ਕਰ ਹਰਿ ਕਰਮ ਸ੍ਰਵਨਿ ਹਰਿ ਕਥਾ॥
ਹਰਿ ਦਰਗਹ ਨਾਨਕ ਊਜਲ ਮਥਾ॥

ਈਂ ਹਮਾ ਫ਼ੈਜ਼ ਅਜ਼ ਤੁਫ਼ੈਲਿ ਸੁਹਬਤ ਅਸਤ
ਸੁਹਬਤਿ ਮਰਦਾਨਿ ਹੱਕ ਖ਼ੁਸ਼ ਦੌਲਤ ਅਸਤ॥੨੩੧॥

ਉਲਥਾ : ਇਹ ਸਭ ਪ੍ਰਤਾਪ ਸਤਸੰਗਤਿ ਦੀ ਕਿਰਪਾ ਹੈ, ਰੱਬ ਦੇ ਪਿਆਰਿਆਂ ਦੀ ਸੰਗਤ ਚੰਗੀ ਦੌਲਤ ਹੈ।

ਗੁਰਬਾਣੀ : **ਸਤਸੰਗਤਿ ਮਹਿ ਹਰਿ ਹਰਿ ਵਸਿਆ ਮਿਲਿ ਸੰਗਤਿ ਹਰਿ ਗੁਨ ਜਾਨ ॥**
ਵਡੈ ਭਾਗਿ ਸਤਸੰਗਤਿ ਪਾਈ ਗੁਰੁ ਸਤਿਗੁਰੁ ਪਰਸਿ ਭਗਵਾਨ ॥

ਹੇਚ ਕਸ ਅਜ਼ ਹਾਲਿ ਸ਼ਾਂ ਆਗਾਹ ਨੇਸਤ
ਹਰ ਕਿਹ ਓ ਮਿਹ ਰਾ ਦਰਾਂਜਾ ਰਾਹ ਨੇਸਤ ॥੨੩੨॥

ਉਲਥਾ : ਕੋਈ ਸ਼ਖ਼ਸ ਉਨ੍ਹਾਂ ਦੀ ਅਵਸਥਾ ਦਾ ਜਾਣੂ ਨਹੀਂ ਹੈ, ਹਰ (ਲਲੂ-ਪੰਜੂ) ਛੋਟੇ ਤੇ ਵੱਡੇ ਦੀ ਉਥੇ ਤਕ ਪਹੁੰਚ ਨਹੀਂ ਹੈ।

ਗੁਰਬਾਣੀ : **ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ ॥**
ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥

ਦਰ ਨਜ਼ਰ ਆਇੰਦ ਚੂੰ ਜ਼ਾਤਿ ਅਲਾਹ
ਦਰ ਹਕੀਕਤ ਹਰ ਦੋ ਆਲਮ ਰਾ ਪਨਾਹ ॥੨੩੩॥

ਉਲਥਾ : ਗਹਿਰਾਈ ਵਿਚ ਉਹ ਅਲਹ ਦੀ ਜ਼ਾਤ ਵਰਗੇ ਹਨ, ਅਸਲ ਵਿਚ ਦੋਹਾਂ ਜਹਾਨਾਂ ਲਈ ਆਸਰਾ ਹਨ।

ਗੁਰਬਾਣੀ : **ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ ॥**
ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥

ਦਰ ਕਸਬ ਬਾਸ਼ੰਦ ਆਜ਼ਾਦ ਅਜ਼ ਕਸਬ
ਉਮਰ ਗੁਜ਼ਾਰੰਦ ਅੰਦਰ ਯਾਦਿ ਰੱਬ ॥੨੩੪॥

ਉਲਥਾ : ਕੰਮ ਧੰਦੇ ਵਿਚ ਹੁੰਦੇ ਹੋਏ ਧੰਦੇ ਤੋਂ ਨਿਰਲੇਪ (ਆਜ਼ਾਦ) ਹੁੰਦੇ ਹਨ, ਉਮਰ ਰੱਬ ਦੇ ਸਿਮਰਨ ਵਿਚ ਗੁਜ਼ਾਰਦੇ ਹਨ।

ਗੁਰਬਾਣੀ : **ਦੀਸਹਿ ਸਭ ਮਹਿ ਸਭ ਤੇ ਰਹਤੇ ॥**
ਪਾਰਬ੍ਰਹਮ ਕਾ ਓਇ ਧਿਆਨੁ ਧਰਤੇ ॥

ਖ਼ੇਸ਼ ਰਾ ਚੂੰ ਮੂਰ ਬਿਸ਼ੁਮਾਰੰਦ ਸ਼ਾਂ
ਦਰ ਹਕੀਕਤ ਬਿਹਤਰ ਅਜ਼ ਪੀਲਿ ਦਮਾਂ ॥੨੩੫॥

ਉਲਥਾ : ਆਪਣੇ ਆਪ ਨੂੰ ਚੀਂਟੀ ਸਮਾਨ ਸਮਝਦੇ ਹਨ, ਅਸਲ ਵਿਚ ਉਹ ਸ਼ਕਤੀਸ਼ਾਲੀ ਹਾਥੀ ਤੋਂ ਬਲਵਾਨ ਹੁੰਦੇ ਹਨ।

ਗੁਰਬਾਣੀ : ਦੀਸਿ ਆਵਤ ਹੈ ਬਹੁਤੁ ਭੀਹਾਲਾ ॥
ਸਗਲ ਚਰਨ ਕੀ ਇਹੁ ਮਨੁ ਰਾਲਾ ॥

ਹਰ ਚਿ ਮੇ-ਬੀਨੀ ਹਮਾ ਹੈਰਾਨਿ ਸ਼ਾਂ
ਸ਼ਾਨਿ ਸ਼ਾਂ ਬਿਹਤਰ ਬਵਦ ਅਜ਼ ਇਮਤਿਹਾਂ ॥੨੩੬॥

ਉਲਥਾ : ਜੋ ਕੁਝ ਤੂੰ ਦੇਖਦਾ ਹੈਂ, ਸਭ ਉਨ੍ਹਾਂ 'ਤੇ ਹੈਰਾਨ ਹੈ; ਉਨ੍ਹਾਂ ਦੀ ਵਡਿਆਈ ਪਰਖ ਤੋਂ ਉਚੇਰੀ ਹੈ।

ਭਾਈ ਗੁਰਦਾਸ : ਪਾਹੁਨੜਾ ਪਰਵਾਣੁ ਕਾਜੁ ਸੁਹਾਇਆ ॥
ਮਜਲਸ ਕਰਿ ਹੈਰਾਣੁ ਉਠਿ ਸਿਧਾਇਆ ॥

ਗੁਰਬਾਣੀ : ਪਰਖਿ ਖਜਾਨੈ ਪਾਏ ਸੇ ਬਹੁੜਿ ਨ ਖੋਟਿਆ ॥

ਸੁਹਬਤਿ ਮਰਦਾਨਿ ਹੱਕ ਬਾਸ਼ਦ ਕਰਮ
ਦੌਲਤੇ ਕਆਂ ਰਾ ਨ-ਬਾਸ਼ਦ ਹੇਚ ਗ਼ਮ ॥੨੩੭॥

ਉਲਥਾ : ਪ੍ਰਭੂ ਪਿਆਰਿਆਂ ਦੀ ਸੰਗਤ ਬਖ਼ਸ਼ਿਸ਼ ਹੁੰਦੀ ਹੈ, ਇਹ ਅਜਿਹੀ ਦੌਲਤ ਹੈ, ਜਿਸ ਨੂੰ ਕਿ ਕੋਈ ਗ਼ਮ ਨਹੀਂ।

ਗੁਰਬਾਣੀ : ਵਡੈ ਭਾਗਿ ਸਤਸੰਗਤਿ ਪਾਈ ਹਰਿ ਹਰਿ ਨਾਮੁ ਰਹਿਆ ਭਰਪੂਰਿ ॥

ਖ਼ੁਦ ਬਜ਼ੁਰਗੋ ਹਰ ਕਸੇ ਬਾ ਸ਼ਾਂ ਨਿਸ਼ਸਤ
ਊ ਬਜ਼ੁਰਗੀ ਯਾਫ਼ਤ ਤਾ ਹਰ ਕਸ ਕਿ ਹਸਤ ॥੨੩੮॥

ਉਲਥਾ : (ਉਹ) ਆਪ ਤਾਂ ਮਹਾਨ ਹਨ ਅਤੇ ਜੋ ਪ੍ਰਾਣੀ ਉਨ੍ਹਾਂ ਦੀ ਸੰਗਤ ਵਿਚ ਬੈਠਿਆਂ, ਉਸ ਨੇ ਮਹਾਨਤਾ ਪ੍ਰਾਪਤ ਕਰ ਲਈ, ਭਾਵੇਂ ਉਹ ਕੋਈ ਵੀ ਹੋਵੇ।

ਗੁਰਬਾਣੀ : ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ ॥
ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ ॥

ਹਰ ਕਸੇ ਕੂ ਖ਼ੇਸ਼ ਰਾ ਬਿਸ਼ਨਾਖ਼ਤਾ
ਦਰ ਤਰੀਕਿ ਬੰਦਗੀ ਪਰਦਾਖ਼ਤਾ ॥੨੩੯॥

ਉਲਥਾ : ਜਿਸ ਪੁਰਖ ਨੇ ਆਪੇ ਨੂੰ ਪਛਾਣ ਲਿਆ, ਉਹ ਭਗਤੀ ਦੇ ਰਾਹ 'ਚ ਰੁਝ ਗਿਆ।

ਗੁਰਬਾਣੀ : ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥

ਈਂ ਜ਼ਮੀਨੋ ਆਸਮਾਂ ਪੁਰ ਅਜ਼ ਖ਼ੁਦਾਸਤ
ਆਲਮੇ ਹਰ ਸੂ ਦਵਾਂ ਕਆਂ ਸ਼ਹ ਕੁਜਾਸਤ ॥੨੪੦॥

ਉਲਥਾ : ਇਹ ਧਰਤੀ ਤੇ ਆਕਾਸ਼ ਪ੍ਰਭੂ ਨਾਲ ਭਰਪੂਰ ਹਨ, (ਪਰ) ਸੰਸਾਰ ਹਰ ਪਾਸੇ ਭੱਜਾ ਫਿਰਦਾ ਹੈ ਕਿ ਉਹ ਪ੍ਰਭੂ ਕਿਥੇ ਹੈ।

ਗੁਰਬਾਣੀ : ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥
ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥
ਗੁਰਮੁਖਿ ਵਿਰਲੇ ਸੋਝੀ ਪਈ ਤਿਨਾ ਅੰਦਰਿ ਬ੍ਰਹਮੁ ਦਿਖਾਇਆ ॥

ਦੀਦਾ ਬਰ ਦੀਦਾਰਿ ਹੱਕ ਗਰ ਮੁਬਤਲਾ-ਸਤ
ਹਰ ਚਿਹ ਮੇ ਬੀਨੀ ਬਚਸ਼ਮਤ ਹਕ-ਨੁਮਾ-ਸਤ ॥੨੪੧॥

ਉਲਥਾ : ਅੱਖਾਂ ਰੱਬ ਦੇ ਦਰਸ਼ਨਾਂ ਪੁਰ ਜੇ ਤੁੱਲ ਜਾਣ, ਜੋ ਕੁਝ ਤੂੰ ਦੇਖੇਂਗਾ, ਤੇਰੀਆਂ ਅੱਖਾਂ ਨੂੰ ਰੱਬ-ਵਿਖਾਊ ਹੋਵੇਗਾ।

ਗੁਰਬਾਣੀ : ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ
ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥
ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥
ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ
ਹਰਿ ਰੂਪੁ ਨਦਰੀ ਆਇਆ ॥
ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ
ਹਰਿ ਬਿਨੁ ਅਵਰੁ ਨ ਕੋਈ ॥
ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥

ਹਰ ਕਿ ਸ਼ਾਂ ਰਾ ਦੀਦ ਹਕ ਰਾ ਦੀਦਾ ਅਸਤ
ਊ ਤਰੀਕਿ ਬੰਦਗੀ ਫ਼ਹਿਮੀਦਾ ਅਸਤ ॥੨੪੨॥

ਉਲਥਾ : ਜਿਸ ਕਿਸੇ ਨੇ ਉਨ੍ਹਾਂ (ਗੁਰਮੁਖਾਂ) ਨੂੰ ਵੇਖ ਲਿਆ, (ਉਸ ਨੇ) ਰੱਬ ਨੂੰ ਹੀ ਵੇਖ ਲਿਆ ਹੈ, ਉਸ ਨੇ ਇਬਾਦਤ (ਭਗਤੀ) ਦਾ ਤਰੀਕਾ ਸਮਝ ਲਿਆ ਹੈ।

ਗੁਰਬਾਣੀ : ਸਤਸੰਗਤਿ ਮਿਲੀਐ ਹਰਿ ਸਾਧੂ ਮਿਲਿ ਸੰਗਤਿ ਹਰਿ ਗੁਣ ਗਾਇ ॥
ਗਿਆਨ ਰਤਨੁ ਬਲਿਆ ਘਟਿ ਚਾਨਣੁ ਅਗਿਆਨੁ ਅੰਧੇਰਾ ਜਾਇ ॥

ਤਰਜ਼ਿ ਯਕ-ਰੰਗੀ ਅਜਬ ਰੰਗ ਆਰਦਸ਼
ਕਜ਼ ਬਦਨ ਨੂਰਿ ਖ਼ੁਦਾ ਮੇ-ਬਾਰਦਸ਼ ॥੨੪੩॥

ਉਲਥਾ : ਇਕ ਦੀ ਪ੍ਰੀਤ-ਰੀਤਿ ਉਸ (ਸਤ ਸੰਗਤਿ ਕਰਨ ਵਾਲੇ) ਤੇ ਅਜ਼ਬ ਰੰਗ ਲਿਆਉਂਦੀ ਹੈ, ਇਸ (ਪ੍ਰੀਤ) ਦੇ ਵਜੂਦ ਵਿੱਚੋਂ ਪ੍ਰਭੂ ਦਾ ਪ੍ਰਕਾਸ਼ ਵਸਦਾ ਹੈ।

ਗੁਰਬਾਣੀ : ਏਕੈ ਰੰਗਿ ਤਤ ਕੇ ਬੇਤੇ ਸਤਿਗੁਰ ਤੇ ਬੁਧਿ ਪਾਈ ॥
ਦਇਆ ਮਇਆ ਕਿਰਪਾ ਠਾਕੁਰ ਕੀ ਸੇਈ ਸੰਤ ਸੁਭਾਈ ॥
ਤਿਨ ਕੈ ਸੰਗਿ ਨਾਨਕ ਨਿਸਤਰੀਐ ਜਿਨ ਰਸਿ ਰਸਿ ਹਰਿ ਗੁਨ ਗਾਈ ॥

ਊ ਬਰੰਗਿ ਸਾਹਿਬੀ ਈਂ ਹਸਤੋ ਬੂਦ
ਬੰਦਗੀ ਦਾਇਮ ਬ-ਆਦਾਬੋ ਸਜੂਦ ॥੨੪੪॥

ਉਲਥਾ : ਉਹ ਸ਼ਾਨ ਵਜੋਂ ਇਸ ਹੋਂਦ-ਹਸਤੀ ਦਾ ਮਾਲਕ ਹੈ, ਸੇਵਕੀ ਸਦਾ ਸਤਿਕਾਰ ਅਤੇ ਸਿਜਦੇ ਸੇਤੀ (ਹੀ) ਹੈ।

ਗੁਰਬਾਣੀ : ਸੇਵਕ ਕਉ ਸੇਵਾ ਬਨਿ ਆਈ ॥
ਹੁਕਮੁ ਬੂਝਿ ਪਰਮ ਪਦੁ ਪਾਈ ॥

ਊ ਬਰੰਗਿ ਸਾਹਿਬੀ ਅਰਸ਼ਾਦਿ ਊ
ਬੰਦਗੀ ਸਰ ਤਾ ਕਦਮ ਬੁਨਯਾਦਿ ਊ ॥੨੪੫॥

ਉਲਥਾ : ਉਹ ਸ਼ਾਨ ਵਜੋਂ ਮਾਲਕ ਹੈ, ਉਸ ਦਾ ਹੁਕਮ ਹੈ, ਸਿਰ ਤੋਂ ਪੈਰਾਂ ਤਕ ਬੰਦਗੀ, ਇਹੋ ਉਸਦੀ ਨੀਂਹ ਹੈ।

ਗੁਰਬਾਣੀ : ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥

ਸਾਹਿਬੀ ਬਾ ਸਾਹਿਬਾਂ ਜ਼ੇਬਦ ਮੁਦਾਮ
ਬੰਦਾ ਰਾ ਦਰ ਬੰਦਗੀ ਬਾਸ਼ਦ ਕਿਆਮ ॥੨੪੬॥

ਉਲਥਾ : ਹਕੂਮਤ (ਮਾਲਕੀ) ਹਾਕਮਾਂ ਨੂੰ ਹੀ ਹਮੇਸ਼ਾ ਸੋਭਦੀ ਹੈ, ਸੇਵਕ ਨੂੰ ਸੇਵਾ ਭਾਵ ਭਗਤੀ ਵਿਚ ਵਿਸਰਾਮ (ਟਿਕਾਉ) ਹੈ।

ਗੁਰਬਾਣੀ : ਪ੍ਰਭ ਕੀ ਦਰਗਹ ਸੋਭਾਵੰਤੇ ॥
ਸੇਵਕ ਸੇਵਿ ਸਦਾ ਸੋਹੰਤੇ ॥

ਸਾਹਿਬਾਂ ਰਾ ਸਾਹਿਬੀ ਬਾਸ਼ਦ ਸ਼ੁਆਰ
ਬੰਦਾ ਰਾ ਦਰ ਬੰਦਗੀ ਫ਼ਸਲਿ ਬਹਾਰ ॥੨੪੭॥

ਉਲਥਾ : ਹਾਕਮਾਂ ਦਾ ਹੱਕ ਹੁੰਦਾ ਹੈ ਹੁਕਮ ਚਲਾਉਣਾ, ਸੇਵਕ ਨੂੰ ਸੇਵਾ ਵਿਚ ਬਸੰਤ ਦੀ ਰੁੱਤ ਹੈ।

ਗੁਰਬਾਣੀ : ਸਾਹਿਬ ਭਾਵੈ ਸੇਵਕੁ ਸੇਵਾ ਕਰੈ ॥
ਜੀਵਤੁ ਮਰੈ ਸਭਿ ਕੁਲ ਉਧਰੈ ॥

ਸਾਹਿਬਾਂ ਰਾ ਸਾਹਿਬੀ ਦਾਇਮ ਬਵਦ
ਬੰਦਾ ਹਮ ਦਰ ਬੰਦਗੀ ਕਾਇਮ ਬਵਦ ॥੨੪੮॥

ਉਲਥਾ : ਸਾਹਿਬਾਂ ਦੀ ਪਾਤਸ਼ਾਹੀ ਸਦੀਵੀ ਹੁੰਦੀ ਹੈ, ਸੇਵਕ ਵੀ ਸੇਵਾ (ਭਗਤੀ) ਵਿਚ ਕਾਇਮ ਹੋ (ਖਲੋ) ਜਾਂਦਾ ਹੈ।

ਗੁਰਬਾਣੀ : ਰਾਣਾ ਰਾਉ ਰਾਜ ਭਏ ਰੰਕਾ ਉਨਿ ਝੂਠੇ ਕਹਣੁ ਕਹਾਇਓ ॥
ਹਮਰਾ ਰਾਜਨੁ ਸਦਾ ਸਲਾਮਤਿ ਤਾ ਕੋ ਸਗਲ ਘਟਾ ਜਸੁ ਗਾਇਓ ॥

ਅਜ਼ ਬਰਾਇ ਆਂ ਕਿ ਤੂ ਸਰ-ਗਸ਼ਤਾਈ
ਅਜ਼ ਪਏ ਦੁਨੀਆ ਜ਼ਿ ਹੱਕ ਬਰ-ਗਸ਼ਤਾਈ ॥੨੪੯॥

ਉਲਥਾ : ਉਸ (ਮਾਇਆ) ਦੀ ਖ਼ਾਤਰ ਤੂੰ ਜੁ ਭਟਕ ਗਿਆ ਹੈਂ, ਮਾਇਆ ਦੇ ਵਾਸਤੇ ਪ੍ਰਭੂ ਤੋਂ ਬੇਮੁਖ ਹੋ ਗਿਆ ਹੈਂ।

ਗੁਰਬਾਣੀ : ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ ॥...
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ ॥

ਦੌਲਤਿ ਗੀਤੀ ਨ ਬਾਸ਼ਦ ਪਾਇਦਾਰ
ਯੱਕ ਨ.ਫਸ ਖ਼ੁਦ ਰਾ ਬਸੂਇ ਹੱਕ ਬਿਆਰ ॥੨੫੦॥

ਉਲਥਾ : ਧਰਤੀ ਦਾ ਧਨ ਸਦੀਵੀ ਨਹੀਂ ਹੁੰਦਾ, ਇਕ ਛਿਨ ਆਪਣੇ ਆਪ ਨੂੰ ਰੱਬ ਵੱਲ ਲਿਆ।

ਗੁਰਬਾਣੀ : ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ ॥
ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ ॥

ਚੂੰ ਦਿਲਿ ਤੂ ਮਾਇਲਿ ਯਾਦਿ ਖ਼ੁਦਾ-ਸਤ
ਆਂ ਖ਼ੁਦਾਇ ਪਾਕ ਕੈ ਅਜ਼ ਤੂ ਜੁਦਾ-ਸਤ ॥੨੫੧॥

ਉਲਥਾ : ਜਦੋਂ ਤੇਰਾ ਦਿਲ ਹਰਿ ਭਜਨ ਵੱਲ ਰੁਚਿਤ ਹੋ ਜਾਏਗਾ, ਤਾਂ ਉਹ ਪਾਕ (ਪਵਿੱਤਰ) ਪਰਮੇਸ਼ਰ ਕਦ ਤੇਰੇ ਤੋਂ ਅੱਡ ਹੈ।

ਗੁਰਬਾਣੀ : ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥

ਗਰ ਤੂ ਗ਼ਾਫ਼ਿਲ ਬਾਸ਼ੀ ਅਜ਼ ਫ਼ਿਕਰਿ ਬੁਲੰਦ
ਤੂ ਕੁਜਾ ਓ ਊ ਕੁਜਾ ਐ ਹੋਸ਼ਮੰਦ॥੨੫੨॥

ਉਲਥਾ : ਜੇ ਤੂੰ ਉੱਚ ਧਿਆਨ (ਸਿਮਰਨ) ਵੱਲੋਂ ਗ਼ਾਫ਼ਿਲ (ਬੇ-ਪ੍ਰਵਾਹ) ਹੋ ਜਾਏਂਗਾ, ਤਾਂ ਹੇ ਹੋਸ਼ਵੰਤ! ਤੂੰ ਕਿਸੇ ਤੇ ਉਹ ਕਿਥੇ ? ਭਾਵ ਤੂੰ ਰੱਬ ਤੋਂ ਦੂਰ ਹੋ ਜਾਏਂਗਾ।

ਗੁਰਬਾਣੀ : ਅਬ ਮਨ ਜਾਗਤ ਰਹੁ ਰੇ ਭਾਈ॥
ਗਾਫਲੁ ਹੋਇ ਕੈ ਜਨਮੁ ਗਵਾਇਓ ਚੋਰੁ ਮੁਸੈ ਘਰੁ ਜਾਈ॥

ਯਾਦਿ ਊ ਦਰਦਿ ਦੋ ਆਲਮ ਰਾ ਦਵਾਸਤ
ਯਾਦਿ ਊ ਹਰ ਗੁਮ-ਸ਼ੁਦਾ ਰਾ ਰਾਹਨੁਮਾਸਤ॥੨੫੩॥

ਉਲਥਾ : ਉਸ ਦਾ ਸਿਮਰਨ ਦੋਹਾਂ ਦੁਨੀਆ ਦੇ ਦੁਖਾਂ ਦਾ ਦਾਰੂ ਹੈ, ਉਸ ਦਾ ਸਿਮਰਨ ਹਰ ਭੁੱਲੇ-ਭਟਕੇ ਦਾ ਆਗੂ ਹੈ।

ਗੁਰਬਾਣੀ : ਸਰਬ ਰੋਗ ਕਾ ਅਉਖਦੁ ਨਾਮੁ॥
ਕਲਿਆਣ ਰੂਪ ਮੰਗਲ ਗੁਣ ਗਾਮ॥

ਯਾਦਿ ਊ ਈਂ ਜੁਮਲਾ ਰਾ ਲਾਜ਼ਮ ਬਵਦ
ਹਰ ਕਿ ਗ਼ਾਫ਼ਿਲ ਸ਼ੁਦ ਅਜ਼ੋ ਮੁਲਜ਼ਮ ਸ਼ਵਦ॥੨੫੪॥

ਉਲਥਾ : ਉਸਦਾ ਸਿਮਰਨ ਇਨ੍ਹਾਂ ਸਾਰਿਆਂ ਨੂੰ ਜ਼ਰੂਰੀ ਹੈ, ਜੋ ਕੋਈ ਉਸ ਵੱਲੋਂ ਬੇਪ੍ਰਵਾਹ ਹੋਇਆ (ਉਹ) ਦੋਸ਼ੀ ਹੈ।

ਗੁਰਬਾਣੀ : ਪ੍ਰਾਣੀ ਤੂੰ ਆਇਆ ਲਾਹਾ ਲੈਣਿ॥
ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥

ਅਥਵਾ : ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਆਚਾਰੁ॥
ਹਰਿ ਨਾਮੁ ਨ ਪਾਇਆ ਜਨਮੁ ਬਿਰਥਾ ਗਵਾਇਆ
ਨਾਨਕ ਜਮੁ ਮਾਰਿ ਕਰੇ ਖੁਆਰ॥

ਯਾ ਇਲਾਹੀ ਬੰਦਾ ਰਾ ਤੌਫ਼ੀਕ ਦਿਹ
ਤਾਂ ਬ-ਯਾਦਤ ਬਿਗੁਜ਼ਰਦ ਈਂ ਉਮਰ ਬਿਹ॥੨੫੫॥

ਉਲਥਾ : ਹੇ ਹਰੀ ! ਸੇਵਕ ਨੂੰ ਹਿੰਮਤ-ਹੌਸਲਾ ਪ੍ਰਦਾਨ ਕਰ ਤਾਂ ਜੁ ਤੇਰੇ ਸਿਮਰਨ ਨਾਲ ਇਹ ਆਰਜਾ ਅੱਛੀ ਬਤੀਤ ਹੋਵੇ।

ਗੁਰਬਾਣੀ : ਉਦਮੁ ਕਰਉ ਕਰਾਵਹੁ ਠਾਕੁਰ ਪੇਖਤ ਸਾਧੂ ਸੰਗਿ ॥
ਹਰਿ ਹਰਿ ਨਾਮੁ ਚਰਾਵਹੁ ਰੰਗਨਿ ਆਪੇ ਹੀ ਪ੍ਰਭ ਰੰਗਿ ॥

ਉਮਰ ਆਂ ਬਾਸ਼ਦ ਕਿ ਦਰ ਯਾਦਿ ਖ਼ੁਦਾ
ਬਿਗੁਜ਼ਰਦ ਦੀਗਰ ਨ-ਬਾਸ਼ਦ ਮੁਦਆ ॥੨੫੬॥

ਉਲਥਾ : (ਅੱਛੀ) ਆਰਜਾ ਉਹੀ ਹੁੰਦੀ ਹੈ, ਜੋ ਰੱਬ ਦੇ ਸਿਮਰਨ ਵਿਚ ਬਤੀਤੇ, ਹੋਰ ਦੂਜਾ ਮਨੋਰਥ ਨਾ ਹੋਵੇ।

ਗੁਰਬਾਣੀ : ਆਰਜਾ ਗਈ ਵਿਹਾਇ ਧੰਧੈ ਧਾਇਆ ॥
ਪੂਰਨ ਭਏ ਨ ਕਾਮ ਮੋਹਿਆ ਮਾਇਆ ॥
ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ ॥

ਮੁਦਆਏ ਬਿਹਤਰ ਜੁਜ਼ ਯਾਦ ਨੇਸਤ
ਗ਼ੈਰ ਯਾਦਸ਼ ਈਂ ਦਿਲਿ ਮਾ ਸ਼ਾਦ ਨੇਸਤ ॥੨੫੭॥

ਉਲਥਾ : ਸਿਮਰਨ ਤੋਂ ਵਧੇਰੇ ਵਧੀਆ ਕੋਈ ਮਨੋਰਥ ਨਹੀਂ, ਉਸਦੇ ਸਿਮਰਨ ਬਿਨਾਂ ਸਾਡਾ ਦਿਲ ਖ਼ੁਸ਼ ਨਹੀਂ ਹੁੰਦਾ ਹੈ।

ਗੁਰਬਾਣੀ : ਪ੍ਰਭ ਕਾ ਸਿਮਰਨੁ ਸਭ ਤੇ ਊਚਾ ॥
ਪ੍ਰਭ ਕੈ ਸਿਮਰਨਿ ਉਧਰੇ ਮੂਚਾ ॥

ਸ਼ਾਦੀਇ ਦਾਇਮ ਬਵਦ ਯਾਦਿ ਖ਼ੁਦਾ
ਐ ਜ਼ਹੇ ਦੌਲਤ ਕਿ ਬਾਸ਼ਦ ਰਾਹਨੁਮਾ ॥੨੫੮॥

ਉਲਥਾ : ਪ੍ਰਭੂ ਦਾ ਸਿਮਰਨ ਸਦੀਵੀ ਅਨੰਦ ਹੈ, ਓ ਧੰਨ ਹੈ ਉਹ ਧਨ, ਜੋ ਰਾਹ-ਦਰਸਾਊ ਹੈ।

ਗੁਰਬਾਣੀ : ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ ॥
ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾ ਛਾਰੁ ॥

ਅਥਵਾ : ਮੈ ਅੰਧੁਲੇ ਹਰਿ ਨਾਮੁ ਲਕੁਟੀ ਟੋਹਣੀ ॥

ਗਰ ਚਿ ਹੱਕ ਦਰ ਜੁਮਲਾਇ ਦਿਲਹਾ ਬਵਦ
ਲੇਕ ਆਰਿਫ਼ ਸਾਹਿਬਿ ਈਮਾਂ ਬਵਦ ॥੨੫੯॥

ਉਲਥਾ : ਭਾਵੇਂ ਰੱਬ ਸਾਰਿਆਂ ਦੇ ਹਿਰਦਿਆਂ ਵਿਚ ਵਿਆਪਕ ਹੈ, ਪਰੰਤੂ ਗਿਆਨਵਾਨ ਹੀ ਧਰਮ ਦਾ ਪਿਆਰਾ ਹੁੰਦਾ ਹੈ।

ਗੁਰਬਾਣੀ : **ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥**

ਚਸ਼ਮਿ ਆਰਿਫ਼ ਮਾਇਲਿ ਦੀਦਾਰ ਹਸਤ
ਮਰਦਿ ਆਰਿਫ਼ ਵਾਕਿਫ਼ਿ ਅਸਰਾਰ ਹਸਤ ॥੨੬੦॥

ਉਲਥਾ : ਗਿਆਨਵਾਨ ਦੀ ਅੱਖ ਹੀ ਦਰਸ਼ਨਾਂ ਦੇ ਲਾਇਕ ਹੈ, ਗਿਆਨਵਾਨ ਪੁਰਸ਼ ਹੀ (ਰੱਬੀ) ਭੇਤਾਂ ਦਾ ਜਾਣੂ ਹੁੰਦਾ ਹੈ।

ਗੁਰਬਾਣੀ : **ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ ॥**
ਜੈਸੇ ਧਰ ਊਪਰਿ ਆਕਾਸੁ ॥

ਸੁਹਬਤਿ ਮਰਦਾਨਿ ਹੱਕ ਰਾ ਦੋਸਤ ਦਾਰ
ਤਾ ਤੂ ਹਮ ਗਰਦੀ ਜ਼ਿ ਯੁਮਨਸ਼ ਰੁਸਤਗਾਰ ॥੨੬੧॥

ਉਲਥਾ : ਰੱਬ ਦੇ ਪਿਆਰਿਆਂ ਦੀ ਸੰਗਤ ਨੂੰ ਮਿੱਤਰ ਬਣਾ ਕੇ ਰੱਖ, (ਸੰਗਤ ਦਾ ਪ੍ਰੇਮੀ ਬਣ) ਤਾਂ ਜੁ ਤੂੰ ਵੀ ਉਸ (ਸੰਗਤ) ਦੀ ਬਰਕਤ ਨਾਲ ਮੁਕਤ ਹੋ ਜਾਵੇਂ।

ਗੁਰਬਾਣੀ : **ਆਉ ਸਾਜਨ ਸੰਤ ਮੀਤ ਪਿਆਰੇ ॥**
ਮਿਲਿ ਗਾਵਹ ਗੁਣ ਅਗਮ ਅਪਾਰੇ ॥
ਗਾਵਤ ਸੁਣਤ ਸਭੇ ਹੀ ਮੁਕਤੇ ਸੋ ਧਿਆਈਐ ਜਿਨਿ ਹਮ ਕੀਏ ਜੀਉ ॥

ਹਰ ਚਿਹ ਹਸਤ ਅਜ਼ ਸੁਹਬਤਿ ਏਸ਼ਾਂ ਬਵਦ
ਜ਼ਾਂ ਕਿ ਜਿਸਮੋ ਜਾਂ ਸਰਾਪਾ ਜਾਂ ਬਵਦ ॥੨੬੨॥

ਉਲਥਾ : ਜੋ ਕੁਝ ਹੈ, ਉਨ੍ਹਾਂ ਦੀ ਸੰਗਤ ਤੋਂ ਹੁੰਦਾ ਹੈ, (ਸੰਗਤ ਦੀ ਬਰਕਤ ਨਾਲ ਹੈ) ਕਿਉਂ ਜੋ ਉਨ੍ਹਾਂ ਦਾ ਸਰੀਰ ਅਤੇ ਆਤਮਾ ਪੂਰਨ ਬ੍ਰਹਮ ਹੋ ਜਾਂਦੇ ਹਨ।

ਗੁਰਬਾਣੀ : **ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥**
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥

ਮੁਰਦੁਮਾਨਿ ਦੀਦਾ ਰੌਸ਼ਨ ਸ਼ੁਦ ਅਜ਼ੋ
ਜਿਸਮਿ ਖਾਕੀ ਜੁਮਲਾ ਗੁਲਸ਼ਨ ਸ਼ੁਦ ਅਜ਼ੋ ॥੨੬੩॥

ਉਲਥਾ : ਅੱਖਾਂ ਦੀਆਂ ਪੁਤਲੀਆਂ ਉਸ (ਸੰਗਤ) ਕਾਰਨ ਲਿਸ਼ਕ ਪਈਆਂ, ਖ਼ਾਕੀ ਸਰੀਰ ਸਾਰਾ ਉਸ ਕਾਰਨ ਹੀ ਬਾਗ਼ ਬਣ ਗਿਆ।

ਗੁਰਬਾਣੀ : ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ ॥
ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ ॥
ਜਨੁ ਨਾਨਕੁ ਜੀਵੈ ਦੇਖਿ ਹਰਿ ਇਕ ਨਿਮਖ ਘੜੀ ਮੁਖਿ ਲਾਗੁ ॥

ਐ ਜ਼ਹੇ ਸੁਹਬਤ ਕਿ ਖ਼ਾਕ ਰਾ ਅਕਸੀਰ ਕਰਦ
ਨਾਕਸੇ ਰਾ ਸਾਹਿਬਿ ਤਦਬੀਰ ਕਰਦ ॥੨੬੪॥

ਉਲਥਾ : ਉਹ ਸੰਗਤ ਧੰਨ ਹੈ, ਜਿਸ ਨੇ ਮਿੱਟੀ ਰਸਾਇਣ ਬਣਾ ਦਿੱਤੀ, ਨਾਚੀਜ਼ ਨੂੰ ਸੂਝ-ਬੂਝ ਵਾਲਾ ਬਣਾ ਦਿੱਤਾ।

ਗੁਰਬਾਣੀ : ਸੰਗਤਿ ਕਾ ਗੁਨੁ ਬਹੁਤੁ ਅਧਿਕਾਈ ਪੜਿ ਸੂਆ ਗਨਕ ਉਧਾਰੇ ॥
ਪਰਸਨ ਪਰਸ ਭਏ ਕੁਬਿਜਾ ਕਉ ਲੈ ਬੈਕੁੰਠਿ ਸਿਧਾਰੇ ॥

ਗੌਹਰੋ ਲਾਲੋ ਜਵਾਹਰ ਪੇਸ਼ਿ ਸ਼ਾਂ
ਹਰ ਦਮੇ ਕੂ ਬਿਗੁਜ਼ਰਦ ਦਰ ਯਾਦਿ ਆਂ ॥੨੬੫॥

ਉਲਥਾ : ਉਨ੍ਹਾਂ (ਸੰਗਤ ਕਰਨ ਵਾਲਿਆਂ) ਵਾਸਤੇ ਮੋਤੀ ਅਤੇ ਲਾਲ ਅਥਵਾ ਜਵਾਹਰ ਹੈ ਉਹ ਸੁਆਸ, ਜੋ ਉਸ (ਰੱਬ) ਦੇ ਸਿਮਰਨ ਵਿਚ ਬਤੀਤੇ। (ਸੋ ਸਿਮਰਨ ਬਿਨਾਂ ਸਾਸ ਬਿਤਾਣੇ ਲਾਲ, ਜਵਾਹਰਾਂ ਨੂੰ ਘੱਟੇ ਰੋਲਣਾ ਹੈ)

ਗੁਰਬਾਣੀ : ਮਾਰਗਿ ਮੋਤੀ ਬੀਥਰੇ ਅੰਧਾ ਨਿਕਸਿਓ ਆਇ ॥
ਜੋਤਿ ਬਿਨਾ ਜਗਦੀਸ ਕੀ ਜਗਤੁ ਉਲੰਘੇ ਜਾਇ ॥

ਈਂ ਜਵਾਹਰ-ਹਾ ਹਮਾ ਫ਼ਾਨੀ ਬਵਦ
ਯਾਦਿ ਹੱਕ ਬਰ ਬੰਦਾ ਅਰਜ਼ਾਨੀ ਬਵਦ ॥੨੬੬॥

ਉਲਥਾ : ਇਹ ਜਵਾਹਰ (ਆਦਿ) ਸਾਰੇ ਨਾਸ਼ਮਾਨ ਹਨ, ਪ੍ਰਭੂ ਸਿਮਰਨ ਸੇਵਕ ਲਈ ਲੈਣ ਲਾਇਕ ਹੁੰਦਾ ਹੈ।

ਗੁਰਬਾਣੀ : ਖਾਰ ਸਮੁਦ੍ਰ ਢੰਢੋਲੀਐ ਇਕੁ ਮਣੀਆ ਪਾਵੈ ॥
ਦੁਇ ਦਿਨ ਚਾਰਿ ਸੁਹਾਵਣਾ ਮਾਟੀ ਤਿਸੁ ਖਾਵੈ ॥
ਗੁਰੁ ਸਾਗਰੁ ਸਤਿ ਸੇਵੀਐ ਦੇ ਤੋਟਿ ਨ ਆਵੈ ॥

ਰਸਮਿ ਮਰਦਾਨਿ ਖ਼ੁਦਾ ਦਾਨੀ ਕਿ ਚੀਸਤ
ਫ਼ਾਰਿ.ਗ ਅੰਦ ਅਜ਼ ਕੈਦਹਾਇ ਮਰਗੋ ਜ਼ੀਸਤ ॥੨੬੭॥

ਉਲਥਾ : ਖ਼ੁਦਾਈ ਬੰਦਿਆਂ ਦਾ ਤੌਰ-ਤਰੀਕਾ ਕੀ ਤੂੰ ਜਾਣਦਾ ਹੈਂ, ਕੀ ਹੈ ? (ਉਹ) ਮਰਨ ਜੀਵਨ ਦੀਆਂ ਫ਼ਾਹੀਆਂ ਤੋਂ ਮੁਕਤ ਹੁੰਦੇ ਹਨ।

ਗੁਰਬਾਣੀ : ਫਫੈ ਫਾਹੀ ਸਭੁ ਜਗੁ ਫਾਸਾ ਜਮ ਕੈ ਸੰਗਲਿ ਬੰਧਿ ਲਇਆ ॥
ਗੁਰ ਪਰਸਾਦੀ ਸੇ ਨਰ ਉਬਰੇ ਜਿ ਹਰਿ ਸਰਣਾਗਤਿ ਭਜਿ ਪਇਆ ॥

ਯਕ ਨ.ਫਸ ਬੇ ਯਾਦਿ ਹੱਕ ਨ-ਗੁਜ਼ਾਸ਼ਤੰਦ
ਖੁਸ਼ ਅਲਮ ਬਰ ਨਹੁ ਤਬਕ ਅ.ਫਰਾਸ਼ਤੰਦ ॥੨੬੮॥

ਉਲਥਾ : ਇਕ ਸਵਾਸ ਵੀ ਪ੍ਰਭੂ-ਸਿਮਰਨ ਤੋਂ ਬਿਨਾਂ ਨਹੀਂ ਗੁਜ਼ਾਰਦੇ, ਸੁਹਾਵਣਾ ਨਿਸ਼ਾਨ (ਝੰਡਾ) ਨੌਂਵਾਂ ਤਬਕਾ ਪੁਰ ਝੁਲਾਉਂਦੇ ਹਨ।

ਗੁਰਬਾਣੀ : ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥

ਖ਼ੈਰਖ਼ਾਹਿ ਜੁਮਲਾਇ ਪੈਦਾਇਸ਼ ਅੰਦ
ਜ਼ੇਬ ਬਖਸ਼ਿ ਈਂ ਹਮਾ ਆਰਾਇਸ਼ ਅੰਦ ॥੨੬੯॥

ਉਲਥਾਂ : ਸਾਰੀ ਸ੍ਰਿਸ਼ਟੀ ਦਾ (ਉਹ) ਭਲਾ ਮੰਗਦੇ ਹਨ, ਇਸ ਸਾਰੇ ਸੁਹੱਪਣ ਨੂੰ ਸੁੰਦਰਤਾ ਪ੍ਰਦਾਨ ਕਰਨ ਵਾਲੇ ਹਨ।

ਗੁਰਬਾਣੀ : ਜੀਅ ਜੰਤ ਸਭਿ ਸੁਖਿ ਬਸੇ ਸਭ ਕੈ ਮਨਿ ਲੋਚ ॥
ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ ॥

ਨਾਮਿ ਹੱਕ ਮਰਦਾਨਿ ਹੱਕ ਰਾ ਜ਼ੇਵਰ ਅਸਤ
ਚਸ਼ਮਿ ਸ਼ਾਂ ਅਜ਼ ਨੂਰਿ ਹੱਕ ਪੁਰ ਗੌਹਰ ਅਸਤ ॥੨੭੦॥

ਉਲਥਾ : ਪ੍ਰਭੂ ਨਾਮ ਹੀ ਪ੍ਰਭੂ-ਪੁਰਖਾਂ ਦਾ ਗਹਿਣਾ ਹੈ, ਉਨ੍ਹਾਂ ਦੇ ਨੈਣ ਰੱਬੀ ਨੂਰ ਨਾਲ ਭਰਪੂਰ ਹੁੰਦੇ ਹਨ।

ਗੁਰਬਾਣੀ : ਸਤੁ ਸੀਗਾਰੁ ਭਉ ਅੰਜਨੁ ਪਾਇਆ ॥
ਅੰਮ੍ਰਿਤ ਨਾਮੁ ਤੰਬੋਲੁ ਮੁਖਿ ਖਾਇਆ ॥
ਕੰਗਨ ਬਸਤ੍ਰ ਗਹਨੇ ਬਨੇ ਸੁਹਾਵੇ ॥
ਧਨ ਸਭ ਸੁਖ ਪਾਵੈ ਜਾਂ ਪਿਰੁ ਘਰਿ ਆਵੈ ॥

ਹਰਫ਼ਿ ਸ਼ਾਂ ਤਾਅਲੀਮਿ ਉਮਰਿ ਜਾਵਿਦਾਂ
ਯਾਦਿ ਹੱਕ ਦਾਰੰਦ ਦਾਇਮ ਬਰ ਜ਼ੁਬਾਂ ॥੨੭੧॥

ਉਲਥਾ : ਉਨ੍ਹਾਂ ਦੇ ਬੋਲ ਸਦੀਵੀ ਜੀਵਨ ਦੀ ਸਿੱਖਿਆ ਹਨ, ਪ੍ਰਭੂ ਸਿਮਰਨ ਸਦੀਵ ਹੀ (ਉਹ) ਰਸਨਾ ਪੁਰ (ਜ਼ਾਰੀ) ਰਖਦੇ ਹਨ।

ਗੁਰਬਾਣੀ : ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥
ਪੰਚ ਜਨਾ ਸਿਉ ਸੰਗੁ ਨਿਵਾਰੈ ॥
ਦਸ ਇੰਦ੍ਰੀ ਕਰਿ ਰਾਖੈ ਵਾਸਿ ॥
ਤਾ ਕੈ ਆਤਮੈ ਹੋਇ ਪਰਗਾਸੁ ॥੧॥
ਐਸੀ ਦ੍ਰਿੜਤਾ ਤਾ ਕੈ ਹੋਇ ॥
ਜਾ ਕਉ ਦਇਆ ਮਇਆ ਪ੍ਰਭ ਸੋਇ ॥੧॥ਰਹਾਉ॥
ਸਾਜਨੁ ਦੁਸਟੁ ਜਾ ਕੈ ਏਕ ਸਮਾਨੈ ॥
ਜੇਤਾ ਬੋਲਣੁ ਤੇਤਾ ਗਿਆਨੈ ॥
ਜੇਤਾ ਸੁਨਣਾ ਤੇਤਾ ਨਾਮੁ ॥
ਜੇਤਾ ਪੇਖਨੁ ਤੇਤਾ ਧਿਆਨੁ ॥੨॥

ਹਰ ਚਿਹ ਮੇਗੋਇੰਦ ਅਰਸ਼ਾਦਸਤੋ ਬਸ
ਬਰ ਨਮੇ ਆਰੰਦ ਗ਼ੈਰ ਅਜ਼ ਹੱਕ ਨ਼ਫਸ ॥੨੭੨॥

ਉਲਥਾ : ਜੋ ਕੁਝ ਉਹ ਬੋਲਦੇ ਹਨ, ਉਹੀ ਹੁਕਮ ਅਤੇ ਬਿਲਕੁਲ ਸਹੀ ਹੈ, ਸੱਚ ਨਾਮ ਤੋਂ ਵਿਰਵਾ ਉਹ (ਇਕ) ਸਾਹ ਵੀ ਨਹੀਂ ਲੈਂਦੇ।

ਗੁਰਬਾਣੀ : ਹਰਿ ਜਨ ਊਤਮ ਊਤਮ ਬਾਣੀ ਮੁਖਿ ਬੋਲਹਿ ਪਰਉਪਕਾਰੇ ॥
ਜੋ ਜਨੁ ਸੁਣੈ ਸਰਧਾ ਭਗਤਿ ਸੇਤੀ ਕਰਿ ਕਿਰਪਾ ਹਰਿ ਨਿਸਤਾਰੇ ॥

ਅਥਵਾ : ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ ॥
ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ ॥
ਨਾਨਕ ਇਹੁ ਮਰਤਬਾ ਤਿਸ ਨੋ ਦੇਇ ਜਿਸ ਨੋ ਕਿਰਪਾ ਕਰੇ ਰਜਾਇ॥

ਈਂ ਹਮਾ ਮੁਸ਼ਤਾਕਿ ਦੀਦਾਰਿ ਖ਼ੁਦਾਸਤ
ਬੋਸਤਾਨਿ ਦਹਿਰ ਗੁਲਜ਼ਾਰਿ ਖ਼ੁਦਾਸਤ ॥੨੭੩॥

ਉਲਥਾ : ਇਹ ਸਾਰਾ (ਜਗਤ) ਰੱਬ ਦੇ ਦਰਸ਼ਨਾਂ ਦਾ ਚਾਹਵਾਨ ਹੈ, ਜਗਤ ਵਾਲਾ ਸੁਗੰਧੀ-ਸਥਾਨ ਰੱਬ ਦੀ ਫੁਲਵਾੜੀ ਹੈ।

ਗੁਰਬਾਣੀ : ਦਰਸਨ ਕਉ ਲੋਚੈ ਸਭੁ ਕੋਈ ॥
ਪੂਰੈ ਭਾਗਿ ਪਰਾਪਤਿ ਹੋਈ ॥
ਅਥਵਾ : ਨਾਨਕ ਫੁਲਾ ਸੰਦੀ ਵਾੜਿ ਖਿੜਿਆ ਹਭੁ ਸੰਸਾਰੁ ਜਿਉ ॥

ਹਰ ਕਿ ਬਾ-ਮਰਦਾਨਿ ਹੱਕ ਸ਼ੁਦ ਆਸ਼ਨਾ
ਸਾਇਆਇ ਊ ਬਿਹਤਰ ਅਜ਼ ਬਾਲਿ ਹੁਮਾ ॥੨੭੪॥

ਉਲਥਾ : ਜਿਸ ਦਾ ਕਿ ਰੱਬ ਦੇ ਭਗਤਾਂ ਨਾਲ ਮੇਲ-ਜੋਲ ਹੋ ਗਿਆ, ਉਸ ਦਾ ਪਰਛਾਵਾਂ ਹੁਮਾ (ਕਾਲਪਨਿਕ ਪੰਛੀ, ਜਿਸ ਦੇ ਪਰਛਾਵੇਂ ਨਾਲ ਰਾਜ-ਭਾਗ ਪ੍ਰਾਪਤ ਹੋ ਜਾਂਦਾ ਹੈ) ਦੇ ਖੰਭਾਂ ਤੋਂ ਬਰਤਰ ਹੈ।

ਗੁਰਬਾਣੀ : ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ ॥

ਯਾਦਿ ਹੱਕ ਯਾਅਨੀ ਜ਼ਿ ਖ਼ੁਦ ਬਿ.ਗੁਜ਼ਸ਼ਤਨ ਅਸਤ
ਅਜ਼ ਖ਼ਿਆਲਿ .ਗੈਰਿ ਹੱਕ ਵਾਰੁਸਤਨ ਅਸਤ ॥੨੭੫॥

ਉਲਥਾ : ਪ੍ਰਭੂ ਦੇ ਸਿਮਰਨ ਦਾ ਭਾਵ ਆਪੇ ਤੋਂ ਉਤਾਂਹ ਉਠ ਜਾਣਾ ਹੈ, ਪ੍ਰਭੂ ਬਿਨਾਂ ਦੂਜੇ ਧਿਆਨ ਤੋਂ ਮੁਕਤ ਹੋ ਜਾਣਾ ਹੈ।

ਗੁਰਬਾਣੀ : ਤੁਮਹਿ ਛਾਡਿ ਕੋਈ ਅਵਰ ਨ ਧਿਯਾਊਂ ॥
ਜੋ ਬਰ ਚਹੋਂ ਸੁ ਤੁਮ ਤੇ ਪਾਊਂ ॥ *(ਪਾ: ੧੦)*

ਰੁਸਤਗੀ ਅਜ਼ ਖੇਸ਼ਤਨ ਵਾਰੁਸਤਗੀਸਤ
ਬਾ ਖ਼ੁਦਾਇ ਖੇਸ਼ਤਨ ਦਿਲ-ਬਸਤਗੀਸਤ ॥੨੭੬॥

ਉਲਥਾ : (ਹਉਮੈ) ਅਪਣੱਤ ਤੋਂ ਛੁਟਕਾਰਾ ਹੀ ਮੁਕਤੀ ਹੈ, ਆਪਣੇ ਸਾਈਂ ਸਿਉਂ ਦਿਲ ਜੋੜਨਾ (ਮੁਕਤੀ) ਹੈ।

ਗੁਰਬਾਣੀ : ਹਉਮੈ ਬਿਖੁ ਪਾਇ ਜਗਤੁ ਉਪਾਇਆ ਸਬਦੁ ਵਸੈ ਬਿਖੁ ਜਾਇ ॥
ਜਰਾ ਜੋਹਿ ਨ ਸਕਈ ਸਚਿ ਰਹੈ ਲਿਵ ਲਾਇ ॥
ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ ॥

ਹਰ ਕਸੇ ਕੂ ਬਾ ਖ਼ੁਦਾ ਦਿਲ-ਬਸਤਾ ਅਸਤ
ਊ ਜ਼ਿ ਚਰਖ਼ਿ ਨਹੁ ਤਬਕ ਬਰ-ਜਸਤਾ ਅਸਤ ॥੨੭੭॥

ਉਲਥਾ : ਜਿਸ ਜੀਵ ਨੇ ਕਿ ਸਾਈਂ ਸੰਗ ਦਿਲ ਬੰਨ੍ਹ (ਜੋੜ) ਲਿਆ ਹੈ, ਉਹ ਨੌਂ ਪਰਤਾਂ ਵਾਲੇ ਅਸਮਾਨ ਤੋਂ ਪਾਰ ਪੈ ਗਿਆ ਹੈ।

ਗੁਰਬਾਣੀ : ਭਭੈ ਭਵਜਲਿ ਡੁਬੋਹੁ ਮੂੜੇ ਮਾਇਆ ਵਿਚਿ ਗਲਤਾਨੁ ਭਇਆ ॥
ਗੁਰ ਪਰਸਾਦੀ ਏਕੋ ਜਾਣੈ ਏਕ ਘੜੀ ਮਹਿ ਪਾਰਿ ਪਇਆ ॥

ਸੁਹਬਤਿ ਦਿਲ-ਬਸਤਗਾਨਿ ਬਾ ਖ਼ੁਦਾ
ਕੈ ਮੁਯੱਸਰ ਆਇਦਤ ਈਂ ਕੀਮੀਆ ॥੨੭੮॥

ਉਲਥਾ : ਸਾਹਿਬ ਸੇਤੀ ਦਿਲ-ਜੁੜਿਆਂ ਦੀ ਸੰਗਤ ਵਾਲੀ ਇਹ ਰਸਾਇਣ ਤੇਰੀ ਰਸਾਈ ਵਿਚ ਕਦ (ਕਿਕੂੰ) ਆਵੇ ?

ਗੁਰਬਾਣੀ : ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ
ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥
ਧੰਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ
ਮਿਲਿ ਨਾਨਕ ਨਾਮੁ ਪਰਗਾਸਿ ॥

ਦੀਨੋ ਦੁਨੀਆ ਹਰ ਦੋ ਹੈਰਾਂ ਮਾਂਦਾ ਅੰਦ
ਬਸ ਜ਼ਿ ਹੈਰਾਨੀ ਪ੍ਰੀਸ਼ਾਂ ਮਾਂਦਾ ਅੰਦ ॥੨੭੯॥

ਉਲਥਾ : ਦੀਨ ਅਤੇ ਦੁਨੀਆ (ਵਾਲੇ) ਦੋਵੇਂ ਹੀ ਹੈਰਾਨ ਹੋ ਰਹੇ ਹਨ, ਅਤਿ ਦੀ ਹੈਰਾਨੀ ਕਾਰਨ ਪਰੇਸ਼ਾਨ ਹੋ ਰਹੇ ਹਨ।

ਗੁਰਬਾਣੀ : ਵਿਸਮਾਦੁ ਨਾਦ ਵਿਸਮਾਦੁ ਵੇਦ ॥
ਵਿਸਮਾਦੁ ਜੀਅ ਵਿਸਮਾਦੁ ਭੇਦ ॥
ਵਿਸਮਾਦੁ ਰੂਪ ਵਿਸਮਾਦੁ ਰੰਗ ॥
ਵਿਸਮਾਦੁ ਨਾਗੇ ਫਿਰਹਿ ਜੰਤ ॥
ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥
ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥
ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥
ਵਿਸਮਾਦੁ ਸਾਦਿ ਲਗਹਿ ਪਰਾਣੀ ॥
ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥
ਵਿਸਮਾਦੁ ਭੁਖ ਵਿਸਮਾਦੁ ਭੋਗੁ ॥
ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥
ਵਿਸਮਾਦੁ ਉਝੜ ਵਿਸਮਾਦੁ ਰਾਹ ॥
ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥
ਵਿਸਮਾਦੁ ਦੇਖੈ ਹਾਜਰਾ ਹਜੂਰਿ ॥

ਵੇਖਿ ਵਿਡਾਣੁ ਰਹਿਆ ਵਿਸਮਾਦੁ ॥
ਨਾਨਕ ਬੁਝਣੁ ਪੂਰੈ ਭਾਗਿ ॥

ਹਰ ਕਿਹ ਰਾ ਈਂ ਆਰਜ਼ੂਏ ਪਾਕ ਹਸਤ
ਮੁਰਸ਼ਿਦਿ ਊ ਸਾਹਿਬਿ ਅਦਰਾਕ ਹਸਤ ॥੨੯੦॥

ਉਲਥਾ : ਜਿਸ ਕਿਸੇ ਨੂੰ ਇਹ ਪਵਿੱਤਰ ਚਾਹ ਹੈ, ਉਸਦਾ ਰਾਹਨੁਮਾ ਸੂਝ-ਬੂਝ (ਬਿਬੇਕ-ਬੁਧੀ) ਦਾ ਮਾਲਕ ਹੈ।

ਗੁਰਬਾਣੀ : ਸੰਤਨ ਮੋ ਕਉ ਹਰਿ ਮਾਰਗਿ ਪਾਇਆ ॥
ਸਾਧ ਕ੍ਰਿਪਾਲਿ ਹਰਿ ਸੰਗਿ ਗਿਝਾਇਆ ॥

ਵਾਸਿਲਾਨਿ-ਹੱਕ ਤੁਰਾ ਵਾਸਿਲ ਕੁਨੰਦ
ਦੌਲਤਿ-ਜਾਵੀਦ ਰਾ ਹਾਸਿਲ ਕੁਨੰਦ ॥੨੯੧॥

ਉਲਥਾ : ਰੱਬ ਦੇ ਮੇਲੀ ਤੇਰਾ (ਉਸ ਨਾਲ) ਮਿਲਾਪ ਕਰਾ ਦੇਣਗੇ, (ਉਹ) ਸਦੀਵੀ ਸੰਪਤੀ ਨੂੰ ਪ੍ਰਾਪਤ ਕਰਦੇ (ਕਰਾਉਂਦੇ) ਹਨ।

ਗੁਰਬਾਣੀ : ਹਰਿ ਭਗਤਾ ਕਾ ਮੇਲੀ ਸਰਬਤ ਸਉ ਨਿਸੁਲ ਜਨ ਟੰਗ ਧਰਿ ॥

ਦੌਲਤਿ ਜਾਵੇਦ ਪੇਸ਼ਿ ਆਰਿਫ਼ ਅਸਤ
ਈਂ ਸੁਖ਼ਨ ਮਸ਼ਹੂਰ ਬਸ ਮੁਤਆਰਿਫ਼ ਅਸਤ ॥੨੯੨॥

ਉਲਥਾ : ਸਦੀਵੀ ਧਨ ਗਿਆਨਵਾਨ ਕੋਲ ਹੈ, ਇਹ ਗੱਲ ਮਸ਼ਹੂਰ (ਤੇ) ਬਿਲਕੁਲ ਜਾਣੀ-ਪਛਾਣੀ ਹੈ।

ਗੁਰਬਾਣੀ : ਸਾਚਾ ਧਨੁ ਸਾਚੀ ਵਡਿਆਈ ॥
ਗੁਰ ਪੂਰੇ ਤੇ ਨਿਹਚਲ ਮਤਿ ਪਾਈ ॥
ਕਰਿ ਕਿਰਪਾ ਜਿਸੁ ਰਾਖਨਹਾਰਾ ॥
ਤਾ ਕਾ ਸਗਲ ਮਿਟੈ ਅੰਧਿਆਰਾ ॥

ਆਰਿਫ਼ਾਨੋ ਕਾਮਿਲਾਨੋ ਵਾਸਿਲਾਂ
ਨਾਮਿ ਊ ਦਾਰੰਦ ਦਾਇਮ ਬਰ ਜ਼ੁਬਾਂ ॥੨੯੩॥

ਉਲਥਾ : ਗਿਆਨਵਾਨ ਅਤੇ ਪੂਰੇ-ਸੂਰੇ ਅਤੇ ਪੁਗ ਖਲੋਤੇ, ਉਸ (ਪ੍ਰਭੂ) ਦਾ ਨਾਮ ਸਦੀਵ ਰਸਨਾ ਪੁਰ (ਟਿਕਾਈ) ਰਖਦੇ ਸਨ।

ਗੁਰਬਾਣੀ : ਧੰਨੁ ਧਨੁ ਭਾਗ ਤਿਨਾ ਭਗਤ ਜਨਾ ਜੋ ਹਰਿ ਨਾਮਾ ਹਰਿ ਮੁਖਿ ਕਹਤਿਆ ॥
ਧਨੁ ਧਨੁ ਭਾਗ ਤਿਨਾ ਸੰਤ ਜਨਾ ਜੋ ਹਰਿ ਜਸੁ ਸ੍ਰਵਣੀ ਸੁਣਤਿਆ ॥
ਧਨੁ ਧਨੁ ਭਾਗ ਤਿਨਾ ਸਾਧ ਜਨਾ ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ ॥
ਧਨੁ ਧਨੁ ਭਾਗ ਤਿਨਾ ਗੁਰਮੁਖਾ ਜੋ ਗੁਰਸਿਖ ਲੈ ਮਨੁ ਜਿਣਤਿਆ ॥
ਸਭ ਦੂ ਵਡੇ ਭਾਗ ਗੁਰਸਿਖਾ ਕੇ ਜੋ ਗੁਰ ਚਰਣੀ ਸਿਖ ਪੜਤਿਆ ॥

ਬੰਦਗੀਇ ਸ਼ਾਂ ਬਵਦ ਜ਼ਿਕਰਿ ਖ਼ੁਦਾ
ਦੌਲਤਿ ਜਾਵੇਦ ਬਾਸ਼ਦ ਹੱਕ-ਨੁਮਾ ॥੨੯੪॥

ਉਲਥਾ : ਹਰੀ ਦਾ ਭਜਨ ਉਨ੍ਹਾਂ ਦੀ ਸੇਵਕੀ (ਸੇਵਾ, ਬੰਦਗੀ) ਹੁੰਦੀ ਹੈ, (ਇਹ ਹਰਿ ਭਜਨ ਰੂਪੀ) ਸਦੀਵੀ ਦੌਲਤ ਪ੍ਰਭੂ ਨੂੰ ਪ੍ਰਗਟ ਕਰਨ ਹਾਰੀ ਹੁੰਦੀ ਹੈ।

ਗੁਰਬਾਣੀ : ਆਪੇ ਮਾਰੇ ਆਪਿ ਜੀਵਾਏ ॥
ਆਪੇ ਮੇਲੇ ਮੇਲਿ ਮਿਲਾਏ ॥
ਸੇਵਾ ਤੇ ਸਦਾ ਸੁਖੁ ਪਾਇਆ ਗੁਰਮੁਖਿ ਸਹਜਿ ਸਮਾਵਣਿਆ ॥੭॥
ਆਪੇ ਊਚਾ ਊਚੋ ਹੋਈ ॥
ਜਿਸੁ ਆਪਿ ਵਿਖਾਲੇ ਸੁ ਵੇਖੈ ਕੋਈ ॥
ਨਾਨਕ ਨਾਮੁ ਵਸੈ ਘਟ ਅੰਤਰਿ ਆਪੇ ਵੇਖਿ ਵਿਖਾਲਣਿਆ ॥੮॥

ਚੂੰ ਨੁਮਾਇਦ ਦੌਲਤਿ ਜਾਵੇਦ ਰੂ
ਤੂ ਜ਼ ਹੱਕ ਬਾਸ਼ੀ ਵਾ ਹੱਕ ਬਾਸ਼ਦ ਜ਼ ਤੂ ॥੨੯੫॥

ਉਲਥਾ : ਜਦ ਸਦੀਵੀ ਦੌਲਤ ਚਿਹਰਾ ਪ੍ਰਗਟ ਕਰੇ, ਤੂੰ ਰੱਬ ਦਾ ਅਤੇ ਰੱਬ ਤੇਰਾ ਹੋ ਜਾਏ।

ਗੁਰਬਾਣੀ : ਪ੍ਰੇਮ ਪਦਾਰਥੁ ਨਾਮੁ ਹੈ ਭਾਈ ਮਾਇਆ ਮੋਹ ਬਿਨਾਸੁ ॥
ਤਿਸੁ ਭਾਵੈ ਤਾ ਮੇਲਿ ਲਏ ਭਾਈ ਹਿਰਦੈ ਨਾਮ ਨਿਵਾਸੁ ॥
ਗੁਰਮੁਖਿ ਕਮਲੁ ਪ੍ਰਗਾਸੀਐ ਭਾਈ ਰਿਦੈ ਹੋਵੈ ਪਰਗਾਸੁ ॥
ਪ੍ਰਗਟੁ ਭਇਆ ਪਰਤਾਪੁ ਪ੍ਰਭ ਭਾਈ ਮਉਲਿਆ ਧਰਤਿ ਅਕਾਸੁ ॥

ਬਰ ਦਿਲਤ ਗਰ ਪਰਤੌਏ ਹੱਕ ਬਰਫ਼ਗਨੱਦ
ਖ਼ਾਰਿ ਹਿਜਰਤ ਰਾ ਜ਼ ਪਾਇ ਦਿਲ ਕੁਨੱਦ ॥੨੯੬॥

ਉਲਥਾ : ਤੇਰੇ ਦਿਲ 'ਤੇ ਜੇ ਰੱਬ ਦਾ ਪਰਛਾਵਾਂ ਪੈ ਜਾਏ, ਤੇਰੇ ਵਿਛੋੜੇ ਦਾ ਕੰਡਾ ਦਿਲ ਦੇ ਪੈਰ 'ਚੋਂ ਨਿਕਲ ਜਾਏ।

ਗੁਰਬਾਣੀ : ਵਿਛੋਹੇ ਜੰਬੂਰ ਖਵੇ ਨ ਵੰਞਨਿ ਗਾਖੜੇ ॥
ਜੇ ਸੋ ਧਣੀ ਮਿਲੰਨਿ ਨਾਨਕ ਸੁਖ ਸੰਬੂਹ ਸਚੁ ॥

ਖ਼ਾਰਿ ਹਿਜਰ ਅਜ਼ ਪਾਇ ਦਿਲ ਚੂੰ ਦੂਰ ਸ਼ੁਦ
ਖ਼ਾਨਾਇ ਦਿਲ ਅਜ਼ ਖ਼ੁਦਾ ਮਅਮੂਰ ਸ਼ੁਦ ॥੨੮੭॥

ਉਲਥਾ : ਵਿਛੋੜੇ ਦਾ ਕੰਡਾ ਜਦ ਦਿਲ ਦੇ ਪੈਰ 'ਚੋਂ ਨਿਕਲ ਗਿਆ, ਦਿਲ ਦਾ ਘਰ ਰੱਬ ਰਾਹੀਂ ਵਸਦਾ-ਰਸਦਾ ਹੋ ਗਿਆ।

ਗੁਰਬਾਣੀ : ਹਉ ਵਾਰੀ ਘੁੰਮਾ ਜਾਵਦਾ ॥
ਇਕ ਸਾਹਾ ਤੁਧੁ ਧਿਆਇਦਾ ॥
ਉਜੜੁ ਥੇਹੁ ਵਸਾਇਓ ਹਉ ਤੁਧ ਵਿਟਹੁ ਕੁਰਬਾਣੁ ਜੀਉ ॥

ਹਮਚੂ ਕਤਰਾ ਕੂ ਬਦਰਿਆ ਦਰ ਫ਼ਤਾਦ
ਐਨ ਦਰਿਆ ਗਸ਼ਤੋ ਵਸਲਸ਼ ਦਸਤ ਦਾਦ ॥੨੮੮॥

ਉਲਥਾ : ਉਸ ਬੂੰਦ ਵਾਂਗ ਜੋ ਦਰਿਆ ਵਿਚ ਜਾ ਪਈ, ਬਿਲਕੁਲ ਦਰਿਆ ਹੋ ਗਈ ਅਤੇ ਮਿਲਾਪ ਉਸ ਨੂੰ ਪ੍ਰਾਪਤ ਹੋ ਗਿਆ।

ਗੁਰਬਾਣੀ : ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥
ਮਿਟਿ ਗਏ ਗਵਨ ਪਾਏ ਬਿਸ੍ਰਾਮ ॥
ਨਾਨਕ ਪ੍ਰਭ ਕੈ ਸਦ ਕੁਰਬਾਨ ॥

ਕਤਰਾ ਚੂੰ ਸ਼ੁਦ ਬ-ਦਰਿਆ ਆਸ਼ਨਾ
ਬਾਅਦ ਅਜ਼ਾਂ ਤ.ਫਰੀਕ ਨਤਵਾਂ ਸ਼ੁਦ ਜ਼ ਜਾ ॥੨੮੯॥

ਉਲਥਾ : ਬੂੰਦ ਜਦ ਦਰਿਆ ਵਿਚ ਰਲ ਗਈ, ਉਸ ਪਿੱਛੋਂ ਉਸ ਮਕਾਮ ਤੋਂ ਅੱਡ ਨਹੀਂ ਹੋ ਸਕਦੀ।

ਗੁਰਬਾਣੀ : ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥

ਕਤਰਾ ਚੂੰ ਜਾਨਿਬਿ ਦਰਿਆ ਸ਼ਿਤਾਫ਼ਤ
ਅਜ਼ ਰਹਿ ਤ.ਫਰੀਕ ਖ਼ੁਦ ਰਾ ਕਤਰਾ ਯਾਫ਼ਤ ॥੨੯੦॥

ਉਲਥਾ : ਬੂੰਦ ਜਦ ਦਰਿਆ ਵੱਲ ਦੌੜ ਪਈ, ਅੱਡ ਹੋਣ ਦੀ ਹਾਲਤ ਵਿਚ ਆਪਣੇ ਆਪ ਨੂੰ ਬੂੰਦ ਹੀ ਬਿੰਦਿਆ (ਜਾਣਿਆ, ਪਾਇਆ)।

ਗੁਰਬਾਣੀ : **ਹਉ ਹਉ ਕਰਮ ਕਮਾਣੇ ॥**
ਤੇਤੇ ਬੰਧ ਗਲਾਣੇ ॥
ਮੇਰੀ ਮੇਰੀ ਧਾਰੀ ॥
ਓਹਾ ਪੈਰਿ ਲੋਹਾਰੀ ॥
ਸੋ ਗੁਰ ਮਿਲਿ ਏਕੁ ਪਛਾਣੈ ॥
ਜਿਸੁ ਹੋਵੈ ਭਾਗੁ ਮਥਾਣੈ ॥

ਕਤਰਾ ਰਾ ਈਂ ਦੌਲਤੇ ਚੂੰ ਦਸਤ ਦਾਦ
ਕਤਰਾ ਸ਼ੁਦ ਅੰਦਰ ਹਕੀਕਤ ਬਾ-ਮੁਰਾਦ ॥੨੯੧॥

ਉਲਥਾ : ਬੂੰਦ ਨੂੰ ਇਹ ਦੌਲਤ (ਮੇਲ ਵਾਲੀ) ਜਦ ਸਹਾਈ ਹੋਈ, ਬੂੰਦ ਅਸਲ ਵਿਚ ਮੁਰਾਦ ਪ੍ਰਾਪਤੀ ਵਾਲੀ ਹੋ ਗਈ।

ਗੁਰਬਾਣੀ : **ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥**
ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥

ਗੁ.ਫਤ ਮਨ ਯੱਕ ਕਤਰਾਇ ਆਬ ਬੂਦਾ ਅਮ
ਪੈਹਨਿ ਦਰਿਆ ਰਾ ਚੁਨਾਂ ਪੈਮੂਦਾ ਅਮ ॥੨੯੨॥

ਉਲਥਾ : (ਬੂੰਦ) ਕਹਿਣ ਲੱਗੀ ਮੈਂ ਇਕ ਪਾਣੀ ਦੀ ਬੂੰਦ ਹੁੰਦੀ ਸਾਂ, (ਹੁਣ) ਦਰਿਆ ਦੀ ਵਿਸ਼ਾਲਤਾ ਨੂੰ ਇਕ ਤਰ੍ਹਾਂ ਮਿਣ (ਮਾਣ) ਲਿਆ ਹੈ।

ਗੁਰਬਾਣੀ : **ਕਰਿ ਕਿਰਪਾ ਪ੍ਰਭ ਨਦਰਿ ਅਵਲੋਕਨ ਅਪੁਨੈ ਚਰਣਿ ਲਗਾਈ ॥**
ਪ੍ਰੇਮ ਭਗਤਿ ਨਾਨਕ ਸੁਖੁ ਪਾਇਆ ਸਾਧੂ ਸੰਗਿ ਸਮਾਈ ॥

ਗਰ ਮਰਾ ਦਰ ਬਾਜ਼ ਰਾਹਿ ਲੁਤਫ਼ਿ ਖੇਸ਼
ਵਾਸਿਲਿ ਖ਼ੁਦ ਕਰਦ ਅਜ਼ ਅੰਦਾਜ਼ਾ ਬੇਸ਼ ॥੨੯੩॥

ਉਲਥਾ : ਜੇ ਮੈਨੂੰ ਆਪਣੀ ਮਿਹਰਬਾਨੀ ਰਾਹੀਂ ਮੁੜ ਕੇ ਆਪਣੇ ਨਾਲ ਮਿਲਾ ਲਿਆ, ਤਾਂ (ਮੈਨੂੰ) ਅੰਦਾਜ਼ੇ ਤੋਂ ਵਧੀਕ ਉਚਿਆ ਦਿੱਤਾ।

ਗੁਰਬਾਣੀ : **ਤੇਰੋ ਜਨੁ ਹੋਇ ਸੋਇ ਕਤ ਡੋਲੈ ਤੀਨਿ ਭਵਨ ਪਰ ਛਾਜਾ ॥**
ਹਾਥੁ ਪਸਾਰਿ ਸਕੈ ਕੋ ਜਨ ਕਉ ਬੋਲਿ ਸਕੈ ਨ ਅੰਦਾਜਾ ॥੧॥

ਚੇਤਿ ਅਚੇਤ ਮੂੜ ਮਨ ਮੇਰੇ ਬਾਜੇ ਅਨਹਦ ਬਾਜਾ॥
ਕਹਿ ਕਬੀਰ ਸੰਸਾ ਭ੍ਰਮੁ ਚੂਕੋ ਧ੍ਰੂ ਪ੍ਰਹਿਲਾਦ ਨਿਵਾਜਾ॥੨॥

ਹਮਚੂ ਮੌਜ ਅਜ਼ ਪੈਹਨਿ ਦਰਿਆ ਰੂ ਨਮੂਦ
ਮੌਜ ਗਸ਼ਤ ਵਾ ਕਰਦ ਦਰਿਆ ਰਾ ਸਜੂਦ॥੨੯੪॥

ਉਲਥਾ : (ਬੂੰਦ) ਦਰੀਆਉ ਦੀ ਵਿਸ਼ਾਲਤਾ ਵਿੱਚੋਂ ਉਮੰਗ ਵਾਂਗ ਉਠੀ, ਲਹਿਰ ਬਣ ਗਈ ਅਤੇ ਦਰੀਆਉ ਨੂੰ ਨਮਸਕਾਰ ਕਰਨ ਲੱਗੀ।

ਨੋਟ : ਮੌਜ ਦਾ ਉਲਥਾ ਪਹਿਲੇ ਉਮੰਗ ਅਤੇ ਫਿਰ ਲਹਿਰ ਕੀਤਾ ਗਿਆ ਹੈ।

ਗੁਰਬਾਣੀ : ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ॥
ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ॥

ਹਮ ਚੁਨਾਂ ਹਰ ਬੰਦਾ ਕੂ ਵਾਸਿਲ ਅਸਤ
ਦਰ ਤਰੀਕਿ ਬੰਦਗੀ ਬਸ ਕਾਮਿਲ ਅਸਤ॥੨੯੫॥

ਉਲਥਾ : ਇਸੇ ਤਰ੍ਹਾਂ ਉਹ ਬੰਦਾ ਜਿਹੜਾ ਮਿਲਿਆ ਹੋਇਆ ਹੈ (ਰੱਬ ਨਾਲ) ਭਗਤੀ ਦੇ ਮਾਰਗ ਵਿਚ ਨਿਰਸੰਦੇਹ ਮੁਕੰਮਲ ਹੈ।

ਗੁਰਬਾਣੀ : ਸਾਈ ਸੋੁਹਾਗਣਿ ਸਾਈ ਭਾਗਣਿ ਜੈ ਪਿਰਿ ਕਿਰਪਾ ਧਾਰੀ॥
ਪਿਰਿ ਅਉਗਣ ਤਿਸ ਕੇ ਸਭਿ ਗਵਾਏ ਗਲ ਸੇਤੀ ਲਾਇ ਸਵਾਰੀ॥

ਮੌਜੋ ਦਰਿਆ ਗਰਚਿ ਦਰ ਮਾਅਨੀ ਯਕੇਸਤ
ਲੇਕ ਅੰਦਰ ਈਨੋ ਆਂ ਫ਼ਰਕੇ ਬਸੇਸਤ॥੨੯੬॥

ਉਲਥਾ : ਲਹਿਰ ਅਤੇ ਦਰਿਆ ਭਾਵੇਂ ਅਸਲ ਵਿਚ ਇਕ ਰੂਪ ਹਨ, ਪਰੰਤੂ ਇਸ ਤੇ ਉਸ ਵਿਚ ਬਹੁਤ ਫ਼ਰਕ ਹੈ।

ਗੁਰਬਾਣੀ : ਹਮ ਨਾਨੑੇ ਨੀਚ ਤੁਮੑੇ ਬਡ ਸਾਹਿਬ ਕੁਦਰਤਿ ਕਉਣ ਬੀਚਾਰਾ॥

ਮਨ ਯਕੇ ਮੌਜਮ ਤੂ ਬਹਿਰਿ ਬੇਕਰਾਂ
ਫ਼ਰਕ ਬਾਸ਼ਦ ਅਜ਼ ਜ਼ਮੀਨੋ ਆਸਮਾਂ॥੨੯੭॥

ਉਲਥਾ : ਮੈਂ ਇਕ ਲਹਿਰ ਹਾਂ ਤੂੰ ਅਪਾਰ ਸਾਗਰ ਹੈਂ, ਧਰਤੀ ਤੋਂ (ਅਤੇ) ਆਕਾਸ਼ ਤਕ ਦਾ ਫ਼ਰਕ ਹੈ।

ਗੁਰਬਾਣੀ : ਤਉ ਗੁਨ ਈਸ ਬਰਨਿ ਨਹੀ ਸਾਕਉ ਤੁਮ ਮੰਦਰ ਹਮ ਨਿਕ ਕੀਰੇ ॥
ਨਾਨਕ ਕ੍ਰਿਪਾ ਕਰਹੁ ਗੁਰ ਮੇਲਹੁ ਮੈ ਰਾਮੁ ਜਪਤ ਮਨੁ ਧੀਰੇ ॥

ਮਨ ਨੇਅੱਮ ਈਂ ਜੁਮਲਾ ਅਜ਼ ਅਲਤਾਫ਼ਿ ਤੂ
ਮਨ ਯਕੇ ਮੌਜਮ ਜ਼ ਤਬਆਇ ਸਾਫ਼ਿ ਤੂ ॥੨੯੮॥

ਉਲਥਾ : ਮੈਂ ਕੁਝ ਨਹੀਂ ਹਾਂ, ਇਹ ਸਭ ਤੇਰੀਆਂ ਮਿਹਰਬਾਨੀਆਂ ਕਰਕੇ (ਹੈ), ਮੈਂ (ਤੇਰੀ) ਇਕ ਲਹਿਰ ਬਣ ਗਿਆ ਹਾਂ ਤਾਂ ਤੇਰੇ ਸੋਹਣੇ ਸੁਭਾ ਕਰ ਕੇ।

ਗੁਰਬਾਣੀ : ਕਰਿ ਕਿਰਪਾ ਪ੍ਰਭ ਨਦਰਿ ਅਵਲੋਕਨ ਅਪੁਨੈ ਚਰਣਿ ਲਗਾਈ ॥
ਪ੍ਰੇਮ ਭਗਤਿ ਨਾਨਕ ਸੁਖੁ ਪਾਇਆ ਸਾਧੂ ਸੰਗਿ ਸਮਾਈ ॥

ਬਾ ਬਜ਼ੁਰਗਾਂ ਸੁਹਬਤੇ ਮੇ ਬਾਇਦਤ
ਅਜ਼ ਹਮਾ ਅੱਵਲ ਹਮੀਂ ਮੇ ਸ਼ਾਇਦਤ ॥੨੯੯॥

ਉਲਥਾ : ਬਜ਼ੁਰਗਾਂ ਨਾਲ ਮੇਲ-ਮਿਲਾਪ ਤੈਨੂੰ ਰੱਖਣਾ ਚਾਹੀਦਾ ਹੈ, ਸਭ ਤੋਂ ਪਹਿਲਾਂ ਇਹੀ ਤੇਰੇ ਲਾਇਕ ਹੈ।

ਗੁਰਬਾਣੀ : ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥
ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥

ਕਾਦਰਿ ਮੁਤਲਿਕ ਬ-ਕੁਦਰਤ ਜ਼ਾਹਿਰ ਅਸਤ
ਦਰਮਿਆਨਿ ਕੁਦਰਤ ਖ਼ੁਦ ਕਾਦਰ ਅਸਤ ॥੩੦੦॥

ਉਲਥਾ : ਸੁਤੰਤਰ ਸ਼ਕਤੀਸ਼ਰ ਪਰਕਿਰਤੀ ਨਾਲ ਪ੍ਰਗਟ ਹੈ, ਪਰਕਿਰਤੀ ਅੰਦਰ ਆਪ ਪਰਮੇਸ਼ਰ ਹੈ।

ਗੁਰਬਾਣੀ : ਬਲਿਹਾਰੀ ਕੁਦਰਤਿ ਵਸਿਆ ॥
ਤੇਰਾ ਅੰਤੁ ਨ ਜਾਈ ਲਖਿਆ ॥

ਕਾਦਰੋ ਕੁਦਰਤ ਬਹਮਚੁਨੀਂ ਆਮੇਖ਼ਤੰਦ
ਆਂ ਮਤਾਇ ਗ਼ੈਰ ਹੱਕ ਰਾ ਰੇਖ਼ਤੰਦ ॥੩੦੧॥

ਉਲਥਾ : ਪਰਮੇਸ਼ਰ ਅਤੇ ਪਰਕਿਰਤੀ ਇੰਜ ਪਰਸਪਰ ਮਿਲੇ ਹੋਏ ਹਨ, (ਕਿ) ਉਹ ਪਰਮਾਤਮਾ ਬਿਨਾਂ ਹੋਰ ਪੂੰਜੀ ਪਰੇ ਵਗਾ ਮਾਰਦੇ ਹਨ।

ਗੁਰਬਾਣੀ : ਦੁਤੀਆ ਦੁਹ ਕਰਿ ਜਾਨੈ ਅੰਗ ॥
ਮਾਇਆ ਬ੍ਰਹਮ ਰਮੈ ਸਭ ਸੰਗ ॥

ਨਾ ਓਹੁ ਬਢੈ ਨ ਘਟਤਾ ਜਾਇ ॥
ਅਕੁਲ ਨਿਰੰਜਨ ਏਕੈ ਭਾਇ ॥

ਪਸ ਤੁਰਾ ਹਮ ਬਾਇਦ ਐ ਯਾਰਿ ਅਜ਼ੀਜ਼
ਹਕ ਕੁਦਾਮ ਵਾ ਤੂ ਕੁਦਾਮੀ ਕੁਨ ਤਮੀਜ਼ ॥੩੦੨॥

ਉਲਥਾ : ਇਸ ਲਈ ਤੈਨੂੰ ਵੀ ਚਾਹੀਦਾ ਹੈ, ਹੇ ਪਿਆਰੇ ਮਿੱਤਰ! ਪਛਾਣ ਕਰੇਂ (ਕਿ) ਰੱਬ ਕੌਣ ਹੈ ਅਤੇ ਤੂੰ ਕੌਣ ਹੈਂ?

ਗੁਰਬਾਣੀ : ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥
ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥

ਗਰ ਤੂ ਵਾਸਿਲ ਗਸ਼ਤਾ ਈ ਦਰ ਜ਼ਾਤਿ ਓ
ਗ਼ੈਰ ਹਰਫ਼ਿ ਬੰਦਗੀ ਦੀਗਰ ਮਗੋ ॥੩੦੩॥

ਉਲਥਾ : ਜੇ ਤੂੰ ਉਸ (ਰੱਬ) ਦੀ ਜ਼ਾਤ ਵਿਚ ਪਹੁੰਚ (ਰਸਾਈ) ਪਾ ਲਈ ਹੈ, (ਤਾਂ) ਬੰਦਗੀ ਬਿਨਾਂ ਦੂਜਾ ਬਚਨ ਨਾ ਬੋਲ।

ਗੁਰਬਾਣੀ : ਬਿਨੁ ਨਾਵੈ ਬੋਲੈ ਸਭੁ ਵੇਕਾਰੁ ॥
ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ ॥

ਈਂ ਹਮਾ ਅਜ਼ ਦੌਲਤਿ ਈਂ ਬੰਦਗੀਸਤ
ਜ਼ਿੰਦਗੀ-ਬੇ-ਬੰਦਗੀ ਸ਼ਰਮਿੰਦਗੀਸਤ ॥੩੦੪॥

ਉਲਥਾ : ਇਹ ਸਭ (ਰਸਾਈ) ਇਸ ਬੰਦਗੀ ਦੀ ਬਦੌਲਤ ਹੈ, ਬੰਦਗੀ ਬਿਨਾਂ ਜ਼ਿੰਦਗੀ ਸ਼ਰਮਿੰਦਗੀ ਹੈ।

ਗੁਰਬਾਣੀ : ਕਬੀਰ ਅਲਹ ਕੀ ਕਰਿ ਬੰਦਗੀ ਜਿਹ ਸਿਮਰਤ ਦੁਖੁ ਜਾਇ ॥
ਦਿਲ ਮਹਿ ਸਾਂਈ ਪਰਗਟੈ ਬੁਝੈ ਬਲੰਤੀ ਨਾਂਇ ॥

ਅਥਵਾ : ਲਾਜ ਮਰੈ ਜੋ ਨਾਮੁ ਨ ਲੇਵੈ ॥
ਨਾਮ ਬਿਹੂਨ ਸੁਖੀ ਕਿਉ ਸੋਵੈ ॥

ਹੱਕ ਤਆਲਾ ਬੰਦਗੀ ਫ਼ਰਮੂਦਾ ਅਸਤ
ਹਰ ਕਸੇ ਕੂ ਬੰਦਾ ਸ਼ੁਦ ਆਸੂਦਾ ਅਸਤ ॥੩੦੫॥

ਉਲਥਾ : ਸਰਬ-ਉੱਚ ਪ੍ਰਭੂ ਨੇ ਬੰਦਗੀ (ਸੇਵਾ) ਹੀ ਫ਼ਰਮਾਈ ਹੈ, ਹਰ ਪੁਰਸ਼ ਜੋ ਸੇਵਕ (ਬੰਦਾ) ਹੋ ਗਿਆ, (ਉਹ ਹੀ) ਖ਼ੁਸ਼ਹਾਲ ਹੈ।

ਗੁਰਬਾਣੀ : ਜੋ ਮਾਗਹਿ ਸੋਈ ਸੋਈ ਪਾਵਹਿ ਸੇਵਿ ਹਰਿ ਕੇ ਚਰਣ ਰਸਾਇਣ ॥
ਜਨਮ ਮਰਣ ਦੁਹਹੂ ਤੇ ਛੂਟਹਿ ਭਵਜਲੁ ਜਗਤੁ ਤਰਾਇਣ ॥੧॥
ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ ॥
ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ ॥੨॥

ਚੂੰ ਅਨਅਲਹੱਕ ਬਰ ਜ਼ੁਬਾਂ ਇਜ਼ਹਾਰ ਕਰਦ
ਸ਼ਰਆ ਆਂ ਮਨਸੂਰ ਰਾ ਬਰ-ਦਾਰ ਕਰਦ ॥੩੦੬॥

ਉਲਥਾ : ਜਦ ਜ਼ਬਾਨ 'ਤੇ ਪ੍ਰਗਟ ਕੀਤਾ, ਮੈਂ ਰੱਬ ਹਾਂ, ਧਾਰਮਿਕ-ਵਿਧਾਨ (ਸ਼ਰ੍ਹਾ) ਨੇ ਉਸ ਮਨਸੂਰ ਨੂੰ ਸੂਲੀ 'ਤੇ ਚੜ੍ਹਾ ਦਿੱਤਾ।

ਗੁਰਬਾਣੀ : ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ ॥
ਗਰਬੁ ਨ ਕੀਜੈ ਨਾਨਕਾ ਮਤੁ ਸਿਰਿ ਆਵੈ ਭਾਰੁ ॥

ਮਸਤੀਇ ਹੱਕ ਮਾਅਨੀਇ ਹੁਸ਼ਿਆਰੀ ਅਸਤ
ਆਰਿਫ਼ਾਂ ਰਾ ਖ਼ਾਬ ਹਮ ਬੇਦਾਰੀ ਅਸਤ ॥੩੦੭॥

ਉਲਥਾ : ਨਾਮ ਦੀ ਮਸਤੀ ਦਾ ਭਾਵ ਸਾਵਧਾਨਤਾ ਹੈ, ਗਿਆਨਵਾਨਾਂ ਦੀ ਨੀਂਦ ਵੀ ਜਾਗਰਣ ਹੈ।

ਗੁਰਬਾਣੀ : ਭੈ ਭਾਇ ਜਾਗੇ ਸੇ ਜਨ ਜਾਗ੍ਰਣ ਕਰਹਿ ਹਉਮੈ ਮੈਲੁ ਉਤਾਰਿ ॥
ਸਦਾ ਜਾਗਹਿ ਘਰੁ ਅਪਣਾ ਰਾਖਹਿ ਪੰਚ ਤਸਕਰ ਕਾਢਹਿ ਮਾਰਿ ॥੧॥...
ਹਉਮੈ ਵਿਚਿ ਜਾਗ੍ਰਣੁ ਨ ਹੋਵਈ ਹਰਿ ਭਗਤਿ ਨ ਪਵਈ ਥਾਇ ॥
ਮਨਮੁਖ ਦਰਿ ਢੋਈ ਨਾ ਲਹਹਿ ਭਾਇ ਦੂਜੈ ਕਰਮ ਕਮਾਇ ॥੪॥

ਦਰ ਹਕੀਕਤ ਬੇ-ਅਦਬ ਯਾਬਦ ਸਜ਼ਾ
ਚੂੰ ਅਦਬ ਆਮਦ ਹਮਾ ਰਾ ਰਹਨੁਮਾ ॥੩੦੮॥

ਉਲਥਾ : ਅਸਲ ਵਿਚ ਬੇ-ਅਦਬ (ਹੰਕਾਰੀ) ਹੀ ਸਜ਼ਾ ਪਾਉਂਦਾ ਹੈ। ਜਦ ਕਿ ਅਦਬ (ਨਿਮਰਤਾ) ਹੀ ਸਾਰਿਆਂ ਦਾ ਪਥ-ਪ੍ਰਦਰਸ਼ਕ ਹੈ।

ਗੁਰਬਾਣੀ : ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥
ਬੇਦ ਕੀ ਬਿਪਤਿ ਪੜੀ ਪਛੁਤਾਨਿਆ ॥
ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ ॥੧॥
ਐਸਾ ਗਰਬੁ ਬੁਰਾ ਸੰਸਾਰੈ ॥
ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੈ ॥੧॥ਰਹਾਉ॥

ਗਰ ਤੂ ਸਰ ਤਾ ਪਾ ਹਮਾ ਹੱਕ ਗਸ਼ਤਾ ਈ
ਵਾਸਿਲਿ ਬੇ ਚੂਨ ਮੁਤਲਿਕ ਗਸ਼ਤਾ ਈ ॥੩੦੯॥

ਉਲਥਾ : ਜੇ ਤੂੰ ਸਿਰ ਤੋਂ ਪੈਰਾਂ ਤੱਕ ਪੂਰਨ ਸੱਚ-ਸਰੂਪ ਹੋ ਜਾਏਂ, ਅਦੁੱਤੀ ਆਜ਼ਾਦ (ਪ੍ਰਭੂ) ਦਾ ਮੇਲੀ ਹੋ ਜਾਏਂ।

ਗੁਰਬਾਣੀ : ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ ॥
ਅੰਤਰਿ ਅਗਿਆਨੁ ਹਉ ਬੁਧਿ ਹੈ ਸਚਿ ਸਬਦਿ ਮਲੁ ਖੋਹੁ ॥
ਹੋਹੁ ਨਿਮਾਣਾ ਸਤਿਗੁਰੂ ਅਗੈ ਮਤ ਕਿਛੁ ਆਪੁ ਲਖਾਵਹੇ ॥
ਆਪਣੈ ਅਹੰਕਾਰਿ ਜਗਤੁ ਜਲਿਆ ਮਤ ਤੂੰ ਆਪਣਾ ਆਪੁ ਗਵਾਵਹੇ ॥
ਸਤਿਗੁਰ ਕੈ ਭਾਣੈ ਕਰਹਿ ਕਾਰ ਸਤਿਗੁਰ ਕੈ ਭਾਣੈ ਲਾਗਿ ਰਹੁ ॥
ਇਉ ਕਹੈ ਨਾਨਕੁ ਆਪੁ ਛਡਿ ਸੁਖ ਪਾਵਹਿ ਮਨ ਨਿਮਾਣਾ ਹੋਇ ਰਹੁ ॥

ਬਾਜ਼ ਰਾਹਿ ਬੰਦਗੀ ਦਰ ਪੇਸ਼ ਗੀਰ
ਬੰਦਾਇ ਊ ਬਾਸ਼ ਵਾ ਰਾਹਿ ਖੇਸ਼ ਗੀਰ ॥੩੧੦॥

ਉਲਥਾ : ਫਿਰ ਵੀ ਬੰਦਗੀ (ਸੇਵਕੀ) ਦਾ ਰਾਹ ਸਾਹਵੇਂ ਪਕੜ (ਰੱਖ)। ਉਸ ਦਾ ਸੇਵਕ (ਬੰਦਾ) ਬਨਿਆ ਰਹੁ ਆਪਣਾ ਰਾਹ (ਸੇਵਕੀ ਦਾ) ਫੜੀ ਰੱਖ।

ਗੁਰਬਾਣੀ : ਸੇਵਕ ਕਉ ਸੇਵਾ ਬਨਿ ਆਈ ॥
ਹੁਕਮੁ ਬੂਝਿ ਪਰਮ ਪਦੁ ਪਾਈ ॥

ਦਰ ਹਮਾ ਹਾਲਤ ਖ਼ੁਦਾ ਹਾਜ਼ਰ ਬਬੀਂ
ਹਾਜ਼ਿਰੋ ਮਨਜ਼ੂਰ ਹਮ ਨਾਜ਼ਿਰ ਬਬੀਂ ॥੩੧੧॥

ਉਲਥਾ : ਸਾਰੀਆਂ ਹਾਲਤਾਂ ਵਿਚ ਰੱਬ ਨੂੰ ਮੌਜੂਦ ਵੇਖ, ਮੌਜੂਦ (ਵੇਖ) ਅਤੇ ਪ੍ਰਵਾਨ ਕਰ ਅਤੇ ਦਰਸ਼ਕ ਭੀ ਸਮਝ।

ਗੁਰਬਾਣੀ : ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ ॥
ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦੁ ॥

ਦਰ ਰਹਿ ਹੱਕ ਜੁਜ਼ ਅਦਬ ਤਾਅਲੀਮ ਨੇਸਤ ॥
ਤਾਲਿਬਿ ਊ ਰਾ ਬਜੁਜ਼ ਤਸਲੀਮ ਨੇਸਤ ॥੩੧੨॥

ਉਲਥਾ : ਰੱਬ ਦੇ ਰਾਹ ਵਿਚ ਅਦਬ (ਭੈ-ਭਾਵਨੀ) ਬਿਨਾਂ ਕੋਈ ਸਿੱਖਿਆ ਨਹੀਂ। ਉਸ (ਰੱਬ) ਦੇ ਢੂੰਡਾਊ ਨੂੰ ਹੁਕਮ ਪ੍ਰਵਾਨ ਕਰਨ ਬਿਨਾਂ (ਕੋਈ ਚਾਰਾ) ਨਹੀਂ।

ਗੁਰਬਾਣੀ : ਬਿਨੁ ਭੈ ਕਿਨੈ ਨ ਪ੍ਰੇਮੁ ਪਾਇਆ ਬਿਨੁ ਭੈ ਪਾਰਿ ਨ ਉਤਰਿਆ ਕੋਈ ॥

ਅਥਵਾ : ਵਿਣੁ ਭੈ ਪਇਐ ਭਗਤਿ ਨ ਹੋਈ ॥

ਤਾਲਿਬਾਨਿ ਹੱਕ ਹਮੇਸ਼ਾ ਬਾ ਅਦਬ
ਬਾ ਅਦਬ ਬਾਸ਼ੰਦ ਅੰਦਰ ਯਾਦਿ ਰੱਬ ॥੩੧੩॥

ਉਲਥਾ : ਸਾਈਂ ਦੇ ਜੋ ਲੋੜਨਹਾਰ ਹਨ, ਉਹਨਾਂ ਦੀ ਰਹਿਣੀ ਸਦਾ ਅਦਬ ਵਾਲੀ ਹੈ, ਉਹ ਇਸ ਅਦਬ ਨੂੰ ਅੰਦਰ ਵਸਾ ਕੇ ਕਰਤਾਰ ਸਿਰਜਨਹਾਰ ਦਾ ਸਿਮਰਨ ਚਿੰਤਨ ਕਰਦੇ ਹਨ।

ਗੁਰਬਾਣੀ : ਫਰੀਦਾ ਥੀਉ ਪਵਾਹੀ ਦਭੁ ॥
ਜੇ ਸਾਂਈ ਲੋੜਹਿ ਸਭੁ ॥
ਇਕੁ ਛਿਜਹਿ ਬਿਆ ਲਤਾੜੀਅਹਿ ॥
ਤਾਂ ਸਾਈ ਦੈ ਦਰਿ ਵਾੜੀਅਹਿ ॥੧੬॥

ਬੇਅਦਬ ਰਾ ਕੈ ਜ਼ਿ ਰਾਹਿ ਸ਼ਾਂ ਖ਼ਬਰ
ਬੇਅਦਬ ਅਜ਼ ਹੱਕ ਹਮੇਸ਼ਾ ਬੇ-ਬਸਰ ॥੩੧੪॥

ਉਲਥਾ : ਜਿਹੜੇ ਬੇ-ਅਦਬ (ਭੈ-ਭਾਵਨੀ ਰਹਿਤ) ਹਨ, ਉਹਨਾਂ ਨੂੰ ਉਕਤ ਅਦਬ ਵਾਲੇ ਰੱਬੀ ਬੰਦਿਆਂ ਦੇ ਹਾਲ ਦੀ ਕੀ ਸਾਰ ? ਬੇ-ਅਦਬ ਸੱਚੇ (ਸਾਈਂ) ਦੀ ਪਛਾਣ ਵੱਲੋਂ ਸਦਾ ਦ੍ਰਿਸ਼ਟਿ-ਹੀਣ ਹੀ ਰਹਿੰਦੇ ਹਨ।

ਗੁਰਬਾਣੀ : ਜਿਨਾ ਭਉ ਤਿਨ੍ ਨਾਹਿ ਭਉ ਮੁਚੁ ਭਉ ਨਿਭਵਿਆਹ ॥
ਨਾਨਕ ਏਹੁ ਪਟੰਤਰਾ ਤਿਤੁ ਦੀਬਾਣਿ ਗਇਆਹ ॥

ਬੇ ਅਦਬ ਹਰਗਿਜ਼ ਬ-ਹੱਕ ਰਾਹੇ ਨ ਯਾਫ਼ਤ
ਰਾਹਿ ਹੱਕ ਰਾ ਹੇਚ ਗੁਮਰਾਹੇ ਨ ਯਾਫ਼ਤ ॥੩੧੫॥

ਉਲਥਾ : ਬੇ-ਅਦਬ ਨੂੰ ਕਦੇ ਭੀ ਸੱਚੇ ਸਾਹਿਬ ਦਾ ਸੱਚਾ ਮਾਰਗ ਨਹੀਂ ਮਿਲਦਾ, ਮਾਰਗ ਤੋਂ ਘੁਥੇ ਕਿਸੇ ਪ੍ਰਾਣੀ ਦੀ ਪਹੁੰਚ ਸੱਚੇ ਸਾਈਂ ਦੇ ਰਾਹ ਤਾਈਂ ਨਹੀਂ ਹੋ ਸਕਦੀ।

ਗੁਰਬਾਣੀ : ਬਿਨੁ ਭੈ ਕਿਨੈ ਨ ਪ੍ਰੇਮੁ ਪਾਇਆ ਬਿਨੁ ਭੈ ਪਾਰਿ ਨ ਉਤਰਿਆ ਕੋਈ ॥

ਹਾਦੀਏ ਰਾਹਿ ਖ਼ੁਦਾ ਆਮਦ ਅਦਬ
ਬੇ-ਅਦਬ ਖ਼ਾਲੀਸਤ ਅਜ਼ ਅਲਤਾਫ਼ਿ ਰੱਬ ॥੩੧੬॥

ਉਲਥਾ : ਇਸ ਸੱਚੇ ਮਾਰਗ ਦਾ (ਰੱਬ ਦੀ ਦਰਗਾਹ ਤਾਈਂ ਤੋੜ ਪੁਚਾਵਣ-ਹਾਰਾ) ਆਗੂ (ਰਾਹਬਰ) ਇਹ ਅਦਬ ਹੈ। ਜੋ ਬੇ-ਅਦਬ ਹੈ, ਉਹ ਰੱਬ ਦੀਆਂ ਰਹਿਮਤਾਂ ਤੋਂ ਖ਼ਾਲੀ (ਵਾਂਜਿਆ) ਰਹਿੰਦਾ) ਹੈ।

ਗੁਰਬਾਣੀ : **ਬਿਨੁ ਭੈ ਭਗਤੀ ਤਰਨੁ ਕੈਸੇ ॥**
ਕਰਹੁ ਅਨੁਗ੍ਰਹੁ ਪਤਿਤ ਉਧਾਰਨ ਰਾਖੁ ਸੁਆਮੀ ਆਪ ਭਰੋਸੇ ॥

ਬੇ-ਅਦਬ ਰਾਹਿ ਖ਼ੁਦਾ ਕੈ ਦਾਨਦਸ਼
ਹਰ ਕਿਰਾ ਕਹਿਰਿ ਖ਼ੁਦਾ ਮੇ ਰਾਨਦਸ਼ ॥੩੧੭॥

ਉਲਥਾ : ਬੇ-ਅਦਬ ਪੁਰਸ਼ ਪਰਮਾਤਮਾ ਦੇ ਪਾਉਣ ਤੇ ਤਰੀਕੇ ਨੂੰ ਕਦ ਜਾਣ ਸਕਦਾ ਹੈ ? (ਅਰਥਾਤ ਕਦੇ ਨਹੀਂ ਜਾਣ ਸਕਦਾ), ਜਿਸ ਨੂੰ ਕਿ ਉਸ ਦੇ ਕਹਿਰ ਨੇ ਪਛਾੜ ਲਤਾੜ ਛਡਿਆ ਹੋਵੇ।

ਗੁਰਬਾਣੀ : **ਸਾਕਤ ਨਰ ਸਭਿ ਭੂਖ ਭੁਖਾਨੇ ਦਰਿ ਠਾਢੇ ਜਮ ਜੰਦਾਰੇ ॥**

ਦਰ ਪਨਾਹਿ ਸਾਇਆਇ ਮਰਦਾਨਿ ਹੱਕ
ਗਰ ਰਵੀ ਆਂ ਜਾ ਅਦਬ ਯਾਬੀ ਸਬਕ ॥੩੧੮॥

ਉਲਥਾ : ਜੇ ਤੂੰ ਪਰਮੇਸ਼ਰ ਦੇ ਪਿਆਰਿਆਂ ਗੁਰਮੁਖ ਜਨਾਂ ਦੀ ਸੰਗਤ ਦੇ ਪਰਛਾਵੇਂ (ਪ੍ਰਭਾਵ) ਤਲੇ ਜਾ ਕੇ ਵਾਸਾ ਪਾਵੇਂ ਤਾਂ ਉਥੇ ਤੈਨੂੰ ਇਸ ਅਦਬ ਦੀ ਸੰਥਾ ਮਿਲੇਗੀ।

ਗੁਰਬਾਣੀ : **ਓਟ ਗਹੀ ਸੰਤਹ ਦਰਿ ਆਇਆ ॥**
ਸਰਬ ਸੂਖ ਨਾਨਕ ਤਿਹ ਪਾਇਆ ॥

ਬੇ ਅਦਬ ਆਂ ਜਾ ਅਦਬ ਆਮੋਜ਼ ਸ਼ੁਦ
ਈਂ ਚਰਾ.ਗਿ ਗੁਲ ਜਹਾਂ ਅਫਰੋਜ਼ ਸ਼ੁਦ ॥੩੧੯॥

ਉਲਥਾ : ਉਥੇ ਜਾ ਕੇ ਬੇਅਦਬ (ਭਾਵਨੀ-ਹੀਣ) ਪੁਰਸ਼ ਭੀ ਅਦਬਾਂ ਦਾ ਸਿੱਖਿਅਕ (ਭੈ-ਭਾਵਨੀ ਵਾਲਾ) ਬਣ ਜਾਂਦਾ ਹੈ। ਇਹ ਬੁਝਿਆ ਦੀਵਾ ਫੇਰ ਸਾਰੇ ਜਹਾਨ ਵਿਚ ਉਜਾਲਾ ਕਰਨ ਵਾਲਾ ਹੋ ਜਾਂਦਾ ਹੈ।

ਗੁਰਬਾਣੀ : **ਗੁਰ ਕੈ ਭੈ ਕੇਤੇ ਨਿਸਤਰੇ ਭੈ ਵਿਚਿ ਨਿਰਭਉ ਪਾਇ ॥**

ਅਥਵਾ : **ਸੰਗਤਿ ਕਾ ਗੁਨੁ ਬਹੁਤੁ ਅਧਿਕਾਈ ਪੜਿ ਸੂਆ ਗਨਕ ਉਧਾਰੇ ॥**
ਪਰਸਨ ਪਰਸ ਭਏ ਕੁਬਿਜਾ ਕਉ ਲੈ ਬੈਕੁੰਠਿ ਸਿਧਾਰੇ ॥

ਐ ਖ਼ੁਦਾ ਹਰ ਬੇ-ਅਦਬ ਰਾ ਦਿਹ ਅਦਬ
ਤਾ ਗੁਜ਼ਾਰਦ ਉਮਰ ਰਾ ਦਰ ਯਾਦਿ ਰੱਬ ॥੩੨੦॥

ਉਲਥਾ : ਹੇ ਅਕਾਲ ਪੁਰਖ ਪਰਮਾਤਮਾ ! ਹਰੇਕ ਬੇਅਦਬ ਪੁਰਸ਼ ਨੂੰ ਅਦਬ ਦਾਨ ਦੇਹ, ਤਾਂ ਜੁ ਉਹ ਆਪਣੀ ਸਾਰੀ ਆਯੂ ਤੇਰੀ ਭਾਉ-ਭਗਤੀ (ਸਿਮਰਨ) ਅੰਦਰਿ ਬਤੀਤ ਕਰੇ।

ਗੁਰਬਾਣੀ : **ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥**
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥

ਅਥਵਾ : **ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ ॥**

ਨੋਟ : ਸ਼ਿਅਰ ਨੰ: ੩੧੩ ਤੋਂ ੩੨੦ ਤਕ ਦੇ ਅਰਥ ਭਾਈ ਸਾਹਿਬ ਭਾਈ ਰਣਧੀਰ ਸਿੰਘ ਹੁਰਾਂ ਦੀ ਪੁਸਤਕ *ਗੁਰਮਤਿ ਬਿਬੇਕ* ਵਿੱਚੋਂ ਹੀ ਲੀਤੇ ਹਨ।

ਗਰ ਬਯਾਬੀ ਲੱਜ਼ਤੇ ਅਜ਼ ਯਾਦਿ ਊ
ਜ਼ਿੰਦਾ ਬਾਸ਼ੀ ਦਾਇਮਾ ਐ ਨੇਕ-ਖ਼ੂ ॥੩੨੧॥

ਉਲਥਾ : ਜੇ ਤੂੰ ਉਸ (ਰੱਬ) ਦੇ ਸਿਮਰਨ ਦਾ ਸੁਆਦ ਪ੍ਰਾਪਤ ਕਰ ਲਵੇਂ, ਹੇ ਭਲੇ ਸੁਭਾ ਵਾਲੇ ਤੂੰ ਸਦੀਵ ਜੀਵਤ ਰਹੇਂ।

ਗੁਰਬਾਣੀ : **ਜੀਵਤ ਜੀਵਤ ਜੀਵਤ ਰਹਹੁ ॥**
ਰਾਮ ਰਸਾਇਣੁ ਨਿਤ ਉਠਿ ਪੀਵਹੁ ॥
ਹਰਿ ਹਰਿ ਹਰਿ ਹਰਿ ਰਸਨਾ ਕਹਹੁ ॥

ਈਂ ਵਜੂਦਿ ਖ਼ਾਕ ਰਾ ਕਾਇਮ ਮਦਾਂ
ਕਾਇਮ ਆਮਦ ਸ਼ੌਕਿ ਊ ਦਰ ਹਿਰਜ਼ਿ ਜਾਂ ॥੩੨੨॥

ਉਲਥਾ : ਇਹ ਮਿੱਟੀ ਦੇ ਘਟ ਨੂੰ ਥਿਰ ਨਾ ਜਾਣ, (ਪਰ) ਥਿਰ ਰਹੇਗਾ ਰੂਹ ਦੀ ਸੁਰੱਖਿਅਤ ਰੱਖ ਵਿਚ (ਰਚਾਇਆ) ਉਸ (ਰੱਬ) ਦਾ ਰੰਗ (ਪਿਆਰ)।

ਗੁਰਬਾਣੀ : **ਤਬ ਲਗੁ ਪ੍ਰਾਨੀ ਤਿਸੈ ਸਰੇਵਹੁ ਜਬ ਲਗੁ ਘਟ ਮਹਿ ਸਾਸਾ ॥**
ਜੇ ਘਟੁ ਜਾਇ ਤ ਭਾਉ ਨ ਜਾਸੀ ਹਰਿ ਕੇ ਚਰਨ ਨਿਵਾਸਾ ॥

ਸ਼ੌਕਿ ਮੌਲਾ ਜ਼ਿੰਦਗੀਏ ਜਾਂ ਬਵਦ
ਯਾਦਿ ਊ ਸਰਮਾਯਾਇ ਈਮਾਂ ਬਵਦ ॥੩੨੩॥

ਉਲਥਾ : ਸਾਈਂ ਦਾ ਸਨੇਹ ਰੂਹ ਦੀ ਜ਼ਿੰਦਗੀ ਹੈ, ਉਸ ਦਾ ਸਿਮਰਨ ਧਰਮ ਦੀ ਪੂੰਜੀ ਹੈ।

ਗੁਰਬਾਣੀ : ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ ॥
ਬਿਨੁ ਰਸ ਚਾਖੇ ਬੁਡਿ ਗਈ ਸਗਲੀ ਸੁਖੀ ਨ ਹੋਵਤ ਜੀਓ ॥

ਸ਼ੌਕਿ ਊ ਦਰ ਹਰ ਦਿਲੇ ਕੈ ਜਾ ਕੁਨਦ
ਦਰ ਵਜੂਦਿ ਖ਼ਾਕ ਕੈ ਮਾਵਾ ਕੁਨਦ ॥੩੨੪॥

ਉਲਥਾ : ਉਸ (ਰੱਬ) ਦਾ ਨੇਹ ਹਰ ਹੀਅਰੇ ਵਿਚ ਕਿਵੇਂ ਘਰ ਕਰ ਸਕਦਾ ਹੈ, (ਹਰ) ਮਿੱਟੀ ਦੇ ਸਰੀਰ ਵਿਚ ਕਿਵੇਂ ਟਿੱਕ ਸਕਦਾ ਹੈ।

ਗੁਰਬਾਣੀ : ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ ॥
ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥

ਸ਼ੌਕਿ ਮੌਲਾ ਮਰ ਤੁਰਾ ਚੂੰ ਦਸਤ ਦਾਦ
ਦੌਲਤਿ ਦਾਇਮ ਬਦਸਤਤ ਦਰ-ਫ਼ਤਾਦ ॥੩੨੫॥

ਉਲਥਾ : ਸਾਈਂ ਸੰਦਾ ਨੇਹ ਖ਼ਾਸ ਤੇਰਾ ਜਦ ਸਹਾਈ ਹੋਇਆ, ਸਦੀਵੀ ਸੰਪਦਾ ਤੇਰੇ ਹੱਥ ਵਿਚ ਆਣਿ ਚੜ੍ਹੀ।

ਗੁਰਬਾਣੀ : ਹਰਿ ਕੇ ਨਾਮ ਕੇ ਬਿਆਪਾਰੀ ॥
ਹੀਰਾ ਹਾਥਿ ਚੜਿਆ ਨਿਰਮੋਲਕੁ ਛੂਟਿ ਗਈ ਸੰਸਾਰੀ ॥

ਖ਼ਾਕਿ ਰਾਹਸ਼ ਸੁਰਮਾਇ ਸਰ ਅਸਤ
ਆਰਿਫ਼ਾਂ ਰਾ ਬਿਹ ਜ਼ਿ ਤਾਜੋ ਅਫ਼ਸਰ ਅਸਤ ॥੩੨੬॥

ਉਲਥਾ : ਉਸਦੇ ਰਾਹ ਦੀ ਧੂੜ ਦਿਮਾਗ਼ੀ ਦੀਦਿਆਂ ਲਈ ਸੁਰਮਾ ਹੈ, ਗਿਆਨਵਾਨਾਂ ਨੂੰ ਤਾਜ ਤੇ ਤਖ਼ਤ ਨਾਲੋਂ ਚੰਗੀ ਹੈ।

ਗੁਰਬਾਣੀ : ਧੂੜੀ ਮਜਨੁ ਸਾਧ ਖੇ ਸਾਈ ਥੀਏ ਕ੍ਰਿਪਾਲ ॥
ਲਧੇ ਹਭੇ ਥੋਕੜੇ ਨਾਨਕ ਹਰਿ ਧਨੁ ਮਾਲ ॥

ਦੌਲਤਿ ਦੁਨੀਆ ਨ-ਬਾਸ਼ਦ ਪਾਇਦਾਰ
ਦਰ ਤਰੀਕਿ ਆਰਿਫ਼ਾਨਿ ਹੱਕ ਗੁਜ਼ਾਰ ॥੩੨੭॥

ਉਲਥਾ : ਰੱਬ ਦੇ ਰਾਹ ਦੇ ਗਿਆਨਵਾਨਾਂ ਦੇ ਧਰਮ ਵਿਚ, ਦੁਨੀਆਵੀ ਸੰਪਦਾ ਸਥਿਰ ਨਹੀਂ ਹੈ।

ਗੁਰਬਾਣੀ : ਮਿਥਿਆ ਤਨੁ ਧਨੁ ਕੁਟੰਬੁ ਸਬਾਇਆ ॥
ਮਿਥਿਆ ਹਉਮੈ ਮਮਤਾ ਮਾਇਆ ॥

ਯਾਦਿ ਊ ਲਾਜ਼ਮਿ ਬਵਦ ਦਾਇਮ ਤੁਰਾ
ਜ਼ਿਕਰਿ ਊ ਕਾਇਮ ਕੁਨਦ ਕਾਇਮ ਤੁਰਾ ॥੩੨੮॥

ਉਲਥਾ : ਉਸ (ਰੱਬ) ਦੀ ਚਿਤਵਨੀ ਹਮੇਸ਼ਾ ਤੇਰੇ ਲਈ ਜ਼ਰੂਰੀ ਹੈ, ਉਸ ਦਾ ਸਿਮਰਨ ਤੈਨੂੰ ਪੂਰੀ ਤਰ੍ਹਾਂ ਪੱਕਿਆਂ ਕਰ ਦੇਵੇਗਾ।

ਗੁਰਬਾਣੀ : ਚੇਤਾਈ ਤਾਂ ਚੇਤਿ ਸਾਹਿਬੁ ਸਚਾ ਸੋ ਧਣੀ ॥
ਨਾਨਕ ਸਤਿਗੁਰੁ ਸੇਵਿ ਚੜਿ ਬੋਹਿਥਿ ਭਉਜਲੁ ਪਾਰਿ ਪਉ ॥

ਆਰਿਫ਼ਾਂ ਦਾਰੰਦ ਬਾ ਇਰਫ਼ਾਨਿ ਖੇਸ਼
ਹਾਸਿਲਿ ਇਰਫ਼ਾਂ ਦਰੂਨਿ ਜਾਨਿ ਖੇਸ਼ ॥੩੨੯॥

ਉਲਥਾ : ਗਿਆਨਵਾਨ ਆਪੇ ਦੀ ਪਛਾਣ ਨਾਲ ਆਪਣੀ ਜਾਨ ਵਿਚ ਗਿਆਨ ਦਾ ਲਾਭ ਲਈ ਰਖਦੇ ਹਨ।

ਗੁਰਬਾਣੀ : ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥

ਮਸਨਦਿ ਸ਼ੌਕਿ ਇਲਾਹੀ ਬੇ-ਜ਼ਵਾਲ
ਵਰਨਾ ਬੀਨੀ ਹਰ ਕਮਾਲੇ ਰਾ ਜ਼ਵਾਲ ॥੩੩੦॥

ਉਲਥਾ : ਪ੍ਰਭੂ ਦੇ ਪ੍ਰੇਮ ਦਾ ਤਕੀਆ ਪਤਨ ਤੋਂ ਬਾਹਰਾ ਹੈ, ਨਹੀਂ ਤਾਂ ਤੂੰ ਹਰ ਇਕ ਪੂਰਨਤਾ ਪਤਨ-ਭਰਪੂਰ ਵੇਖਦਾ ਹੈਂ।

ਗੁਰਬਾਣੀ : ਪੂਰਨੁ ਕਬਹੁ ਨ ਡੋਲਤਾ ਪੂਰਾ ਕੀਆ ਪ੍ਰਭ ਆਪਿ ॥
ਦਿਨੁ ਦਿਨੁ ਚੜੈ ਸਵਾਇਆ ਨਾਨਕ ਹੋਤ ਨ ਘਾਟਿ ॥

ਬੇ-ਜ਼ਵਾਲ ਆਮਦ ਕਮਾਲਿ ਜ਼ੌਕਿ ਹੱਕ
ਤਾ ਕਿਹ ਯਾਬਦ ਜ਼ੱਰਾ ਅਜ਼ ਸ਼ੌਕਿ ਹੱਕ ॥੩੩੧॥

ਉਲਥਾ : ਪਤਨ ਰਹਿਤ ਪੂਰਨਤਾ ਪ੍ਰਭੂ-ਵਿਗਾਸ ਨੂੰ ਹੀ ਮਿਲੀ ਹੈ, ਤਾਂ ਜੁ (ਮਾਮੂਲੀ) ਸਾਧਾਰਨ ਮਨੁੱਖ ਪ੍ਰਭੂ-ਪ੍ਰੇਮ ਦਾ ਕਿਣਕਾ ਪ੍ਰਾਪਤ ਕਰ ਲਏ।

ਗੁਰਬਾਣੀ : ਪੂਰੇ ਗੁਰ ਕੀ ਪੂਰੀ ਬਾਣੀ ॥
ਪੂਰੈ ਲਾਗਾ ਪੂਰੇ ਮਾਹਿ ਸਮਾਣੀ ॥
ਚੜੈ ਸਵਾਇਆ ਨਿਤ ਨਿਤ ਰੰਗਾ ਘਟੈ ਨਾਹੀ ਤੋਲੀਜਾ ਹੇ ॥

ਹਰ ਕਸੇ ਕੂ ਯਾਫ਼ਤ ਊ ਜਾਵੇਦ ਸ਼ੁਦ
ਦਰ ਹਕੀਕਤ ਸਾਹਿਬਿ ਉਮੀਦ ਸ਼ੁਦ ॥੩੩੨॥

ਉਲਥਾ : ਜਿਸ ਪੁਰਸ਼ ਨੂੰ ਕਿ ਇਹ (ਪ੍ਰੇਮ ਦਾ ਕਿਣਕਾ) ਮਿਲ ਗਿਆ, ਉਹ ਅਮਰ ਹੋ ਗਿਆ, ਅਸਲ ਵਿਚ (ਉਹੀ) ਆਸਾਵੰਤ ਹੋ ਗਿਆ।

ਗੁਰਬਾਣੀ : ਜਨੁ ਲਾਗਾ ਹਰਿ ਏਕੈ ਨਾਇ ॥
ਤਿਸ ਕੀ ਆਸ ਨ ਬਿਰਥੀ ਜਾਇ ॥

ਅਥਵਾ : ਇਹੁ ਹਰਿ ਰਸੁ ਪਾਵੈ ਜਨੁ ਕੋਇ ॥
ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥

ਚੂੰ ਉਮੀਦਸ਼ ਸੂਰਤਿ ਹਾਸਿਲ ਗ੍ਰਿਫ਼ਤ
ਜ਼ੱਰਾ ਅਜ਼ ਸ਼ੌਕ ਜਾ ਦਰ ਦਿਲ ਗ੍ਰਿਫ਼ਤ ॥੩੩੩॥

ਉਲਥਾ : ਜਦ ਉਸ ਦੀ ਆਸ ਨੇ ਪ੍ਰਾਪਤੀ ਦੀ ਸ਼ਕਲ ਪਕੜੀ, (ਭਾਵ ਆਸ ਪੂਰਨ ਹੋਈ) ਪ੍ਰੇਮ ਦੀ ਕਣੀ (ਕਿਣਕੇ) ਨੇ ਦਿਲ ਵਿਚ ਥਾਂ ਬਣਾ ਲਈ।

ਗੁਰਬਾਣੀ : ਜੇ ਮਨਿ ਚਿਤਿ ਆਸ ਰਖਹਿ ਹਰਿ ਊਪਰਿ
ਤਾ ਮਨ ਚਿੰਦੇ ਅਨੇਕ ਅਨੇਕ ਫਲ ਪਾਈ ॥

ਆਬਿ ਹੈਵਾਂ ਮੇਚਕਦ ਅਜ਼ ਮੂਇ ਊ
ਜ਼ਿੰਦਾ ਮੇਗਰਦਦ ਜਹਾਂ ਅਜ਼ ਬੂਇ ਊ ॥੩੩੪॥

ਉਲਥਾ : ਉਸ ਦੇ ਰੋਮ ਰੋਮ ਵਿੱਚੋਂ ਅੰਮ੍ਰਿਤ ਟਪਕਦਾ ਹੈ, ਉਸ ਦੀ ਸੁਗੰਧੀ ਤੋਂ ਸੰਸਾਰ ਸਜੀਵਤ ਹੋ ਉਠਦਾ ਹੈ।

ਗੁਰਬਾਣੀ : ਪ੍ਰਭ ਕੈ ਰੰਗਿ ਰਾਚਿ ਜਨ ਰਹੇ ॥
ਗੁਰ ਕੈ ਬਚਨਿ ਪਦਾਰਥ ਲਹੇ ॥
ਓਇ ਦਾਤੇ ਦੁਖ ਕਾਟਨਹਾਰ ॥
ਜਾ ਕੈ ਸੰਗਿ ਤਰੈ ਸੰਸਾਰੁ ॥

ਐ ਜ਼ਹੇ. ਇਨਸਾਂ ਕਿ ਹੱਕ ਰਾ ਯਾਫ਼ਤਾ
ਰੂ ਜ਼ ਯਾਦਿ ਗ਼ੈਰ ਹੱਕ ਬਰਤਾਫ਼ਤਾ ॥੩੩੫॥

ਉਲਥਾ : ਓ ! ਉਹ ਪੁਰਸ਼ ਧੰਨ ਹੈ, ਜਿਸ ਨੇ ਰੱਬ ਪ੍ਰਾਪਤ ਕਰ ਲਿਆ। ਰੱਬ ਤੋਂ ਬਿਨਾਂ ਹੋਰ ਦੇ ਧਿਆਨ ਵੱਲੋਂ ਮੂੰਹ ਮੋੜ ਲਿਆ।

ਗੁਰਬਾਣੀ : ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥
ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥

ਦਰ ਲਿਬਾਸਿ ਦੁਨਿਯਵੀ ਫ਼ਾਰਿਗ਼ ਅਜ਼ਾਂ
ਹਮਚੂ ਜ਼ਾਤਿਸ਼ ਆਸ਼ਿਕਾਰਾ ਵ ਨਿਹਾਂ ॥੩੩੬॥

ਉਲਥਾ : ਸੰਸਾਰੀ ਭੇਸ ਵਿਚ (ਪਰ) ਉਸ (ਸੰਸਾਰ) ਤੋਂ ਨਿਰਲੇਪ ਹੁੰਦਾ ਹੈ। ਉਸ ਸਾਹਿਬ ਵਾਂਗ (ਉਹ) ਪ੍ਰਗਟ ਅਤੇ ਛੁਪਿਆ ਹੈ।

ਗੁਰਬਾਣੀ : ਦੀਸਹਿ ਸਭ ਮਹਿ ਸਭ ਤੇ ਰਹਤੇ ॥
ਪਾਰਬ੍ਰਹਮ ਕਾ ਓਇ ਧਿਆਨੁ ਧਰਤੇ ॥

ਜ਼ਾਹਿਰਿਸ਼ ਦਰ ਕੈਦਿ ਮੁਸ਼ਤਿ ਖ਼ਾਕ ਹਸਤ
ਬਾਤਨਿ ਊ ਬਾ ਖ਼ੁਦਾਇ ਪਾਕ ਹਸਤ ॥੩੩੭॥

ਉਲਥਾ : ਉਸਦਾ ਦਿਸਦਾ ਸਰੂਪ ਮਿੱਟੀ ਦੀ ਮੁੱਠੀ ਦੀ ਕੈਦ ਵਿਚ ਹੈ, ਉਸਦਾ ਅੰਦਰ (ਹਿਰਦਾ) ਪਾਵਨ ਪਰਮੇਸ਼ਰ ਨਾਲ ਰਹਿੰਦਾ ਹੈ।

ਗੁਰਬਾਣੀ : ਸਾਧੋ ਇਹੁ ਤਨੁ ਮਿਥਿਆ ਜਾਨਉ ॥
ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥

ਜ਼ਾਹਿਰ ਅੰਦਰ ਮਾਇਲਿ ਫਰਜ਼ੰਦੋ ਜ਼ਨ
ਦਰ ਹਕੀਕਤ ਬਾ ਖ਼ੁਦਾਇ ਖੇਸ਼ਤਨ ॥੩੩੮॥

ਉਲਥਾ : ਦਿੱਸਦਾ ਉਹ ਪੁੱਤਰ ਅਤੇ ਪਤਨੀ ਵਿਚ ਰੁਚਿਤ ਹੈ, (ਪਰ) ਅਸਲ ਵਿਚ ਆਪਣੇ ਪ੍ਰਭੂ ਨਾਲ ਹੀ (ਜੁੜਿਆ) ਰਹਿੰਦਾ ਹੈ।

ਗੁਰਬਾਣੀ : ਮੁਖ ਕੀ ਬਾਤ ਸਗਲ ਸਿਉ ਕਰਤਾ ॥
ਜੀਅ ਸੰਗਿ ਪ੍ਰਭੁ ਅਪੁਨਾ ਧਰਤਾ ॥

ਜ਼ਾਹਿਰ ਅੰਦਰ ਮਾਇਲਿ ਹਿਰਸੋ ਹਵਾ
ਬਾਤਨਿ ਊ ਪਾਕ ਅਜ਼ ਯਾਦਿ ਖ਼ੁਦਾ ॥੩੩੯॥

ਉਲਥਾ : ਬਾਹਰਲਾ ਸਰੂਪ ਤਾਂ ਲੋਭ ਲਾਲਚ ਅਤੇ ਕਾਮਨਾਵਾਂ ਵਿਚ ਰੁਚਿਤ ਹੈ, (ਪਰ) ਉਸ ਦਾ ਅੰਦਰ ਪ੍ਰਭੂ ਸਿਮਰਨ ਰਾਹੀਂ ਨਿਰਮਲ ਹੈ।

ਗੁਰਬਾਣੀ : ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ ਜੋ ਨਾਮਿ ਹਰਿ ਰਾਤੇ ॥
ਤਿਨ ਕੇ ਘਰ ਮੰਦਰ ਮਹਲ ਸਰਾਈ ਸਭਿ ਪਵਿਤੁ ਹਹਿ
ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ ॥

ਜ਼ਾਹਿਰ ਅੰਦਰ ਮਾਇਲਿ ਅਸਪੋ ਸ਼ੁਤਰ
ਬਾਤਨਸ਼ ਫ਼ਾਰਿਗ਼ ਜ਼ ਕੈਦਿ ਸ਼ੋਰੋ ਸ਼ਰ ॥੩੪੦॥

ਉਲਥਾ : ਬਾਹਰਲਾ ਸਰੂਪ ਘੋੜਿਆਂ ਊਠਾਂ ਵਿਚ ਰਚਿਆ ਹੈ, ਉਸਦਾ ਅੰਦਰ (ਹਿਰਦਾ) ਮਸ਼ਹੂਰੀ ਅਤੇ ਮੰਦਪੁਣੇ ਦੇ ਬੰਧਨਾਂ ਤੋਂ ਮੁਕਤ ਹੈ।

ਗੁਰਬਾਣੀ : ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ
ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ ॥
ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ
ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ ॥
ਜਿਨ ਕੈ ਪੋਤੈ ਪੁੰਨੁ ਹੈ ਸੇ ਗੁਰਮੁਖਿ ਸਿਖ ਗੁਰੂ ਪਹਿ ਜਾਤੇ ॥

ਅਥਵਾ : ਝੂਠਾ ਮਾਇਆ ਕਾ ਸਭੁ ਸੋਰੁ ॥

ਜ਼ਾਹਿਰ ਅੰਦਰ ਮਾਇਲਿ ਸੀਮੋ ਜ਼ਰ ਅਸਤ
ਬਾਤਨ ਅੰਦਰ ਸਾਹਿਬਿ ਬਹਿਰੋ ਬਰ ਅਸਤ ॥੩੪੧॥

ਉਲਥਾ : ਬਾਹਰਲਾ ਤਾਂ ਚਾਂਦੀ ਸੋਨੇ ਸੇਤੀ ਰਚਿਆ ਮਿਚਿਆ ਹੈ, ਅੰਦਰਲਾ (ਉਸਦਾ) ਜਲ ਥਲ ਦੇ ਸਾਈਂ ਸੇਤੀ ਜੁੜਿਆ ਹੈ।

ਗੁਰਬਾਣੀ : ਨਦਰਿ ਕਰੇ ਸੋਈ ਜਨੁ ਪਾਏ ਗੁਰ ਕਾ ਸਬਦੁ ਸਮ੍ਾਲੇ ॥
ਹਰਿ ਜਨ ਮਾਇਆ ਮਾਹਿ ਨਿਸਤਾਰੇ ॥
ਨਾਨਕ ਭਾਗੁ ਹੋਵੈ ਜਿਸੁ ਮਸਤਕਿ ਕਾਲਹਿ ਮਾਰਿ ਬਿਦਾਰੇ ॥

ਰਫ਼ਤਾ ਰਫ਼ਤਾ ਬਾਤਨਸ਼ ਜ਼ਾਹਿਰ ਸ਼ੁਦਾ
ਦਰ ਹਕੀਕਤ ਤਬਲਾਇ ਅੰਬਰ ਸ਼ੁਦਾ ॥੩੪੨॥

ਉਲਥਾ : ਸਹਿਜੇ ਸਹਿਜੇ ਉਸਦਾ ਅੰਦਰ ਪ੍ਰਗਟ ਹੋ ਗਿਆ, ਅਸਲ ਵਿਚ (ਉਹ) ਵਾਸ਼ਨਾ ਦਾ ਵਾਸਲਾ (ਡੱਬਾ) ਬਣ ਗਿਆ।

ਗੁਰਬਾਣੀ : ਐਸਾ ਨਾਮੁ ਰਤਨੁ ਨਿਰਮੋਲਕੁ ਪੁੰਨਿ ਪਦਾਰਥੁ ਪਾਇਆ॥
ਅਨਿਕ ਜਤਨ ਕਰਿ ਹਿਰਦੈ ਰਾਖਿਆ ਰਤਨੁ ਨ ਛਪੈ ਛਪਾਇਆ॥

ਜ਼ਾਹਿਰੋ ਬਾਤਨ ਸ਼ੁਦਾ ਯਕਸਾਨਿ ਊ
ਹਰ ਦੋ ਆਲਮ ਬੰਦਾਇ ਫ਼ਰਮਾਨਿ ਊ ॥੩੪੩॥

ਉਲਥਾ : ਉਸਦਾ ਅੰਦਰ ਤੇ ਬਾਹਰ ਇੱਕੋ ਜਹੇ ਹੋ ਜਾਂਦੇ ਹਨ, ਦੋਵੇਂ ਹੀ ਜਹਾਨ ਉਸਦੇ ਫ਼ਰਮਾਂਬਰਦਾਰ ਸੇਵਕ ਹੋ ਜਾਂਦੇ ਹਨ।

ਗੁਰਬਾਣੀ : ਜਿਨ ਮਨਿ ਵਸਿਆ ਪਾਰਬ੍ਰਹਮੁ ਸੇ ਪੂਰੇ ਪਰਧਾਨ॥
ਤਿਨ ਕੀ ਸੋਭਾ ਨਿਰਮਲੀ ਪਰਗਟੁ ਭਈ ਜਹਾਨ॥
ਜਿਨੀ ਮੇਰਾ ਪ੍ਰਭੁ ਧਿਆਇਆ ਨਾਨਕ ਤਿਨ ਕੁਰਬਾਨ॥

ਹਮ ਬਦਿਲ ਯਾਦਿ ਖ਼ੁਦਾ ਵਾ ਬਰ ਜ਼ੁਬਾਂ
ਈਂ ਜ਼ੁਬਾਨਸ਼ ਦਿਲ ਸ਼ੁਦਾ ਦਿਲ ਸ਼ੁਦ ਜ਼ੁਬਾਂ ॥੩੪੪॥

ਉਲਥਾ : ਚਿੱਤ ਨਾਲ ਵੀ ਪ੍ਰਭੂ ਦਾ ਸਿਮਰਨ ਅਤੇ ਜ਼ੁਬਾਨ 'ਤੇ ਵੀ (ਸਿਮਰਨ) ਚਲਦਾ ਹੈ। ਉਸਦੀ ਇਹ ਰਸਨਾ ਰਿਦਾ, ਰਿਦਾ ਰਸਨਾ ਹੋ ਜਾਂਦਾ ਹੈ।

ਗੁਰਬਾਣੀ : ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ॥
ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ ਰਸਨ ਅੰਮ੍ਰਿਤ ਰਾਮ ਨਾਮ ਭਾਖਉ॥

ਵਾਸਿਲਾਨਿ ਹੱਕ ਚੁਨੀਂ ਫ਼ਰਮੂਦਾ ਅੰਦ
ਬੰਦਾਹਾ ਦਰ ਬੰਦਗੀ ਆਸੂਦਾ ਅੰਦ ॥੩੪੫॥

ਉਲਥਾ : ਪਰਮੇਸ਼ਰ ਨਾਲ ਇਕ-ਮਿਕ ਹੋਏ ਇਉਂ ਫ਼ਰਮਾਉਂਦੇ ਹਨ, ਸੇਵਕ ਤਾਂ ਸੇਵਾ-ਭਗਤੀ ਵਿਚ ਹੀ ਸੁਖੀ ਹੁੰਦੇ ਹਨ।

ਗੁਰਬਾਣੀ : ਸਿਮਰਤ ਨਾਮੁ ਕਿਲਬਿਖ ਸਭਿ ਨਾਸੇ॥
ਸਚੁ ਨਾਮੁ ਗੁਰਿ ਦੀਨੀ ਰਾਸੇ॥
ਪ੍ਰਭ ਕੀ ਦਰਗਹ ਸੋਭਾਵੰਤੇ॥
ਸੇਵਕ ਸੇਵਿ ਸਦਾ ਸੋਹੰਤੇ॥

ਸਾਹਿਬੀ ਬਾਸ਼ਦ ਮੁਸੱਲਮ ਸ਼ਾਹ ਰਾ
ਕੂਰਨਸ਼ਿ ਮਨ ਸਾਲਿਕਿ ਈਂ ਰਾਹ ਰਾ ॥੩੪੬॥

ਉਲਥਾ : ਮਾਲਕੀ ਤਾਂ ਸੰਪੂਰਨ ਸ਼ਹਿਨਸ਼ਾਹ ਦੀ ਹੈ, ਮੇਰੀ ਬੰਦਨਾ ਇਸ ਰਾਹ ਦੇ ਪਾਂਧੀ ਨੂੰ ਹੈ।

ਗੁਰਬਾਣੀ : ਤਿਸੁ ਚਰਣ ਪਖਾਲੀ ਜੋ ਤੇਰੈ ਮਾਰਗਿ ਚਾਲੈ ॥
ਨੈਨ ਨਿਹਾਲੀ ਤਿਸੁ ਪੁਰਖ ਦਇਆਲੈ ॥
ਮਨੁ ਦੇਵਾ ਤਿਸੁ ਅਪੁਨੇ ਸਾਜਨ ਜਿਨਿ ਗੁਰ ਮਿਲਿ ਸੋ ਪ੍ਰਭੁ ਲਾਧੇ ਜੀਉ ॥

ਸਾਲਿਕਿ ਈਂ ਰਾਹ ਬ-ਮੰਜ਼ਲ ਰਾਹ ਯਾਫ਼ਤ
ਹਾਸਿਲਿ ਉਮਰ ਵ ਦਿਲੇ ਆਗਾਹ ਯਾਫ਼ਤ ॥੩੪੭॥

ਉਲਥਾ : ਇਸ ਰਸਤੇ ਦੇ ਪਾਂਧੀ ਨੂੰ ਟਿਕਾਣੇ ਵੱਲ ਦਾ ਮਾਰਗ ਮਿਲ ਗਿਆ, ਜੀਵਨ ਦਾ ਲਾਭ ਅਤੇ ਹੋਸ਼-ਹਵਾਸ ਵਾਲਾ ਹਿਰਦਾ ਉਸ ਨੂੰ ਪ੍ਰਾਪਤ ਹੋ ਗਿਆ।

ਗੁਰਬਾਣੀ : ਸੋਇ ਸੁਣੰਦੜੀ ਮੇਰਾ ਤਨੁ ਮਨੁ ਮਉਲਾ ਨਾਮੁ ਜਪੰਦੜੀ ਲਾਲੀ ॥
ਪੰਧਿ ਜੁਲੰਦੜੀ ਮੇਰਾ ਅੰਦਰੁ ਠੰਢਾ ਗੁਰ ਦਰਸਨੁ ਦੇਖਿ ਨਿਹਾਲੀ ॥

ਬੰਦਾਹਾ ਰਾ ਬੰਦਗੀ ਦਰਕਾਰ ਹਸਤ
ਜਾਮਿ ਸ਼ੌਕਿ ਬੰਦਗੀ ਸਰਸ਼ਾਰ ਹਸਤ ॥੩੪੮॥

ਉਲਥਾ : ਬੰਦਿਆਂ ਨੂੰ ਬੰਦਗੀ ਬਹੁਤ ਲੋੜੀਂਦੀ ਹੈ, ਬੰਦਗੀ ਦੀ ਚਾਹ ਦਾ ਪਿਆਲਾ ਭਰਪੂਰ ਰਹਿੰਦਾ ਹੈ।

ਗੁਰਬਾਣੀ : ਜਉ ਤ ਸਭ ਸੁਖ ਇਤ ਉਤ ਤੁਮ ਬੰਛਵਹੁ
ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ ॥

ਸਾਹਿਬੀ ਜ਼ੇਬਦ ਖ਼ੁਦਾਇ ਪਾਕ ਰਾ
ਆਂ ਕਿ ਜ਼ੀਨਤ ਦਾਦ ਮੁਸ਼ਤਿ ਖ਼ਾਕ ਰਾ ॥੩੪੯॥

ਉਲਥਾ : ਪਾਤਿਸ਼ਾਹੀ ਪਾਵਨ ਪਰਮਾਤਮਾ ਨੂੰ ਹੀ ਪੁਗਦੀ ਹੈ, ਜਿਸ ਨੇ ਕਿ ਮਿੱਟੀ ਦੀ ਮੁੱਠ (ਮਨੁੱਖ) ਨੂੰ ਸਵਾਰ ਸ਼ਿੰਗਾਰ ਦਿੱਤਾ।

ਗੁਰਬਾਣੀ : ਪਾਤਿਸਾਹੁ ਛਤ੍ਰ ਸਿਰ ਸੋਊ ॥
ਨਾਨਕ ਦੂਸਰ ਅਵਰੁ ਨ ਕੋਊ ॥

ਅਥਵਾ : ਰਮਈਆ ਕੇ ਗੁਨ ਚੇਤਿ ਪਰਾਨੀ ॥
ਕਵਨ ਮੂਲ ਤੇ ਕਵਨ ਦ੍ਰਿਸਟਾਨੀ ॥
ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ ॥

ਸ਼ੌਕ ਅਜ਼ ਯਾਦਿ ਹੱਕਸ਼ ਮੁਮਤਾਜ਼ ਕਰਦ
ਸਰ-ਫਰਾਜ਼ੋ ਸਾਹਿਬਿ ਹਰ ਰਾਜ਼ ਕਰਦ ॥੩੫੦॥

ਉਲਥਾ : ਪ੍ਰਭੂ ਸਿਮਰਨ ਦੇ ਚਾਉ ਉਮਾਹ ਨੇ ਉਸ ਮਨੁੱਖ ਨੂੰ ਮਾਨਯੋਗ (ਪੂਜ) ਬਣਾ ਦਿੱਤਾ, ਪ੍ਰਤਿਸ਼ਠ ਅਤੇ ਹਰ ਭੇਤ ਦਾ ਜਾਣੂੰ ਕਰ ਦਿੱਤਾ।

ਗੁਰਬਾਣੀ : ਜਿਨੈ ਤੋਹਿ ਧਿਆਇਓ ਤਿਨੈ ਪੂਰਨ ਪ੍ਰਤਾਪ ਪਾਇਓ
ਸਰਬ ਧਨ ਧਾਮ ਫਲ ਫੂਲ ਸਉ ਫਲਤ ਹੈਂ। (ਪਾ: ੧੦)

ਮੁਸ਼ਤਿ ਖ਼ਾਕ ਅਜ਼ ਯਾਦਿ ਹੱਕ ਰੌਨਕ ਗ੍ਰਿਫ਼ਤ
ਬਸਕਿ ਦਰ ਦਿਲ ਸ਼ੌਕਿ ਯਾਦਿ ਹੱਕ ਗ੍ਰਿਫ਼ਤ ॥੩੫੧॥

ਉਲਥਾ : ਮਿੱਟੀ ਦੀ ਮੁੱਠੀ (ਮਨੁੱਖਾ ਦੇਹੀ) ਰੱਬੀ ਸਿਮਰਨ ਨਾਲ ਚਮਕ-ਦਮਕ ਉਠੀ, ਕਿਉਂ ਜੁ ਦਿਲ ਵਿਚ ਅਥਾਹ ਚਾਅ ਰੱਬੀ ਸਿਮਰਨ ਦਾ ਆਇ ਵਸਿਆ।

ਗੁਰਬਾਣੀ : ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ॥
ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ॥

ਐ ਜ਼ਹੇ ਕਾਦਰ ਕਿ ਅਜ਼ ਕਤਰਾਇ ਆਬ
ਖ਼ਾਕ ਰਾ ਰੌਸ਼ਨ ਕੁਨਦ ਚੂੰ ਆਫ਼ਤਾਬ ॥੩੫੨॥

ਉਲਥਾ : ਧੰਨ ਹੈ ਸਿਰਜਨਹਾਰ, ਜੋ ਕਿ ਪਾਣੀ ਦੀ ਬੂੰਦ ਤੋਂ ਬਣੀ ਮਿੱਟੀ ਨੂੰ ਸੂਰਜ ਵੱਤ ਰੌਸ਼ਨ ਕਰ ਦਿੰਦਾ ਹੈ।

ਗੁਰਬਾਣੀ : ਸੋਈ ਮਉਲਾ ਜਿਨਿ ਜਗੁ ਮਉਲਿਆ ਹਰਿਆ ਕੀਆ ਸੰਸਾਰੋ ॥
ਆਬ ਖਾਕੁ ਜਿਨਿ ਬੰਧਿ ਰਹਾਈ ਧੰਨੁ ਸਿਰਜਣਹਾਰੋ ॥

ਐ ਜ਼ਹੇ ਖ਼ਾਕੇ ਕਿ ਨੂਰ-ਅਫਰੋਜ਼ ਸ਼ੁਦ
ਈਂ ਸਆਦਤਹਾ ਨਸੀਬ ਅੰਦੋਜ਼ ਸ਼ੁਦ ॥੩੫੩॥

ਉਲਥਾ : ਓਏ ਵਾਹ ਵਾਹ ਹੈ ਉਹ ਮਿੱਟੀ, ਜੋ ਚਮਕ-ਦਮਕ ਰੌਸ਼ਨ-ਕਰਨਹਾਰ ਭਈ, ਅਜਿਹੀਆਂ ਨੇਕ-ਬਖ਼ਤੀਆਂ ਦੀ ਬਖ਼ਸ਼ਿਸ਼ ਜੁਟਾ ਗਈ।

ਗੁਰਬਾਣੀ : ਕਾਚੇ ਭਾਡੇ ਸਾਜਿ ਨਿਵਾਜੇ ਅੰਤਰਿ ਜੋਤਿ ਸਮਾਈ ॥
ਜੈਸਾ ਲਿਖਤੁ ਲਿਖਿਆ ਧੁਰਿ ਕਰਤੈ ਹਮ ਤੈਸੀ ਕਿਰਤਿ ਕਮਾਈ ॥

ਐ ਜ਼ਹੇ ਕੁਦਰਤ ਕਿ ਹੱਕ ਬਾਰ ਆਵੁਰਦ
ਮੁਸ਼ਤਿ ਖ਼ਾਕੀ ਰਾ ਬ-ਗੁਫ਼ਤਾਰ ਆਵੁਰਦ ॥੩੫੪॥

ਉਲਥਾ : ੳ ਬਲਹਾਰੇ (ਉਸ) ਕੁਦਰਤ ਤੋਂ ਜੋ ਪ੍ਰਭੂ-ਪ੍ਰਾਪਤੀ ਦਾ ਫਲ ਲਿਆਈ, ਮਿੱਟੀ ਦੀ ਮੁੱਠ (ਮਨੁੱਖੀ ਸਰੀਰ) ਨੂੰ ਬੋਲਣ-ਬਲ ਬਖ਼ਸ਼ਿਆ।

ਗੁਰਬਾਣੀ : ਜਾ ਕਾਰਣਿ ਇਹ ਦੁਲਭ ਦੇਹ ॥
ਸੋ ਬੋਲੁ ਮੇਰੇ ਪ੍ਰਭੂ ਦੇਹਿ ॥
ਸਾਧਸੰਗਤਿ ਮਹਿ ਇਹੁ ਬਿਸ੍ਰਾਮੁ ॥
ਸਦਾ ਰਿਦੈ ਜਪੀ ਪ੍ਰਭ ਤੇਰੋ ਨਾਮੁ ॥

ਹਾਸਿਲਿ ਈਂ ਜ਼ਿੰਦਗੀ ਯਾਦਿ ਖ਼ੁਦਾਸਤ
ਐ ਜ਼ਹੇ ਚਸ਼ਮੇ ਕਿ ਬਰ ਹੱਕ ਮੁਬਤਲਾਸਤ ॥੩੫੫॥

ਉਲਥਾ : ਇਸ ਜੀਵਨ ਦਾ ਲਾਭ ਪ੍ਰਭੂ ਦਾ ਸਿਮਰਨ ਹੀ ਹੈ, ੳ ਧੰਨ ਹੈ ਉਹ ਅੱਖ ਜੋ ਪਰਮੇਸ਼ਰ ਪੁਰ ਹੀ ਟਿਕੀ ਹੋਈ ਹੈ।

ਗੁਰਬਾਣੀ : ਅਸਮਾਨ ਮ੍ਹਿਨੇ ਲਹੰਗ ਦਰੀਆ ਗੁਸਲ ਕਰਦਨ ਬੂਦ ॥
ਕਰਿ ਫਕਰੁ ਦਾਇਮ ਲਾਇ ਚਸਮੇ ਜਹ ਤਹਾ ਮਉਜੂਦੁ ॥

ਐ ਜ਼ਹੇ ਦਿਲ ਕਿ ਅੰਦਰਸ਼ ਸ਼ੌਕਸ਼ ਬਵਦ
ਦਰ ਹਕੀਕਤ ਸਾਹਿਬਿ ਜ਼ੌਕਸ਼ ਬਵਦ ॥੩੫੬॥

ਉਲਥਾ : ੳ ਸੁਭਾਗਾ ਹੈ ਉਹ ਹਿਰਦਾ, ਜਿਸ ਦੇ ਅੰਦਰ ਉਸ (ਰੱਬ) ਦਾ ਚਾਉ ਹੈ। ਹਕੀਕਤ (ਅਸਲੀਅਤ) ਵਿਚ ਉਸ ਦੇ ਸਰੂਰ ਦਾ ਸਾਈਂ (ਧਾਰਨੀ) ਹੁੰਦਾ ਹੈ।

ਆਂ ਜ਼ਹੇ ਸਰ ਕੂ ਬਰਾਹਸ਼ ਦਰ ਸਜੂਦ
ਹਮ ਚੂ ਚੌਗਾਂ ਗੂਯਿ ਸ਼ੌਕਸ਼ ਦਰ ਰਬੂਦ ॥੩੫੭॥

ਉਲਥਾ : ਹੇ ਵੀਰ! ਧੰਨ ਹੈ ਉਹ ਸਿਰ ਜਿਸ ਨੇ ਉਸ ਦੇ ਰਾਹ 'ਤੇ ਸਿਜਦਾ (ਨਮਸਕਾਰ) ਕੀਤਾ। ਬੱਲੇ ਵਾਂਗ ਉਸ (ਪ੍ਰਭੂ) ਦੇ ਪ੍ਰੇਮ ਦੀ ਗੇਂਦ ਨੂੰ ਲੈ ਨਿਕਲਿਆ।

ਗੁਰਬਾਣੀ : ਸੋ ਸੀਸੁ ਭਲਾ ਪਵਿਤ੍ਰ ਪਾਵਨੁ ਹੈ ਮੇਰੀ ਜਿੰਦੁੜੀਏ
ਜੋ ਜਾਇ ਲਗੈ ਗੁਰ ਪੈਰੇ ਰਾਮ ॥

ਐ ਜ਼ਹੇ ਦਸਤੇ ਕਿ ਵਸਫਿ ਊ ਨਵਿਸ਼ਤ
ਐ ਜ਼ਹੇ ਪਾਏ ਕੂ ਦਰ ਕੂਇਸ਼ ਗੁਜ਼ਸ਼ਤ ॥੩੫੮॥

ਉਲਥਾ : ਉਹ ਹੱਥ ਧੰਨ, ਜਿਨ੍ਹਾਂ ਨੇ ਕਿ ਉਸ (ਪ੍ਰਭੂ) ਦੀ ਸਿਫ਼ਤਿ-ਸਾਲਾਹ ਲਿਖੀ, ਉਹ ਪੈਰ ਧੰਨ, ਜੋ ਉਸ ਦੇ ਕੂਚੇ ਵਿਚ ਵਿਚਰੇ।

ਗੁਰਬਾਣੀ : ਹਰਿ ਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ॥
ਚਰਨ ਪੁਨੀਤ ਪਵਿਤ੍ਰ ਚਾਲਹਿ ਪ੍ਰਭ ਪਥਾ॥

ਆਂ ਜ਼ਬਾਨੇ ਬਿਹ ਕਿ ਜ਼ਿਕਰਿ ਊ ਕੁਨਦ
ਖ਼ਾਤਰੇ ਆਂ ਬਿਹ ਕਿ ਫ਼ਿਕਰਿ ਊ ਕੁਨਦ ॥੩੫੯॥

ਉਲਥਾ : ਉਹ ਜੀਭਾਂ ਭਲੀ ਹੈ, ਜੋ ਉਸਦਾ ਜਾਪ ਕਰਦੀ ਹੈ, ਹਿਰਦਾ ਉਹੀ ਹੱਛਾ ਹੈ, ਜੋ ਉਸਦੀ ਸੋਚ ਵਿਚਾਰ ਕਰਦਾ ਹੈ।

ਗੁਰਬਾਣੀ : ਹਿਰਦੈ ਸਮ੍ਹਾਲੈ ਮੁਖਿ ਹਰਿ ਹਰਿ ਬੋਲੈ॥
ਸੋ ਜਨੁ ਇਤ ਉਤ ਕਤਹਿ ਨ ਡੋਲੈ॥

ਦਰ ਹਮਾ ਉਜ਼ਵੇ ਕਿ ਊ ਅੰਦਰ ਤਨ ਅਸਤ
ਸ਼ੌਕਿ ਊ ਅੰਦਰ ਸਰਿ ਮਰਦੋ ਜ਼ਨ ਅਸਤ ॥੩੬੦॥

ਉਲਥਾ : ਸਾਰੇ ਅੰਗਾਂ ਵਿਚ ਬਲਕਿ ਉਹ (ਸਮੁੱਚੇ) ਸਰੀਰ ਵਿਚ ਵੱਸਦਾ ਹੈ, ਉਸਦਾ ਪ੍ਰੇਮ ਹਰ ਨਰ ਨਾਰੀ ਦੇ ਸਿਰ 'ਚ ਸਮਾਇਆ ਹੈ।

ਗੁਰਬਾਣੀ : ਰੋਮ ਰੋਮ ਮਹਿ ਵਸਹਿ ਮੁਰਾਰਿ॥
ਅਥਵਾ : ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ॥

ਆਰਜ਼ੂਏ ਜੁਮਲਾ ਸੂਇ ਊ ਬਵਦ
ਸ਼ੌਕਿ ਊ ਆਗ਼ੁਸ਼ਤਾ ਦਰ ਹਰ ਮੂ ਬਵਦ ॥੩੬੧॥

ਉਲਥਾ : ਸਭ ਦੀਆਂ ਇੱਛਾਂ ਉਸੇ ਵੱਲ ਲਗੀਆਂ ਹਨ; ਉਸਦਾ ਸ਼ੌਕ ਹਰ ਰੋਮ ਵਿਚ ਘਰ ਕਰੀ ਬੈਠਾ ਹੈ।

ਗੁਰਬਾਣੀ : ਸਭੁ ਕੋ ਆਸੈ ਤੇਰੀ ਬੈਠਾ॥
ਘਟ ਘਟ ਅੰਤਰਿ ਤੂੰਹੈ ਵੁਠਾ॥

ਗਰ ਤੂ ਖ਼ਾਹੀ ਸਾਹਿਬਿ ਇਰਫ਼ਾਂ ਸ਼ਵੀ
ਜਾਂ ਬ-ਜਾਨਾਂ ਦਿਹ ਕਿ ਤਾ ਜਾਨਾਂ ਸ਼ਵੀ ॥੩੬੨॥

ਉਲਥਾ : ਜੇ ਤੂੰ ਚਾਹੁੰਦਾ ਹੈਂ ਕਿ ਗਿਆਨ-ਵਾਨ ਹੋ ਜਾਏਂ; ਪ੍ਰਾਣ-ਜਾਨ ਪ੍ਰੀਤਮ ਨੂੰ ਅਰਪ ਤਾਂ ਜੁ ਪ੍ਰੀਤਮ-ਰੂਪ ਹੋ ਜਾਏਂ।

ਗੁਰਬਾਣੀ : ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥੨੦੪॥

ਹਰ-ਚਿਹ ਦਾਰੀ ਕੁਨ ਹਮਾ ਕੁਰਬਾਨਿ ਊ
ਰੇਜ਼ਾ-ਚੀਨੀ ਕੁਨ ਦਮੇ ਅਜ਼ ਖ਼ਾਨਿ ਊ ॥੩੬੩॥

ਉਲਥਾ : ਜੋ ਕੁਝ ਤੂੰ ਰਖਦਾ ਹੈਂ, ਸਭ ਉਸ ਤੋਂ ਕੁਰਬਾਨ ਕਰ ਦੇ, ਉਸ ਦੇ ਦਸਤਰਖ਼ਾਨ ਤੋਂ ਖਿਨ ਭਰ ਭੋਰ-ਚੋਰ ਚੁਗ। (ਸੀਤ-ਪ੍ਰਸ਼ਾਦ ਛਕ)

ਗੁਰਬਾਣੀ : ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥
ਅਥਵਾ : ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥
ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ ॥

ਸ਼ੌਕਿ ਇਰ.ਫਾਨਸ਼ ਅਗਰ ਕਾਮਿਲ ਬਵਦ
ਗੌਹਰਿ ਮਕਸੂਦਿ ਤੂ ਹਾਸਿਲ ਸ਼ਵਦ ॥੩੬੪॥

ਉਲਥਾ : ਉਸ (ਪ੍ਰਭੂ) ਦੇ ਗਿਆਨ ਦਾ ਸ਼ੌਕ ਜੇ ਪੂਰਾ ਹੋਵੇ, ਤੇਰਾ ਮੰਤਵੀ ਮੋਤੀ ਪ੍ਰਾਪਤ ਹੋ ਜਾਏ।

ਗੁਰਬਾਣੀ : ਸਗਲ ਮਨੋਰਥ ਪਾਈਅਹਿ ਮੀਤਾ ॥
ਚਰਨ ਕਮਲ ਸਿਉ ਲਾਈਐ ਚੀਤਾ ॥

ਤੂ ਹਮ ਅਜ਼ ਈਂ ਉਮਰ ਯਾਬੀ ਬਹਿਰਾਇ
ਮਿਹਰਿ ਇਰ.ਫਾਨਸ਼ ਚੂ ਬਖ਼ਸ਼ਦ ਜ਼ੱਰਾਇ ॥੩੬੫॥

ਉਲਥਾ : ਤੂੰ ਭੀ ਇਸ ਜੀਵਨ ਤੋਂ ਲਾਭ ਲੈ ਲਵੇਂ, ਉਸਦੇ ਗਿਆਨ ਦਾ ਸੂਰਜ ਜਦ ਜ਼ਰਾ ਕੁ ਬਖ਼ਸ਼ਿਸ਼ ਕਰ ਦੇਵੇ।

ਗੁਰਬਾਣੀ : ਨਾਮ ਪਰਸੁ ਜਿਨਿ ਪਾਇਓ ਸਭੁ ਪ੍ਰਗਟਿਓ ਰਵਿ ਲੋਇ ॥
ਦਰਸਨਿ ਪਰਸਿਐ ਗੁਰੂ ਕੈ ਅਠਸਠਿ ਮਜਨੁ ਹੋਇ ॥

ਨਾਮਿ ਤੂ ਅੰਦਰ ਜਹਾਂ ਗਰਦਦ ਬੁਲੰਦ
ਸ਼ੌਕਿ ਇਰ.ਫਾਨਤ ਕੁਨਦ ਬਸ ਅਰਜਮੰਦ ॥੩੬੬॥

ਉਲਥਾ : ਤੇਰਾ ਨਾਂ ਸੰਸਾਰ ਵਿਚ ਉੱਚਾ ਹੋ ਜਾਏਗਾ, ਤੇਰੀ ਮਾਰਫ਼ਤ ਦੀ ਮੁਹੱਬਤ (ਤੈਨੂੰ) ਮਹਾਨ ਮਰਤਬੇ ਦਾ ਮਾਲਕ ਬਣਾ ਦੇਵੇਗੀ।

ਗੁਰਬਾਣੀ : ਜਾ ਕੈ ਰਿਦੈ ਵਸੈ ਭੈ ਭੰਜਨੁ ਤਿਸੁ ਜਾਨੈ ਸਗਲ ਜਹਾਨੁ ॥
ਅਥਵਾ : ਬ੍ਰਾਹਮਣੁ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰਿ ਆਸ੍ਰਮ
ਹਹਿ ਜੋ ਹਰਿ ਧਿਆਵੈ ਸੋ ਪਰਧਾਨੁ ॥
ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ
ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ ॥੩॥
ਓਹੁ ਸਭ ਤੇ ਊਚਾ ਸਭ ਤੇ ਸੂਚਾ ਜਾ ਕੈ ਹਿਰਦੈ ਵਸਿਆ ਭਗਵਾਨੁ ॥
ਜਨ ਨਾਨਕੁ ਤਿਸ ਕੇ ਚਰਨ ਪਖਾਲੈ
ਜੋ ਹਰਿ ਜਨੁ ਨੀਚੁ ਜਾਤਿ ਸੇਵਕਾਣੁ ॥੪॥

ਸ਼ੌਕਿ ਇਰ.ਫਾਨਿਸ਼ ਕਸੇ ਰਾ ਦਸਤ ਦਾਦ
ਕਜ਼ ਕਲੀਦਸ਼ ਕੁ.ਫਲਿ ਦਿਲਹਾ ਰਾ ਕੁਸ਼ਾਦ ॥੩੬੭॥

ਉਲਥਾ : ਉਸ (ਪ੍ਰਭੂ) ਦੇ ਗਿਆਨ ਦੇ ਪ੍ਰੇਮ ਨੇ ਜਿਸ ਦਾ ਸਾਥ ਦਿੱਤਾ, ਉਸ (ਪ੍ਰੇਮ ਰੂਪੀ) ਕੁੰਜੀ ਨਾਲ ਦਿਲਾਂ ਦੇ ਜਦਰੇ ਖੋਲ੍ਹ ਲੀਤੇ।
ਗੁਰਬਾਣੀ : ਜਾ ਕੋ ਪ੍ਰੇਮ ਸੁਆਉ ਹੈ ਚਰਨ ਚਿਤਵ ਮਨ ਮਾਹਿ ॥
ਨਾਨਕ ਬਿਰਹੀ ਬ੍ਰਹਮ ਕੇ ਆਨ ਨ ਕਤਹੂ ਜਾਹਿ ॥

ਕੁ.ਫਲ ਰਾ ਬਿਕੁਸ਼ਾ ਵਾ ਮਾਲਿ ਬੇਕਰਾਂ
ਦਰ ਕਫ਼ਿ ਖ਼ੁਦ ਆਰ ਅਜ਼ ਗੰਜਿ ਨਿਹਾਂ ॥੩੬੮॥

ਉਲਥਾ : ਤਾਲੇ ਨੂੰ ਖੋਲ੍ਹ ਅਤੇ ਬੇਅੰਤ ਧਨ ਨੂੰ, ਛੁਪੇ ਖ਼ਜ਼ਾਨੇ ਤੋਂ ਆਪਣੇ ਵਸ ਕਰ ਲੈ।
ਗੁਰਬਾਣੀ : ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ ॥
ਨਾਮ ਬਿਨਾ ਜਨਮੁ ਬਿਰਥਾ ਜਾਏ ॥

ਕਾਂਦਰਾਂ ਲਾਲੋ ਗੁਹਰ ਬਿਸੀਆਰ ਹਸਤ
ਅਜ਼ ਮਤਾਇ ਲੂਲੂਏ ਸ਼ਹਵਾਰ ਹਸਤ ॥੩੬੯॥

ਉਲਥਾ : ਉਸ (ਖ਼ਜ਼ਾਨੇ) ਦੇ ਅੰਦਰ ਬਹੁਤ ਲਾਲ ਅਤੇ ਮੋਤੀ ਹਨ, ਇਹ ਸ਼ਾਹਾਂ ਦੇ ਮੋਤੀਆਂ ਦੇ ਮਾਲ-ਮਤੇ ਯੋਗ ਹਨ।
ਗੁਰਬਾਣੀ : ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥

ਹਰ ਚਿਹ ਮੇਖ਼ਾਹੀ ਜ਼ਿ ਗੰਜਿ ਬੇਸ਼ੁਮਾਰ
ਆਇਦਤ ਦਰ ਦਸਤ ਐ ਆਲੀ ਤਬਾਰ ॥੩੭੦॥

ਉਲਥਾ : ਜੋ ਕੁਛ ਵੀ ਤੂੰ ਚਾਹੇਂਗਾ, ਇਸ ਭਰੇ ਭੰਡਾਰੇ ਤੋਂ, ਹੇ ਉੱਚ ਮਰਤਬੇ ਵਾਲੇ ਤੈਨੂੰ ਮਿਲ ਜਾਏਗਾ।

ਗੁਰਬਾਣੀ : ਦਾਤਾ ਭੁਗਤਾ ਦੇਨਹਾਰੁ ਤਿਸੁ ਬਿਨੁ ਅਵਰੁ ਨ ਜਾਇ ॥
ਜੋ ਚਾਹਹਿ ਸੋਈ ਮਿਲੈ ਨਾਨਕ ਹਰਿ ਗੁਨ ਗਾਇ.॥

ਪਸ ਬਖ਼ਾਨੀ ਸਾਹਿਬਾਨਿ ਸ਼ੌਕ ਰਾ
ਤਾ ਜ਼ਿ ਸ਼ਾਂ ਹਾਸਿਲ ਕੁਨੀ ਈਂ ਜ਼ੌਕ ਰਾ ॥੩੭੧॥

ਉਲਥਾ : ਤਾਂ ਤੇ ਤੂੰ ਬੁਲਾ ਚਾਉ ਦੇ ਸਾਈਆਂ ਨੂੰ, ਤਾਂ ਜੁ ਉਨ੍ਹਾਂ ਰਾਹੀਂ ਇਹ (ਨਾਮ) ਰਸ ਨੂੰ ਪ੍ਰਾਪਤ ਕਰ ਲਵੇਂ।

ਗੁਰਬਾਣੀ : ਆਉ ਜੀ ਤੂ ਆਉ ਹਮਾਰੈ ਹਰਿ ਜਸੁ ਸ੍ਰਵਨ ਸੁਨਾਵਨਾ ॥੧॥ਰਹਾਉ॥
ਤੁਧੁ ਆਵਤ ਮੇਰਾ ਮਨੁ ਤਨੁ ਹਰਿਆ ਹਰਿ ਜਸੁ ਤੁਮ ਸੰਗਿ ਗਾਵਨਾ ॥੧॥

ਜ਼ੌਕੋ ਸ਼ੌਕਿ ਹੱਕ ਗਰ ਬਾਸ਼ਦ ਤੁਰਾ
ਫ਼ੈਜ਼ਿ ਈਂ ਸੁਹਬਤ ਅਸਰ ਬਖ਼ਸ਼ਦ ਤੁਰਾ ॥੩੭੨॥

ਉਲਥਾ : ਨਾਮ ਰਸ ਅਤੇ ਪ੍ਰੇਮ ਜੇ ਤੈਨੂੰ ਲੋੜੀਂਦਾ ਹੈ, ਤਾਂ ਇਸ ਸੰਗਤ ਦੀ ਸਖਾਵਤ ਤੈਨੂੰ ਸੁਖਾ ਜਾਏਗੀ।

ਗੁਰਬਾਣੀ : ਜੇ ਲੋੜਹਿ ਸਦਾ ਸੁਖੁ ਭਾਈ ॥
ਸਾਧੂ ਸੰਗਤਿ ਗੁਰਹਿ ਬਤਾਈ ॥

ਗਰ ਚਿਹ ਦਰ ਦਿਲਹਾ ਨ-ਬਾਸ਼ਦ ਜੁਜ਼ ਖ਼ੁਦਾ
ਆਰਿਫ਼ਾਂ ਰਾ ਮੰਜ਼ਲੇ ਬਾਸ਼ਦ ਊਲਾ ॥੩੭੩॥

ਉਲਥਾ : ਭਾਵੇਂ (ਸਾਰੇ) ਦਿਲਾਂ ਵਿਚ ਰੱਬ ਤੋਂ ਬਿਨਾਂ ਹੋਰ ਨਹੀਂ ਹੁੰਦਾ, (ਪਰ) ਬਿਬੇਕੀਆਂ ਦਾ ਅਸਥਾਨ ਉੱਚਾ ਹੈ।

ਗੁਰਬਾਣੀ : ਸਭ ਜੀਅ ਤੇਰੇ ਦਇਆਲਾ ॥
ਅਪਨੇ ਭਗਤ ਕਰਹਿ ਪ੍ਰਤਿਪਾਲਾ ॥

ਗ਼ੈਰ ਆਰਿਫ਼ ਵਾਕਿਫ਼ਿ ਈਂ ਹਾਲ ਨੇਸਤ
ਆਰਿਫ਼ਾਂ ਰਾ ਗ਼ੈਰ ਜ਼ਿਕਰਸ਼ ਕਾਲ ਨੇਸਤ ॥੩੭੪॥

ਉਲਥਾ : ਬਿਬੇਕੀ ਬਿਨਾਂ ਇਸ ਹਾਲ ਦਾ ਹੋਰ ਕੋਈ ਜਾਣੂੰ ਨਹੀਂ, ਬਿਬੇਕੀਆਂ ਦਾ, ਬਿਨਾਂ ਉਸ ਦੇ ਸਿਮਰਨ ਦੇ (ਕੋਈ) ਬੋਲ ਨਹੀਂ ਹੁੰਦਾ।

ਗੁਰਬਾਣੀ : ਬਾਬਾ ਬੋਲਨਾ ਕਿਆ ਕਹੀਐ ॥
ਜੈਸੇ ਰਾਮ ਨਾਮ ਰਵਿ ਰਹੀਐ ॥

ਬਾਦਸ਼ਾਹਾਂ ਸਲਤਨਤ ਬਿ-ਗੁਜ਼ਾਸ਼ਤੰਦ
ਚੂੰ ਗਦਾਯਾਂ ਕੂ ਬ ਕੂ ਬਿਸ਼ਤਾਫ਼ਤੰਦ ॥੩੭੫॥

ਉਲਥਾ : ਬਾਦਸ਼ਾਹਾਂ ਨੇ ਆਪਣੇ ਰਾਜ-ਭਾਗ ਤਿਆਗ ਦਿੱਤੇ, ਭਿਖਾਰੀਆਂ ਵਾਂਗ ਗਲੀਓਂ ਗਲੀ ਭਜੇ ਫਿਰੇ।

ਗੁਰਬਾਣੀ : ਰੋਵਹਿ ਰਾਜੇ ਕੰਨ ਪੜਾਇ ॥
ਘਰਿ ਘਰਿ ਮਾਗਹਿ ਭੀਖਿਆ ਜਾਇ ॥

ਹਰ ਚਿ ਸ਼ਾਂ ਅੰਦਰ ਖ਼ਿਲਾਫ਼ਤ ਦਾਸ਼ਤੰਦ
ਜੁਮਲਾ ਰਾ ਯੱਕ ਬਾਰਗੀ ਬਿਗੁਜ਼ਾਸ਼ਤੰਦ ॥੩੭੬॥

ਉਲਥਾ : ਜੋ ਕੁਝ ਉਹ ਬਾਦਸ਼ਾਹੀ ਅੰਦਰ ਰਖਦੇ ਸਨ, ਸਭ ਕੁਝ ਨੂੰ ਯਕਦਮ ਤਿਆਗ ਦਿੱਤਾ।

ਗੁਰਬਾਣੀ : ਤਜੈ ਗਿਰਸਤੁ ਭਇਆ ਬਨ ਵਾਸੀ ਇਕੁ ਖਿਨੁ ਮਨੂਆ ਟਿਕੈ ਨ ਟਿਕਈਆ ॥
ਧਾਵਤੁ ਧਾਇ ਤਦੇ ਘਰਿ ਆਵੈ ਹਰਿ ਹਰਿ ਸਾਧੂ ਸਰਣਿ ਪਵਈਆ ॥

ਅਜ਼ ਬਰਾਇ ਆਂ ਕਿ ਯਾਦਿ ਊ ਕੁਨੰਦ
ਅਜ਼ ਮੁਕਾਫ਼ਾਤਿ ਦੋ ਆਲਮ ਵਾ ਰਹੰਦ ॥੩੭੭॥

ਉਲਥਾ : ਉਹ ਇਸ ਵਾਸਤੇ ਕਿ ਉਸ (ਰੱਬ) ਦੀ ਯਾਦ ਕਰ ਸਕਣ, ਦੋਹਾਂ ਜਹਾਨਾਂ ਦੇ ਬਦਲੇ (ਤਿਆਗ) ਤੋਂ ਮਗਰੋਂ ਮੁਕਤ ਹੋ ਜਾਣ।

ਗੁਰਬਾਣੀ : ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ ॥
ਪੀਰ ਪੇਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ ॥

ਅਜ਼ ਬਰਾਇ ਆਂ ਕਿ ਹੱਕ ਹਾਸਿਲ ਕੁਨੰਦ
ਪੈਰਵੀਇ ਆਰਿਫ਼ਿ ਕਾਮਿਲ ਕੁਨੰਦ ॥੩੭੮॥

ਉਲਥਾ : ਉਹ ਇਸ ਲਈ ਕਿ (ਰੱਬ) ਸੱਚ ਪ੍ਰਾਪਤ ਕਰ ਲੈਣ, ਪੂਰਨ ਗਿਆਨਵਾਨ ਦੀ ਪੈਰਵੀ ਕਰ ਸਕਣ।

ਗੁਰਬਾਣੀ : ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥

ਵਾਕਫ਼ਿ ਈਂ ਰਾਹ ਅਗਰ ਦਸਤ ਆਮਦੇ
ਮਕਸਦਸ਼ ਦਰ ਸਲਤਨਤ ਦਸਤ ਆਮਦੇ ॥੩੭੯॥

ਉਲਥਾ : (ਪਰੰਤੂ) ਇਸ ਮਾਰਗ ਦਾ ਜਾਣੂੰ ਜੇ ਉਨ੍ਹਾਂ ਨੂੰ ਮਿਲ ਜਾਂਦਾ, ਉਨ੍ਹਾਂ ਦਾ ਮਨੋਰਥ ਰਾਜ ਵਿਚ (ਰਹਿੰਦਿਆਂ) ਪੂਰਾ ਹੋ ਜਾਂਦਾ।

ਗੁਰਬਾਣੀ : ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥

ਜੁਮਲਾ ਲਸ਼ਕਰ ਤਾਲਿਬਾਨਿ ਹੱਕ ਸ਼ੁਦੇ
ਦਰ ਹਕੀਕਤ ਆਰਿਫ਼ਿ ਮੁਤਲਿਕ ਸ਼ੁਦੇ ॥੩੮੦॥

ਉਲਥਾ : (ਉਨ੍ਹਾਂ ਦੇ) ਸਾਰੇ ਸੈਨਿਕ ਸੱਚ (ਨਾਮ) ਦੇ ਅਭਿਲਾਸ਼ੀ ਹੋ ਜਾਂਦੇ, ਸਹੀ ਅਰਥਾਂ ਵਿਚ ਪੂਰਨ ਪ੍ਰਭੂ ਦੇ ਗਿਆਨਵਾਨ ਹੋ ਜਾਂਦੇ।

ਗੁਰਬਾਣੀ : ਸਫਲੁ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ ॥
ਸਗਲ ਸਮੂਹ ਲੈ ਉਧਰੇ ਨਾਨਕ ਪੂਰਨ ਬ੍ਰਹਮੁ ਪਛਾਤਾ ॥

ਸਾਲਿਕਿ ਈਂ ਰਾਹ ਅਗਰ ਦਰਯਾਫ਼ਤੇ
ਦਿਲ ਅਜ਼ੀਂ ਸ਼ਾਹੀ ਕੁਜਾ ਬਰਤਾਫ਼ਤੇ ॥੩੮੧॥

ਉਲਥਾ : ਪਰਮਾਰਥ ਦੇ ਰਾਹ ਦਾ ਪਾਂਧੀ ਜੇ ਮਿਲ ਜਾਂਦਾ, (ਉਨ੍ਹਾਂ ਦੇ) ਮਨ ਇਸ ਪਾਤਸ਼ਾਹੀ ਤੋਂ ਕਿਉਂ ਮੂੰਹ ਮੋੜਦੇ ?

ਗੁਰਬਾਣੀ : ਰਾਜ ਲੀਲਾ ਤੇਰੈ ਨਾਮਿ ਬਨਾਈ ॥
ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥

ਅਥਵਾ : ਸਤਿਗੁਰ ਕੀ ਐਸੀ ਵਡਿਆਈ ॥
ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥

ਤੁਖ਼ਮਿ ਹੱਕ ਦਰ ਮਜ਼ਰਾਇ ਦਿਲ ਕਾਸ਼ਤੇ
ਤਾ ਗ਼ੁਬਾਰਿ ਦਿਲ ਜ਼ਿ ਦਿਲ ਬਰਦਾਸ਼ਤੇ ॥੩੮੨॥

ਉਲਥਾ : ਸੱਚ (ਨਾਮ) ਦਾ ਬੀਜ ਹਿਰਦੇ ਦੇ ਖੇਤ ਵਿਚ ਬੋ ਲੈਂਦੇ, ਤਾਂ ਜੁ ਮਨ ਦੀ ਮੈਲ ਮਨ ਤੋਂ ਉਠਾ ਲੈਂਦੇ।

ਗੁਰਬਾਣੀ : ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥
ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥

ਬਰ ਸਰਿ ਤਖ਼ਤੋ ਨਗੀਂ ਕਾਇਮ ਬੁਦੇ
ਜ਼ਿਕਰਿ ਮੌਲਾ ਗਰ ਬਦਿਲ ਦਾਇਮ ਸ਼ੁਦੇ ॥੩੯੩॥

ਉਲਥਾ : (ਉਹ) ਸਿੰਘਾਸਣ ਅਤੇ ਸੰਪਦਾ (ਜਵਾਹਰ, ਨਗੀਨਿਆਂ) ਦੇ ਸਿਰ 'ਤੇ ਟਿਕੇ ਹੀ ਰਹਿੰਦੇ, ਸਾਈਂ ਦਾ ਸਿਮਰਨ ਜੇ ਸੁਚੇਤ ਹੋ ਕੇ (ਬ-ਦਿਲ) ਸਦੀਵੀ ਕਰ ਲੈਂਦੇ।

ਗੁਰਬਾਣੀ : ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ
ਤਿਨੀ ਵਿਚੇ ਮਾਇਆ ਪਾਇਆ ॥

ਅਥਵਾ : ਭਗਤ ਜਨਾ ਕੰਉ ਆਪਿ ਤੁਠਾ ਮੇਰਾ ਪਿਆਰਾ ਆਪੇ ਲਇਅਨੁ ਜਨ ਲਾਇ ॥
ਪਾਤਿਸਾਹੀ ਭਗਤ ਜਨਾ ਕਉ ਦਿਤੀਅਨੁ ਸਿਰਿ ਛਤੁ ਸਚਾ ਹਰਿ ਬਣਾਇ ॥
ਸਦਾ ਸੁਖੀਏ ਨਿਰਮਲੇ ਸਤਿਗੁਰ ਕੀ ਕਾਰ ਕਮਾਇ ॥
ਰਾਜੇ ਓਇ ਨ ਆਖੀਅਹਿ ਭਿੜਿ ਮਰਹਿ ਫਿਰਿ ਜੂਨੀ ਪਾਹਿ ॥
ਨਾਨਕ ਵਿਣੁ ਨਾਵੈ ਨਕੀਂ ਵਢੀਂ ਫਿਰਹਿ ਸੋਭਾ ਮੂਲਿ ਨ ਪਾਹਿ ॥

ਬੂਇ ਹੱਕ ਆਮਦੇ ਅਜ਼ ਹਰ ਮੂਇ ਸ਼ਾਂ
ਜ਼ਿੰਦਾ ਸ਼ੁਦੇ ਹਰ ਕਸੇ ਅਜ਼ ਬੂਇ ਸ਼ਾਂ ॥੩੯੪॥

ਉਲਥਾ : ਉਨ੍ਹਾਂ ਦੇ ਹਰ ਰੋਮ ਵਿੱਚੋਂ ਸੱਚ (ਨਾਮ) ਦੀ ਸੁਗੰਧੀ ਆਉਂਦੀ, ਹਰ ਪ੍ਰਾਣੀ ਉਨ੍ਹਾਂ ਦੀ ਸੁਗੰਧੀ ਤੋਂ ਜੀ ਉਠਦਾ।

ਗੁਰਬਾਣੀ : ਧੂਰਿ ਭਗਤਨ ਕੀ ਮਨਿ ਤਨਿ ਲਗਉ
ਹਰਿ ਜੀਉ ਸਭ ਪਤਿਤ ਪੁਨੀਤਾ ਰਾਮ ॥

ਨਾਮਿ ਹੱਕ ਬੇਰੂੰ ਨ ਬੂਦ ਅਜ਼ ਜਿਸਮਿ ਸ਼ਾਂ
ਮੁਰਸ਼ਦਿ ਕਾਮਿਲ ਅਗਰ ਦਾਦੇ ਨਿਸ਼ਾਂ ॥੩੯੫॥

ਉਲਥਾ : ਰੱਬ ਦਾ ਨਾਂ ਉਨ੍ਹਾਂ (ਬਾਦਸ਼ਾਹਾਂ) ਦੇ ਸਰੀਰ ਤੋਂ ਬਾਹਰ ਨਹੀਂ ਸੀ, (ਪਰ) ਪੂਰਾ ਗੁਰੂ ਜੇ (ਉਨ੍ਹਾਂ ਨੂੰ) ਪਤਾ ਦੇ ਦਿੰਦਾ।

ਗੁਰਬਾਣੀ : ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥
ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥

ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥
ਗੁਰਮੁਖਿ ਵਿਰਲੇ ਸੋਝੀ ਪਈ ਤਿਨਾ ਅੰਦਰਿ ਬ੍ਰਹਮੁ ਦਿਖਾਇਆ ॥

ਆਬਿ ਹੈਵਾਂ ਅੰਦਰੂਨਿ ਖ਼ਾਨਾ ਹਸਤ
ਲੇਕ ਬੇ-ਹਾਦੀ ਜਹਾਂ ਬੇਗਾਨਾ ਹਸਤ ॥੩੯੬॥

ਉਲਥਾ : ਜੀਵਨ-ਜਲ (ਅੰਮ੍ਰਿਤ) ਘਰ ਵਿਚ ਹੈ, ਪਰੰਤੂ ਨਿਗੁਰਾ ਸੰਸਾਰ ਅਨਜਾਣ ਹੈ।

ਗੁਰਬਾਣੀ : ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥
ਅਥਵਾ : ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥

ਚੂੰ ਜ਼ਿ ਸ਼ਹਰਗ ਹਸਤ ਸ਼ਾਹ ਨਜ਼ਦੀਕ ਤਰ
ਚੂੰ ਬ-ਸਹਿਰਾ ਮੇ-ਰਵੀ ਐ ਬੇ-ਖ਼ਬਰ ॥੩੯੭॥

ਉਲਥਾ : ਜਦ ਸ਼ਹਿਨਸ਼ਾਹ ਸਾਹ ਰਗ ਤੋਂ ਵੀ ਨੇੜੇ ਹੈ, ਤੂੰ ਕਿਸ ਲਈ ਹੇ ਅਨਜਾਣ! ਵੀਰਾਨੇ (ਬਨ) ਵਿਚ ਜਾ ਰਿਹਾ ਹੈਂ।

ਗੁਰਬਾਣੀ : ਕਾਹੇ ਰੇ ਬਨ ਖੋਜਨ ਜਾਈ ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥

ਵਾਕਿਫ਼ਿ ਈਂ ਰਾਹ ਚੂ ਗਰਦਦ ਰਾਹਨੁਮਾ
ਖ਼ਲਵਤੇ ਦਰ ਅੰਜੁਮਨ ਬਾਸ਼ਦ ਤੁਰਾ ॥੩੯੮॥

ਉਲਥਾ : ਇਸ ਰਾਹ ਦਾ ਜਾਣੂ ਜੇ ਆਗੂ ਬਣ ਜਾਏ, ਇਕੱਠ (ਭੀੜ) ਵਿਚ ਵੀ ਤੈਨੂੰ ਇਕਾਂਤ ਬਣੀ ਰਹੇ।

ਗੁਰਬਾਣੀ : ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥
ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥
ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥

ਆਰਿਫ਼ਿ ਕਾਮਿਲ ਤੁਰਾ ਕਾਮਿਲ ਕੁਨਦ
ਹਰ ਚਿਹ ਮੇ-ਖ਼ਾਹੀ ਤੁਰਾ ਹਾਸਿਲ ਕੁਨਦ ॥੩੯੯॥

ਉਲਥਾ : ਪੂਰਨ ਗਿਆਨਵਾਨ ਹੀ ਤੈਨੂੰ ਪੂਰਨ ਬਣਾ ਸਕਦਾ ਹੈ, ਜੋ ਕੁਝ ਵੀ ਤੂੰ ਚਾਹੇਂ ਤੈਨੂੰ ਪ੍ਰਾਪਤ ਕਰਾ ਸਕਦਾ ਹੈ।

ਗੁਰਬਾਣੀ : ਪੂਰਾ ਗੁਰੁ ਪੂਰੀ ਬਣਤ ਬਣਾਈ ॥
ਨਾਨਕ ਭਗਤ ਮਿਲੀ ਵਡਿਆਈ ॥

ਰਾਸਤੀ ਈਂਸਤ ਰਾਹਿ ਹੱਕ ਬਗੀਰ
ਤਾ ਤੂ ਹਮ ਗਰਦੀ ਚੂ ਖ਼ੁਰਸ਼ੀਦਿ ਮੁਨੀਰ ॥੩੯੦॥

ਉਲਥਾ : ਸੱਚੀ ਸਿਖਸ਼ਾ ਇਹ ਹੈ (ਕਿ) ਰੱਬ ਦਾ ਰਾਹ ਫੜ, ਤਾਂ ਜੁ ਤੂੰ ਵੀ ਰੌਸ਼ਨ ਮਾਰਤੰਡ (ਸੂਰਜ) ਵਾਂਗ ਹੋ ਜਾਏਂ।

ਗੁਰਬਾਣੀ : ਚਰਨ ਚਲਉ ਮਾਰਗਿ ਗੋਬਿੰਦ ॥
ਮਿਟਹਿ ਪਾਪ ਜਪੀਐ ਹਰਿ ਬਿੰਦ ॥
ਕਰ ਹਰਿ ਕਰਮ ਸ੍ਰਵਨਿ ਹਰਿ ਕਥਾ ॥
ਹਰਿ ਦਰਗਹ ਨਾਨਕ ਊਜਲ ਮਥਾ ॥

ਅਥਵਾ : ਪ੍ਰਗਟੇ ਗੁਪਾਲ ਮਹਾਂਤ ਕੈ ਮਾਥੇ ॥
ਨਾਨਕ ਉਧਰੇ ਤਿਨ ਕੈ ਸਾਥੇ ॥

ਹਕ ਦਰੂਨਿ ਦਿਲ ਕਿ ਦਿਲਦਾਰੀ ਕੁਨਦ
ਮੁਰਸ਼ਦਿ ਕਾਮਿਲ ਤੁਰਾ ਯਾਰੀ ਕੁਨਦ ॥੩੯੧॥

ਉਲਥਾ : (ਜਦੋਂ) ਪੂਰਾ ਸਤਿਗੁਰੂ ਤੇਰੀ ਸਹਾਇਤਾ ਕਰਦਾ ਹੈ, ਰੱਬ ਦਿਲ ਵਿਚ ਹੀ ਹੈ, ਜੋ ਕਿ ਦਿਲਾਸਾ ਦੇਣ ਲੱਗ ਪੈਂਦਾ ਹੈ।

ਗੁਰਬਾਣੀ : ਬਾਪਿ ਦਿਲਾਸਾ ਮੇਰੋ ਕੀਨ੍ਾ ॥
ਸੇਜ ਸੁਖਾਲੀ ਮੁਖਿ ਅੰਮ੍ਰਿਤੁ ਦੀਨ੍ਾ ॥...
ਪਿਤਾ ਹਮਾਰੋ ਵਡ ਗੋਸਾਈ ॥
ਤਿਸੁ ਪਿਤਾ ਪਹਿ ਹਉ ਕਿਉ ਕਰਿ ਜਾਈ ॥
ਸਤਿਗੁਰ ਮਿਲੇ ਤ ਮਾਰਗੁ ਦਿਖਾਇਆ ॥
ਜਗਤ ਪਿਤਾ ਮੇਰੈ ਮਨਿ ਭਾਇਆ ॥

ਵਾਕਫ਼ਿ ਈਂ ਰਾਹ ਅਗਰ ਆਰੀ ਬਦਸਤ
ਅੰਦਰੂੰ ਯਾਬੀ ਮਤਾਇ ਹਰ ਚਿਹ ਹਸਤ ॥੩੯੨॥

ਉਲਥਾ : ਇਸ ਰਸਤੇ ਦਾ ਜਾਣੂ (ਗੁਰੂ) ਜੇ ਤੂੰ ਪਾ ਲਵੇਂ, (ਪਾਉਣ ਜੋਗ) ਪੂੰਜੀ ਜੋ ਵੀ ਹੈ, ਤੂੰ ਅੰਦਰੋਂ ਪਾ ਲਵੇਂ।

ਗੁਰਬਾਣੀ : ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ॥
ਅਨਭਉ ਅਚਰਜ ਰੂਪੁ ਪ੍ਰਭ ਪੇਖਿਆ ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ॥
ਮਾਨਕੁ ਪਾਇਓ ਰੇ ਪਾਇਓ ਹਰਿ ਪੂਰਾ ਪਾਇਆ ਥਾ॥
ਮੋਲਿ ਅਮੋਲੁ ਨ ਪਾਇਆ ਜਾਈ ਕਰਿ ਕਿਰਪਾ ਗੁਰੂ ਦਿਵਾਇਆ ਥਾ॥

ਮੁਰਸ਼ਦਿ ਕਾਮਿਲ ਕਸੇ ਰਾ ਦਸਤ ਦਾਦ
ਤਾਜਿ ਇਰਫ਼ਾਂ ਰਾ ਬ-ਫ਼ਰਕਿ ਊ ਨਿਹਾਦ॥੩੯੩॥

ਉਲਥਾ : ਪੂਰਨ ਸਤਿਗੁਰੂ ਜਿਸ ਪੁਰਖ ਨੂੰ ਸਹਾਈ ਹੋਏ; ਗਿਆਨ ਦੇ ਮੁਕਟ ਨੂੰ ਉਸ ਦੇ ਸੀਸ 'ਤੇ ਸਜਾ ਦਿੱਤਾ।

ਗੁਰਬਾਣੀ : ਐਸਾ ਪੂਰਾ ਗੁਰਦੇਉ ਸਹਾਈ॥
ਜਾ ਕਾ ਸਿਮਰਨੁ ਬਿਰਥਾ ਨ ਜਾਈ॥

ਅਥਵਾ : ਗੁਝੜਾ ਲਧਮੁ ਲਾਲੁ ਮਥੈ ਹੀ ਪਰਗਟੁ ਥਿਆ॥
ਸੋਈ ਸੁਹਾਵਾ ਥਾਨੁ ਜਿਥੈ ਪਿਰੀਏ ਨਾਨਕ ਜੀ ਤੂ ਵੁਠਿਆ॥

ਮਹਰਮਿ ਹੱਕ ਮੁਰਸ਼ਦਿ ਕਾਮਿਲ ਕੁਨਦ
ਦੌਲਤਿ ਜਾਵੇਦ ਰਾ ਹਾਸਿਲ ਕੁਨਦ॥੩੯੪॥

ਉਲਥਾ : ਰੱਬ ਦਾ ਭੇਤੀ ਪੂਰਾ ਸਤਿਗੁਰੂ ਬਣਾ ਦਿੰਦਾ ਹੈ, ਸਦੀਵੀ ਧਨ ਦੀ ਪ੍ਰਾਪਤੀ (ਉਹੋ) ਕਰਵਾਉਂਦਾ ਹੈ।

ਗੁਰਬਾਣੀ : ਬਾਰ ਬਾਰ ਹਰਿ ਕੇ ਗੁਨ ਗਾਵਉ॥
ਗੁਰ ਗਮਿ ਭੇਦੁ ਸੁ ਹਰਿ ਕਾ ਪਾਵਉ॥

ਹਰ ਦੋ ਆਲਮ ਬੰਦਾਇ ਇਹਸਾਨਿ ਊ
ਈਂ ਜਹਾਨੋ ਆਂ ਜਹਾਂ ਕੁਰਬਾਨਿ ਊ॥੩੯੫॥

ਉਲਥਾ : ਦੋਵੇਂ ਜਹਾਨ ਉਸ (ਗੁਰੂ) ਦੇ ਉਪਕਾਰ ਦੇ ਬੱਧੇ ਹਨ, ਇਹ ਜਹਾਨ ਅਤੇ ਅਗਲਾ ਜਹਾਨ ਉਸ ਤੋਂ ਕੁਰਬਾਨ ਜਾਂਦੇ ਹਨ।

ਗੁਰਬਾਣੀ : ਸੋ ਐਸਾ ਹਰਿ ਸਭਨਾ ਕਾ ਪ੍ਰਭੁ ਸਤਿਗੁਰ ਕੈ ਵਲਿ ਹੈ
ਤਿਨਿ ਸਭਿ ਵਰਨ ਚਾਰੇ ਖਾਣੀ ਸਭ ਸ੍ਰਿਸਟਿ ਗੋਲੇ ਕਰਿ
ਸਤਿਗੁਰ ਅਗੈ ਕਾਰ ਕਮਾਵਣ ਕਉ ਦੀਏ॥

ਮਾਅਨੀਇ ਇਹਸਾਨ ਇਰਫ਼ਾਨਿ ਖ਼ੁਦਾਸਤ
ਆਰਿਫ਼ਾਂ ਰਾ ਦੌਲਤਿ ਖੁਸ਼ ਰੂ ਨੁਮਾਸਤ ॥੩੯੬॥

ਉਲਥਾ : ਉਪਕਾਰ ਦਾ ਭਾਵ ਰੱਬੀ-ਗਿਆਨ ਹੈ; ਗਿਆਨਵਾਨਾਂ ਨੂੰ ਸ੍ਰੇਸ਼ਟ ਸੰਪਦਾ ਪ੍ਰਾਪਤ ਹੁੰਦੀ ਹੈ।

ਗੁਰਬਾਣੀ : ਹਰਿ ਨਾਮੁ ਦੀਆ ਗੁਰਿ ਪਰਉਪਕਾਰੀ
ਧਨੁ ਧੰਨੁ ਗੁਰੂ ਕਾ ਪਿਤਾ ਮਾਤਾ ॥
ਹੰਉ ਸਤਿਗੁਰ ਅਪੁਣੇ ਕੰਉ ਸਦਾ ਨਮਸਕਾਰੀ
ਜਿਤੁ ਮਿਲਿਐ ਹਰਿ ਨਾਮੁ ਮੈ ਜਾਤਾ ॥

ਤਾ ਖ਼ੁਦਾਇ ਖ਼ੇਸ਼ਤਨ ਬਿਸ਼ਿਨਾਖ਼ਤਸ਼
ਨਕਦਿ ਉਮਰਿ ਜਾਵਿਦਾਂ ਦਰਯਾਫ਼ਤਸ਼ ॥੩੯੭॥

ਉਲਥਾ : ਜਦ ਕਿਸੇ ਨੇ ਆਪਣਾ ਸਾਈਂ ਸਿਞਾਣ ਲਿਆ, (ਉਦੋਂ) ਸਦੀਵੀ ਜੀਵਨ ਦੀ ਪੂੰਜੀ ਉਸ ਨੇ ਪਾ ਲੀਤੀ।

ਗੁਰਬਾਣੀ : ਗੋਸਾਈ ਮਿਹੰਡਾ ਇਠੜਾ ॥
ਅੰਮ ਅਬੇ ਥਾਵਹੁ ਮਿਠੜਾ ॥
ਭੈਣ ਭਾਈ ਸਭਿ ਸਜਣਾ ਤੁਧੁ ਜੇਹਾ ਨਾਹੀ ਕੋਇ ਜੀਉ ॥
ਤੇਰੈ ਹੁਕਮੇ ਸਾਵਣੁ ਆਇਆ ॥
ਮੈ ਸਤ ਕਾ ਹਲੁ ਜੋਆਇਆ ॥
ਨਾਉ ਬੀਜਣ ਲਗਾ ਆਸ ਕਰਿ ਹਰਿ ਬੋਹਲ ਬਖਸ ਜਮਾਇ ਜੀਉ ॥
ਹਉ ਗੁਰ ਮਿਲਿ ਇਕੁ ਪਛਾਣਦਾ ॥
ਦੁਯਾ ਕਾਗਲੁ ਚਿਤਿ ਨ ਜਾਣਦਾ ॥
ਹਰਿ ਇਕਤੈ ਕਾਰੈ ਲਾਇਓਨੁ ਜਿਉ ਭਾਵੈ ਤਿਵੈ ਨਿਬਾਹਿ ਜੀਉ ॥

ਊ ਦਰੂਨਿ ਦਿਲ ਤੂ ਬੇਰੂੰ ਮੇ-ਰਵੀ
ਊ ਬਖ਼ਾਨਾ ਤੂ ਬਹੱਜ ਚੂੰ ਮੇ-ਰਵੀ ॥੩੯੮॥

ਉਲਥਾ : ਉਹ ਤਾਂ ਹਿਰਦੇ ਵਿਚ ਹੈ, ਤੂੰ ਬਾਹਰ ਜਾਂਦਾ ਹੈ, ਉਹ ਤਾਂ ਘਰ ਵਿਚ ਹੈ, ਤੂੰ ਹੱਜ (ਮੱਕੇ ਦੀ ਯਾਤਰਾ) ਕਿਸ ਲਈ ਜਾਂਦਾ ਹੈ?

ਗੁਰਬਾਣੀ : ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥

ਅਥਵਾ : ਤੀਰਥਿ ਭਰਮਸਿ ਬਿਆਧਿ ਨ ਜਾਵੈ ॥
ਨਾਮ ਬਿਨਾ ਕੈਸੇ ਸੁਖੁ ਪਾਵੈ ॥

ਊਸਤ ਅਜ਼ ਹਰ ਮੂਇ ਤੂ ਚੂੰ ਆਸ਼ਕਾਰ
ਤੂ ਕੁਜਾ ਬੇਰੂੰ ਰਵੀ ਬਹਿਰਿ ਸ਼ਿਕਾਰ ॥੩੯੯॥

ਉਲਥਾ : ਉਹ ਤਾਂ ਤੇਰੇ ਰੋਮ ਰੋਮ ਤੋਂ ਜਦ ਪ੍ਰਗਟ ਹੋ ਰਿਹਾ ਹੈ, ਤੂੰ ਸ਼ਿਕਾਰ ਲਈ ਭਾਵ ਉਸ ਨੂੰ ਪਾਉਣ ਲਈ ਬਾਹਰ ਕਿਥੇ ਜਾਂਦਾ ਹੈ ?

ਗੁਰਬਾਣੀ : ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥

ਅੰਦਰੂਨਿ ਖ਼ਾਨਾ-ਅਤ ਨੂਰਿ ਅੱਲਾਹ
ਤਾਫ਼ਤ ਚੂੰ ਬਰ ਆਸਮਾਂ ਰਖ਼ਸ਼ੰਦਾ ਮਾਹ ॥੪੦੦॥

ਉਲਥਾ : ਤੇਰੇ ਘਰ (ਘਟ) ਵਿਚ ਅਲਹ ਦਾ ਨੂਰ ਚਮਕ ਰਿਹਾ ਹੈ, ਜਿਵੇਂ ਆਕਾਸ਼ 'ਤੇ ਚਮਕਦਾ ਚੰਦਰਮਾ।

ਗੁਰਬਾਣੀ : ਦਾਨਿ ਤੇਰੈ ਘਟਿ ਚਾਨਣਾ ਤਨਿ ਚੰਦੁ ਦੀਪਾਇਆ ॥
ਚੰਦੋ ਦੀਪਾਇਆ ਦਾਨਿ ਹਰਿ ਕੈ ਦੁਖੁ ਅੰਧੇਰਾ ਉਠਿ ਗਇਆ ॥

ਅੰਦਰੂਨਿ ਚਸ਼ਮਿ ਤੂ ਬੀਨਾ ਸ਼ੁਦਾ
ਬਰ ਜ਼ਬਾਨਤ ਹੁਕਮਿ ਹੱਕ ਗੋਯਾ ਸ਼ੁਦਾ ॥੪੦੧॥

ਉਲਥਾ : ਤੇਰੀਆਂ ਅੱਖਾਂ ਵਿੱਚੋਂ ਦੇਖਣਹਾਰ ਹੋ ਰਿਹਾ ਹੈ, ਤੇਰੀ ਰਸਨਾ ਤੇ ਰੱਬੀ ਰਜ਼ਾ ਬੁਲਾਰਾ ਬਣ ਰਹੀ ਹੈ।

ਗੁਰਬਾਣੀ : ਸਰਬ ਨੈਨ ਆਪਿ ਪੇਖਨਹਾਰਾ ॥
ਅਥਵਾ : ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥

ਈਂ ਵਜੂਦਤ ਰੌਸ਼ਨ ਅਜ ਨੂਰਿ ਹੱਕ ਅਸਤ
ਰੋਸ਼ਨ ਅਜ਼ ਨੂਰਿ ਖ਼ੁਦਾਇ ਮੁਤਲਿਕ ਅਸਤ ॥੪੦੨॥

ਉਲਥਾ : ਇਹ ਤੇਰਾ ਸਰੀਰ ਸਾਈਂ ਬਖ਼ਸ਼ੇ ਪ੍ਰਕਾਸ਼ ਤੋਂ ਲਿਸ਼ਕਦਾ ਹੈ, ਚਮਕ-ਦਮਕ ਸਮਰੱਥ ਸਾਈਂ ਦੇ ਨੂਰ ਤੋਂ ਹੀ ਹੈ।

ਗੁਰਬਾਣੀ : ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥

ਲੇਕ ਵਾਕਿਫ਼ ਨੇਸਤੀ ਅਜ਼ ਹਾਲਿ ਖ਼ੇਸ਼
ਰੋਜ਼ੋ ਸ਼ਬ ਹੈਰਾਨੀ ਅਜ਼ ਅਫ਼ਆਲਿ ਖ਼ੇਸ਼ ॥੪੦੩॥

ਉਲਥਾ : ਪਰੰਤੂ ਆਪਣੇ ਹੀ ਹਾਲ ਤੋਂ ਤੂੰ ਜਾਣੂ ਨਹੀਂ, ਦਿਨ-ਰਾਤ ਆਪਣੇ ਕਰਤੱਬਾਂ ਤੋਂ ਤੂੰ ਹੈਰਾਨ ਹੈਂ।

ਗੁਰਬਾਣੀ : ਮੈਲਾ ਹਰਿ ਕੇ ਨਾਮ ਬਿਨੁ ਜੀਉ ॥
ਤਿਨਿ ਪ੍ਰਭਿ ਸਾਚੈ ਆਪਿ ਭੁਲਾਇਆ ਬਿਖੈ ਠਗਉਰੀ ਪੀਉ ॥

ਮੁਰਸ਼ਦਿ ਕਾਮਿਲ ਤੁਰਾ ਮਹਰਮ ਕੁਨਦ
ਦਰਦਿ ਰੇਸ਼ਿ ਹਿਜਰ ਰਾ ਮਰਹਮ ਕੁਨਦ ॥੪੦੪॥

ਉਲਥਾ : ਪੂਰਾ ਗੁਰੂ ਤੈਨੂੰ ਭੇਤੀ ਬਣਾਉਂਦਾ ਹੈ; ਵਿਛੋੜੇ ਦੇ ਜ਼ਖ਼ਮ ਦੀ ਪੀੜਾ ਪੁਰ ਮਲ੍ਹਮ-ਪਟੀ ਕਰਦਾ ਹੈ।

ਗੁਰਬਾਣੀ : ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ ॥
ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ ॥

ਅਥਵਾ : ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥
ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥

ਤਾ ਤੂ ਹਮ ਅਜ਼ ਵਾਸਿਲਾਨਿ ਊ ਸ਼ਵੀ
ਸਾਹਿਬਿ ਦਿਲ ਗਰਦੀ ਵਾ ਖ਼ੁਸ਼ਖ਼ੂ ਸ਼ਵੀ ॥੪੦੫॥

ਉਲਥਾ : ਤਾਂ ਕਿ ਤੂ ਵੀ ਉਸ (ਸਾਈਂ) ਤਾਈਂ ਪਹੁਤਿਆਂ ਵਿੱਚੋਂ ਹੋ ਜਾਵੇਂ, ਮਨ ਦਾ ਮਾਲਕ ਬਣ ਜਾਏਂ ਅਤੇ ਸੋਹਣੇ ਸੁਭਾ ਵਾਲਾ ਹੋ ਜਾਏਂ।

ਗੁਰਬਾਣੀ : ਸਤਿਗੁਰੁ ਹੋਇ ਦਇਆਲੁ ਤਾ ਨਵ ਨਿਧਿ ਪਾਈਐ ॥
ਸਤਿਗੁਰੁ ਹੋਇ ਦਇਆਲੁ ਤ ਸਚਿ ਸਮਾਈਐ ॥

ਅਜ਼ ਬਰਾਇ ਆਂ ਕਿ ਸਰ-ਗਰਦਾਂ ਸ਼ਵੀ
ਉਮਰਹਾ ਅੰਦਰ ਤਲਬ ਹੈਰਾਂ ਸ਼ਵੀ ॥੪੦੬॥

ਉਲਥਾ : ਉਹ ਜਿਸ ਲਈ ਕਿ ਤੂੰ ਹੈਰਾਨ-ਪਰੇਸ਼ਾਨ ਹੋ ਰਿਹਾ ਹੈਂ, ਕਈ ਜਨਮ (ਜਿਸਦੀ) ਤਲਾਸ਼ ਵਿਚ ਤਰਲੋ-ਮੱਛੀ ਹੁੰਦਾ ਆ ਰਿਹਾ ਹੈਂ।

ਗੁਰਬਾਣੀ : **ਅਨਿਕ ਜਨਮ ਬਹੁ ਜੋਨੀ ਭ੍ਰਮਿਆ ਬਹੁਰਿ ਬਹੁਰਿ ਦੁਖੁ ਪਾਇਆ ॥**
ਤੁਮਰੀ ਕ੍ਰਿਪਾ ਤੇ ਮਾਨੁਖ ਦੇਹ ਪਾਈ ਹੈ ਦੇਹੁ ਦਰਸੁ ਹਰਿ ਰਾਇਆ ॥

ਤੂ ਚਿਹ ਬਾਸ਼ੀ ਆਲਮੇ ਹੈਰਾਨਿ ਊ
ਅਰਸ਼ੋ ਕੁਰਸੀ ਜੁਮਲਾ ਸਰ-ਗਰਦਾਨਿ ਊ ॥੪੦੭॥

ਉਲਥਾ : ਤੂੰ ਕੀ ਹੈਂ, ਕੁਲ ਆਲਮ ਉਸ ਉੱਤੇ ਹੈਰਾਨ ਹੈ, ਉਪਰਲੇ ਅਕਾਸ਼ ਅਤੇ ਖੰਡਾਂ ਵਾਲੇ ਸਾਰੇ ਉਸ ਲਈ ਭਮੱਤਰੇ ਪਏ ਹਨ, ਭਾਵ ਚਕ੍ਰਿਤ ਹੋ ਰਹੇ ਹਨ।

ਗੁਰਬਾਣੀ : **ਅੰਤੁ ਨ ਪਾਵਤ ਦੇਵ ਸਬੈ ਮੁਨਿ ਇੰਦ੍ਰ ਮਹਾ ਸਿਵ ਜੋਗ ਕਰੀ ॥**
ਫੁਨਿ ਬੇਦ ਬਿਰੰਚਿ ਬਿਚਾਰਿ ਰਹਿਓ ਹਰਿ ਜਾਪੁ ਨ ਛਾਡ੍ਹਿਉ ਏਕ ਘਰੀ ॥

ਅਥਵਾ : **ਭਰਮੇ ਸੁਰਿ ਨਰ ਦੇਵੀ ਦੇਵਾ ॥ ਭਰਮੇ ਸਿਧ ਸਾਧਿਕ ਬ੍ਰਹਮੇਵਾ ॥**
ਭਰਮਿ ਭਰਮਿ ਮਾਨੁਖ ਡਹਕਾਏ ॥ ਦੁਤਰ ਮਹਾ ਬਿਖਮ ਇਹ ਮਾਏ ॥

ਚਰਖ਼ ਮੇ ਗਰਦਦ ਬਗਿਰਦਿ ਆਂ ਕਿ ਊ
ਦਾਰਦ ਅਜ਼ ਸ਼ੌਕਿ ਖ਼ੁਦਾ ਫ਼ਰਖ਼ੰਦਾ ਖ਼ੂ ॥੪੦੮॥

ਉਲਥਾ : ਆਸਮਾਨ ਉਸ ਦੇ ਉਦਾਲੇ ਇਸ ਲਈ ਘੁੰਮਦਾ (ਪ੍ਰਕਰਮਾ ਕਰਦਾ) ਹੈ, ਕਿ ਜੋ ਪ੍ਰਭੂ ਦੇ ਪ੍ਰੇਮ ਵਿਚ ਪ੍ਰਸੰਨ ਸੁਭਾ ਰਖਦਾ ਹੈ।

ਗੁਰਬਾਣੀ : **ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ ॥**
ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾ ਛਾਰੁ ॥

ਜੁਮਲਾ ਹੈਰਾਨੰਦ ਸਰ-ਗਰਦਾਨਿ ਊ
ਚੂੰ ਗਦਾ ਜੋਇੰਦ ਊ ਰਾ ਕੂ-ਬ-ਕੂ ॥੪੦੯॥

ਉਲਥਾ : ਸਾਰੇ ਉਸ (ਪ੍ਰਭੂ) ਲਈ ਹੈਰਾਨ-ਪਰੇਸ਼ਾਨ ਹਨ, ਫ਼ਕੀਰ ਵਾਂਗ ਗਲੀਓਂ ਗਲੀ ਉਸ ਨੂੰ ਢੂੰਢਦੇ ਫਿਰਦੇ ਹਨ।

ਗੁਰਬਾਣੀ : **ਜਾ ਕਉ ਖੋਜਹਿ ਸਰਬ ਉਪਾਏ ॥**
ਵਡਭਾਗੀ ਦਰਸਨੁ ਕੋ ਵਿਰਲਾ ਪਾਏ ॥
ਊਚ ਅਪਾਰ ਅਗੋਚਰ ਥਾਨਾ ਓਹੁ ਮਹਲੁ ਗੁਰੂ ਦੇਖਾਈ ਜੀਉ ॥

ਬਾਦਸ਼ਾਹਿ ਹਰ ਦੋ ਆਲਮ ਦਰ ਦਿਲ ਅਸਤ
ਲੇਕਨ ਈਂ ਆਗ਼ਸ਼ਤਾਇ ਆਬੋ ਗਿੱਲ ਅਸਤ ॥੪੧੦॥

ਉਲਥਾ : ਦੋਹਾਂ ਹੀ ਜਹਾਨਾਂ ਦਾ ਬਾਦਸ਼ਾਹ ਦਿਲ ਵਿਚ ਹੈ, ਪਰੰਤੂ ਇਹ (ਦੇਹੀ) ਪਾਣੀ ਅਤੇ ਚਿਕੜ 'ਚ ਲਥ-ਪੱਥ ਹੋਈ ਪਈ ਹੈ।

ਗੁਰਬਾਣੀ : ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ॥
ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ॥
ਮਨ ਏਕੁ ਨ ਚੇਤਸਿ ਮੂੜ ਮਨਾ ॥
ਹਰਿ ਬਿਸਰਤ ਤੇਰੇ ਗੁਣ ਗਲਿਆ ॥

ਦਰ ਦਿਲਿ ਤੂ ਨਕਸ਼ਿ ਹੱਕ ਚੂੰ ਨਕਸ਼ ਬਸਤ
ਜੁਮਲਾ ਨਕਸ਼ਿ ਸ਼ੌਕ ਸ਼ੁਦ ਐ ਹੱਕ-ਪ੍ਰਸਤ ॥੪੧੧॥

ਉਲਥਾ : ਤੇਰੇ ਦਿਲ ਵਿਚ ਰੱਬ ਦੀ ਮੂਰਤ ਨੇ ਜਦ ਸੂਰਤ ਬਣਾ ਲਈ, ਹੇ ਰੱਬ ਦੇ ਪੁਜਾਰੀ, (ਤੇਰੇ ਲਈ) ਸਭ ਕੁਝ ਚਾਉ ਦੀ ਮੂਰਤੀ ਹੋ ਨਿਬੜਿਆ।

ਗੁਰਬਾਣੀ : ਸਤਿਗੁਰ ਮੂਰਤਿ ਕਉ ਬਲਿ ਜਾਉ ॥
ਅੰਤਰਿ ਪਿਆਸ ਚਾਤ੍ਰਿਕ ਜਿਉ ਜਲ ਕੀ ਸਫਲ ਦਰਸਨੁ ਕਦਿ ਪਾਂਉ ॥

ਨਕਸ਼ਿ ਹੱਕ ਯਾਅਨੀ ਨਿਸ਼ਾਨਿ ਨਾਮਿ ਹੱਕ
ਆਬਿ ਹੈਵਾਂ ਰਾ ਬਨੋਸ਼ ਅਜ਼ ਜਾਮਿ ਹੱਕ ॥੪੧੨॥

ਉਲਥਾ : ਰੱਬ ਦੀ ਮੂਰਤ ਤੋਂ ਭਾਵ ਰੱਬ ਦੇ ਨਾਮ ਦਾ ਨਿਸ਼ਾਨ ਹੈ, ਜੀਵਨ ਦੇ ਜਲ ਭਾਵ ਅੰਮ੍ਰਿਤ ਨੂੰ ਰੱਬੀ ਨਾਮ ਦੇ ਪਿਆਲੇ ਤੋਂ ਪੀਂਦਾ ਰਹਿ।

ਗੁਰਬਾਣੀ : ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥
ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥

ਆਂ ਕਿ ਊ ਰਾ ਜੁਸਤਮ ਅਜ਼ ਹਰ ਖ਼ਾਨਾਇ
ਯਾਫ਼ਤਮ ਨਾਗਾਹ ਦਰ ਕਾਸ਼ਾਨਾਇ ॥੪੧੩॥

ਉਲਥਾ : ਉਹ ਜਿਸ ਨੂੰ ਕਿ ਮੈਂ ਹਰ ਘਰ ਵਿੱਚੋਂ ਢੂੰਡਦਾ ਰਿਹਾ, ਮੈਂ ਅਚਾਨਕ ਹੀ (ਆਪਣੇ) ਆਲ੍ਹਣੇ ਵਿਚ ਹੀ ਪਾ ਲਿਆ।

ਗੁਰਬਾਣੀ : ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥
ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥

ਈਂ ਤੁਫ਼ੈਲਿ ਮੁਰਸ਼ਦਿ ਕਾਮਿਲ ਬਵਦ
ਹਰ ਚਿਹ ਮੇ ਖ਼ਾਹੀ ਅਜ਼ੋ ਹਾਸਿਲ ਸ਼ਵਦ ॥੪੧੪॥

ਉਲਥਾ : ਇਹ ਪ੍ਰਾਪਤੀ ਪੂਰੇ ਸਤਿਗੁਰੂ ਦੀ ਕਿਰਪਾ ਨਾਲ ਹੁੰਦੀ ਹੈ, ਜੋ ਕੁਝ ਤੂੰ ਚਾਹੁੰਦਾ ਹੈਂ ਉਸ ਤੋਂ ਪ੍ਰਾਪਤ ਹੋ ਜਾਂਦਾ ਹੈ।

ਗੁਰਬਾਣੀ : ਗੁਰਿ ਪੂਰੈ ਕਿਰਪਾ ਧਾਰੀ ॥
ਪ੍ਰਭਿ ਪੂਰੀ ਲੋਚ ਹਮਾਰੀ ॥

ਈਂ ਮੁਰਾਦਿ ਦਿਲ ਕਸੇ ਬੇ-ਆਂ ਨ ਯਾਫ਼ਤ
ਹਰ ਗਦਾਏ ਦੌਲਤਿ ਸੁਲਤਾਂ ਨ ਯਾਫ਼ਤ ॥੪੧੫॥

ਉਲਥਾ : ਇਹ ਦਿਲੀ ਮੁਰਾਦ ਕਿਸੇ ਨੂੰ ਬਿਨਾਂ ਉਸ (ਗੁਰੂ) ਤੋਂ ਨਹੀਂ ਮਿਲੀ, ਹਰ ਮੰਗਤੇ ਨੂੰ ਸੁਲਤਾਨਾਂ ਵਾਲਾ ਧਨ ਨਹੀਂ ਲੱਭਾ।

ਗੁਰਬਾਣੀ : ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥
ਅਥਵਾ : ਹਮ ਨਿਰਧਨ ਜਿਉ ਇਹੁ ਧਨੁ ਪਾਇਆ ਮਰਤੇ ਫੂਟਿ ਗੁਮਾਨੀ ॥

ਨਾਮੇ-ਬੇ-ਮੁਰਸ਼ਦ ਮਿਆਵਰ ਬਰ ਜ਼ੁਬਾਂ
ਮੁਰਸ਼ਦਿ ਕਾਮਿਲ ਦਿਹਦ ਅਜ਼ ਹੱਕ ਨਿਸ਼ਾਂ ॥੪੧੬॥

ਉਲਥਾ : ਨਿਗੁਰੇ ਦਾ ਨਾਂ ਜੀਭ 'ਤੇ ਨਾ ਲਿਆ, ਪੂਰਾ ਗੁਰੂ ਹੀ ਪ੍ਰਭੂ ਦਾ ਪਤਾ ਦੇਂਦਾ ਹੈ।

ਗੁਰਬਾਣੀ : ਝਝੈ ਕਦੇ ਨ ਝੂਰਹਿ ਮੂੜੇ ਸਤਿਗੁਰ ਕਾ ਉਪਦੇਸੁ ਸੁਣਿ ਤੂੰ ਵਿਖਾ ॥
ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥

ਮੁਰਸ਼ਦਿ ਹਰ ਚੀਜ਼ ਮੇ ਬਾਸ਼ਦ ਬਸੇ
ਮੁਰਸ਼ਦਿ ਕਾਮਿਲ ਕੁਜਾ ਯਾਬਦ ਕਸੇ ॥੪੧੭॥

ਉਲਥਾ : ਹਰ ਕੰਮ ਦੇ ਗੁਰੂ ਬਥੇਰੇ ਹੁੰਦੇ ਹਨ; (ਪਰ) ਪੂਰਾ ਗੁਰੂ ਕਿਥੇ ਕਿਸੇ ਨੂੰ ਮਿਲਦਾ ਹੈ ?

ਗੁਰਬਾਣੀ : ਗੁਰੂ ਸਦਾਏ ਅਗਿਆਨੀ ਅੰਧਾ ਕਿਸੁ ਓਹੁ ਮਾਰਗਿ ਪਾਏ ॥
ਅਥਵਾ : ਪੂਰੈ ਭਾਗਿ ਸਤਗੁਰੁ ਮਿਲੈ ਜਾ ਭਾਗੈ ਕਾ ਉਦਉ ਹੋਇ ॥
ਅੰਤਰਹੁ ਦੁਖੁ ਭ੍ਰਮੁ ਕਟੀਐ ਸੁਖੁ ਪਰਾਪਤਿ ਹੋਇ ॥
ਗੁਰ ਕੈ ਭਾਣੈ ਜੋ ਚਲੈ ਦੁਖੁ ਨ ਪਾਵੈ ਕੋਇ ॥

ਆਂ ਖ਼ੁਦਾਇ ਪਾਕ ਦਿਲ ਰਾ ਕਾਮ ਦਾਦ
ਈਂ ਦਿਲਿ ਸਰਗਸ਼ਤਾ ਰਾ ਆਰਾਮ ਦਾਦ ॥੪੧੮॥

ਉਲਥਾ : ਉਸ ਪਾਕ ਪਰਵਦਗਾਰ ਨੇ ਮਨ ਦੀ ਕਾਮਨਾ ਪੂਰੀ ਕਰ ਦਿੱਤੀ, ਇਸ ਭੁੱਲੇ ਭਟਕੇ ਮਨ ਨੂੰ ਟਿਕਾਉ ਬਖ਼ਸ਼ ਦਿੱਤਾ।

ਗੁਰਬਾਣੀ : ਮਾਈ ਮੈ ਧਨੁ ਪਾਇਓ ਹਰਿ ਨਾਮੁ ॥
ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥

ਹਾਸਿਲਿ ਹੱਕ ਮੁਰਸ਼ਦਿ ਕਾਮਿਲ ਬਵਦ
ਜ਼ਾਂ ਕਿ ਊ ਆਰਾਮਿ ਜਾਨੋ ਦਿਲ ਬਵਦ ॥੪੧੯॥

ਉਲਥਾ : ਪੂਰਾ ਸਤਿਗੁਰੂ ਪ੍ਰਭੂ ਦੀ ਪ੍ਰਾਪਤੀ ਹੈ, ਇਸ ਕਰਕੇ ਕਿ ਉਸ ਰਾਹੀਂ ਆਤਮਾ ਅਤੇ ਮਨ ਦਾ ਟਿਕਾਉ ਹੈ।

ਗੁਰਬਾਣੀ : ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ ॥
ਨਾਨਕ ਭਾਗ ਭਲੇ ਤਿਸੁ ਜਨ ਕੇ ਜੋ ਹਰਿ ਚਰਣੀ ਚਿਤੁ ਲਾਵੈ ॥

ਅੱਵਲਨ ਐ ਦਿਲ ਫ਼ਨਾਇ ਖੇਸ਼ ਸ਼ੌ
ਤਾ ਬਯਾਬੀ ਰਾਹਿ ਹੱਕ ਦਰ ਕੂਇ ਓ ॥੪੨੦॥

ਉਲਥਾ : ਪਹਿਲਾਂ ਤਾਂ ਹੇ ਮਨਾ! ਆਪੇ ਦਾ ਨਾਸ਼ ਕਰਦੇ, ਤਾਂ ਤੈਨੂੰ ਉਸਦੀ ਗਲੀ ਵਿਚ ਰੱਬੀ ਵਾਟ ਮਿਲੇਗੀ।

ਗੁਰਬਾਂਣੀ : ਆਪੈ ਆਪੁ ਖਾਇ ਹਉ ਮੇਟੈ ਅਨਦਿਨੁ ਹਰਿ ਰਸ ਗੀਤ ਗਵਈਆ ॥
ਗੁਰਮੁਖਿ ਪਰਚੈ ਕੰਚਨ ਕਾਇਆ ਨਿਰਭਉ ਜੋਤੀ ਜੋਤਿ ਮਿਲਈਆ ॥

ਵਾਕਿਫ਼ੇ ਅਰ ਅਜ਼ ਮੁਰਸ਼ਦਿ ਕਾਮਿਲ ਸ਼ਵੀ
ਬੇ ਤਕੱਲੁਫ਼ ਸਾਹਿਬਿ ਈਂ ਦਿਲ ਸ਼ਵੀ ॥੪੨੧॥

ਉਲਥਾ : ਪੂਰਨ ਗੁਰੂ ਰਾਹੀਂ ਜੇ ਤੂੰ (ਵਾਹਿਗੁਰੂ ਦਾ) ਵਿਸ਼ੇਸ਼ਗ ਹੋ ਜਾਏਂ, ਤਾਂ ਬਿਨਾਂ ਬਨਾਵਟ ਦੇ ਤੂੰ ਇਸ ਮਨ ਦਾ ਮਾਲਕ ਬਣ ਜਾਏਂਗਾ।

ਗੁਰਬਾਣੀ : ਜਿਨ ਗੁਰ ਪਰਸਾਦੀ ਮਨੁ ਜੀਤਿਆ ਜਗੁ ਤਿਨਹਿ ਜਿਤਾਨਾ ॥
ਅਥਵਾ : ਗੁਰ ਕਿਰਪਾ ਤੇ ਜਾਣਿਆ ਜਿਥੈ ਤੁਧੁ ਆਪੁ ਬੁਝਾਇਆ ॥
ਸਹਜੇ ਹੀ ਸਚਿ ਸਮਾਇਆ ॥

ਹਰ ਕਿ ਊ ਖ਼ੁਦ ਰਾ ਫ਼ਨਾਇ ਊ ਨ ਕਰਦ
ਹੱਕ ਮਰ ਊ ਰਾ ਸਾਹਿਬਿ ਇਰਫ਼ਾਂ ਨ ਕਰਦ ॥੪੨੨॥

ਉਲਥਾ : ਉਹ ਜਿਸ ਨੇ ਕਿ ਆਪੇ ਨੂੰ ਉਸ ਤੋਂ ਕੁਰਬਾਨ ਨਹੀਂ ਕੀਤਾ, ਰੱਬ ਨੇ ਵੀ ਉਸ ਨੂੰ ਖ਼ਾਸ (ਪੂਰਾ) ਗਿਆਨਵਾਨ ਨਹੀਂ ਕੀਤਾ।

ਗੁਰਬਾਣੀ : ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥

ਹਰ ਚਿਹ ਹਸਤ ਆਂ ਅੰਦਰੂਨਿ ਖ਼ਾਨਾ ਅਸਤ
ਸੈਰ ਕੁਨ ਦਰ ਕਿਸ਼ਤਿ ਦਿਲ ਈਂ ਦਾਨਾ ਹਸਤ ॥੪੨੩॥

ਉਲਥਾ : ਜੋ ਕੁਝ ਹੈ ਉਹ ਘਰ ਵਿਚ ਹੀ ਹੈ, ਦਿਲ ਦੀ ਖੇਤੀ ਵਿਚ ਸੈਰ ਕਰ, ਇਹੀ ਬੀਜ ਹੈ।

ਗੁਰਬਾਣੀ : ਅਲਹ ਲਹਉ ਤਉ ਕਿਆ ਕਹਉ ਕਹਉ ਤ ਕੋ ਉਪਕਾਰ ॥
ਬਟਕ ਬੀਜ ਮਹਿ ਰਵਿ ਰਹਿਓ ਜਾ ਕੋ ਤੀਨਿ ਲੋਕ ਬਿਸਥਾਰ ॥

ਮੁਰਸ਼ਦਿ ਕਾਮਿਲ ਚੂ ਬਾਸ਼ਦ ਰਾਹਨੁਮਾ
ਬਾ ਖ਼ੁਦਾਇ ਖ਼ੇਸ਼ ਗਰਦੀ ਆਸ਼ਨਾ ॥੪੨੪॥

ਉਲਥਾ : ਪੂਰਾ ਸਤਿਗੁਰੂ ਜਦ ਰਾਹ ਵਿਖਾਊ ਬਣੇ, ਆਪਣੇ ਪ੍ਰਭੂ ਨਾਲ ਤੂੰ ਆਸ਼ਨਾ ਹੋ ਜਾਏਂਗਾ।

ਗੁਰਬਾਣੀ : ਗੁਰੁ ਪੂਰਾ ਭੇਟਿਓ ਵਡਭਾਗੀ ਮਨਹਿ ਭਇਆ ਪਰਗਾਸਾ ॥
ਕੋਇ ਨ ਪਹੁਚਨਹਾਰਾ ਦੂਜਾ ਅਪੁਨੇ ਸਾਹਿਬ ਕਾ ਭਰਵਾਸਾ ॥

ਗਰ ਦਿਲਿ ਤੂ ਜਾਨਬਿ ਹਕ ਆਰਦਤ
ਅਜ਼ ਬੁਨਿ ਹਰ ਮੂਏ ਹੱਕ ਮੇ ਬਾਰਦਤ ॥੪੨੫॥

ਉਲਥਾ : ਜੇ (ਗੁਰੂ) ਤੇਰਾ ਮਨ ਰੱਬ ਵੱਲ ਲੈ ਆਵੇ, ਤੇਰੇ ਹਰ ਰੋਮ ਦੀ ਜੜ੍ਹ ਤੋਂ ਨਾਮ ਵਰ੍ਹਨ ਲੱਗ ਜਾਵੇ।

ਗੁਰਬਾਣੀ : ਲਵੈ ਨ ਲਾਗਨ ਕਉ ਹੈ ਕਛੂਐ ਜਾ ਕਉ ਫਿਰਿ ਇਹੁ ਧਾਵੈ ॥
ਜਾ ਕਉ ਗੁਰਿ ਦੀਨੋ ਇਹੁ ਅੰਮ੍ਰਿਤੁ ਤਿਸ ਹੀ ਕਉ ਬਨਿ ਆਵੈ ॥੧॥
ਜਾ ਕਉ ਆਇਓ ਏਕੁ ਰਸਾ ॥
ਖਾਨ ਪਾਨ ਆਨ ਨਹੀ ਖੁਧਿਆ ਤਾ ਕੈ ਚਿਤਿ ਨ ਬਸਾ ॥ਰਹਾਉ॥
ਮਉਲਿਓ ਮਨੁ ਤਨੁ ਹੋਇਓ ਹਰਿਆ ਏਕ ਬੂੰਦ ਜਿਨਿ ਪਾਈ ॥
ਬਰਨਿ ਨ ਸਾਕਉ ਉਸਤਤਿ ਤਾ ਕੀ ਕੀਮਤਿ ਕਹਣੁ ਨ ਜਾਈ ॥੨॥

ਹਮ ਦਰੀਂ ਦੁਨੀਆ ਬ-ਯਾਬੀ ਕਾਮ ਰਾ
ਖ਼ਾਕ ਬਰ ਸਰ ਕੁਨ ਗ਼ਮਿ ਅੱਯਾਮ ਰਾ ॥੪੨੬॥

ਉਲਥਾ : ਨਾਲ ਹੀ ਇਸ ਦੁਨੀਆ ਵਿਚ ਆਪਣੀ ਇੱਛਾ ਪ੍ਰਾਪਤ ਕਰ ਲਵੇਂ, ਸਮੇਂ ਦੇ ਸੰਤਾਪਾਂ ਦੇ ਸਿਰ ਪੁਰ ਸੁਆਹ ਪੈ ਜਾਏ (ਅਸਲੀ ਅਰਥ ਹਨ, ਸੁਆਹ ਪਾ ਦੇ)।

ਗੁਰਬਾਣੀ : ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥
ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥੧॥
ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥
ਹਲਤਿ ਪਲਤਿ ਮੁਖ ਊਜਲ ਹੋਈ ਹੈ
ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥ਰਹਾਉ॥
ਜਹ ਹਰਿ ਸਿਮਰਨੁ ਭਇਆ ਤਹ ਉਪਾਧਿ
ਗਤੁ ਕੀਨੀ ਵਡਭਾਗੀ ਹਰਿ ਜਪਨਾ ॥
ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ ਜਪਿ ਹਰਿ ਭਵਜਲੁ ਤਰਨਾ ॥੨॥

ਬੇਰੂੰ ਅਜ਼ ਜਿਸਮਿ ਤੂ ਨ-ਬਵਦ ਹੇਚ ਚੀਜ਼
ਯਕ ਦਮੇ ਹਮ ਖੇਸ਼ਤਨ ਰਾ ਕੁਨ ਤਮੀਜ਼ ॥੪੨੭॥

ਉਲਥਾ : ਤੇਰੇ ਤਨ ਤੋਂ ਬਾਹਰ ਕੋਈ ਚੀਜ਼ ਨਹੀਂ ਹੈ, ਇਕ ਛਿਨ ਲਈ ਆਪੇ ਦੀ ਭੀ ਪਛਾਣ ਕਰ।

ਗੁਰਬਾਣੀ : ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥

ਤਾ ਬ-ਯਾਬੀ ਈਂ ਸਆਦਤ ਰਾ ਮੁਦਾਮ
ਗਰ ਬਿਦਾਨੀ ਹੱਕ ਕੁਦਾਮੋ ਮਨ ਕੁਦਾਮ ॥੪੨੮॥

ਉਲਥਾ : ਤਾਂ ਤੂੰ ਇਹ ਸੁਭਾਗ ਨੂੰ ਸਦੀਵ ਪ੍ਰਾਪਤ ਕਰ ਲਵੇਂ, ਜੇ ਜਾਣ ਲਵੇਂ ਰੱਬ ਕੀ ਹੈ ਤੇ ਮੈਂ ਕੀ ਹਾਂ।

ਗੁਰਬਾਣੀ : ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥
ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥

ਮਨ ਚਿਹ ਜ਼ੱਰਾ ਮੁਸ਼ਤੇ ਅਜ਼ ਖ਼ਾਕਿ ਗ਼ਰੀਬ
ਈਂ ਹਮਾ ਦੌਲਤ ਜ਼ਿ ਮੁਰਸ਼ਦ ਸ਼ੁਦ ਨਸੀਬ ॥੪੨੯॥

ਉਲਥਾ : ਮੈਂ ਕਣ ਕੀ ਹਾਂ ? ਨਿਮਾਣੀ ਮਿੱਟੀ ਦੀ ਇਕ ਮੁੱਠ, ਇਹ ਸਾਰੀ ਪੂੰਜੀ ਗੁਰੂ ਤੋਂ ਪ੍ਰਾਪਤ ਹੋਈ।

ਗੁਰਬਾਣੀ : ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥

ਐ ਜ਼ਹੇ ਮੁਰਸ਼ਦ ਕਿ ਨਾਮਿ ਪਾਕ ਰਾ
ਅਜ਼ ਕਰਮ ਬਖ਼ਸ਼ੀਦ ਮੁਸ਼ਤਿ ਖ਼ਾਕ ਰਾ ॥੪੩੦॥

ਉਲਥਾ : ਵੇ ਭਾਈ ! ਸ਼ਾਬਾਸ਼ ਹੈ ਸਤਿਗੁਰੂ ਨੂੰ, ਕਿਉਂ ਜੋ ਪਾਵਨ ਨਾਮ ਨੂੰ ਕ੍ਰਿਪਾ ਰਾਹੀਂ ਮੁੱਠੀ ਭਰ ਮਿੱਟੀ ਤਾਈਂ ਬਖ਼ਸ਼ ਦਿੱਤਾ।

ਗੁਰਬਾਣੀ : ਤਿਸੁ ਗੁਰ ਕਉ ਸਾਬਾਸਿ ਹੈ ਜਿਨਿ ਹਰਿ ਸੋਝੀ ਪਾਈ ॥
ਨਾਨਕੁ ਗੁਰ ਵਿਟਹੁ ਵਾਰਿਆ ਜਿਨਿ ਹਰਿ ਨਾਮੁ ਦੀਆ
ਮੇਰੇ ਮਨ ਕੀ ਆਸ ਪੁਰਾਈ ॥

ਐ ਜ਼ਹੇ ਮੁਰਸ਼ਦ ਚੂ ਮਾ ਤੀਰਾ ਦਿਲਾਂ
ਕਰਦ ਰੌਸ਼ਨ ਦਰ ਜ਼ਮੀਨੋ ਆਸਮਾਂ ॥੪੩੧॥

ਉਲਥਾ : ਓ ਸ਼ਾਬਾਸ਼ ਹੈ ਸਤਿਗੁਰੂ ਨੂੰ ਸਾਡੇ ਵਰਗੇ ਅੰਨ੍ਹੇ ਮਨ ਵਾਲਿਆਂ ਨੂੰ ਧਰਤੀ ਅਤੇ ਆਸਮਾਨ ਵਿਚ ਪ੍ਰਸਿੱਧ ਕਰ ਦਿੱਤਾ।

ਗੁਰਬਾਣੀ : ਮੋਹਿ ਕਿਰਪਨ ਕਉ ਕੋਇ ਨ ਜਾਨਤ ਸਗਲ ਭਵਨ ਪ੍ਰਗਟਈ ॥
ਸੰਗਿ ਬੈਠਨੋ ਕਹੀ ਨ ਪਾਵਤ ਹੁਣਿ ਸਗਲ ਚਰਣ ਸੇਵਈ ॥

ਐ ਜ਼ਹੇ ਮੁਰਸ਼ਦ ਕਿ ਦਿਲ ਰਾ ਸ਼ੌਕ ਦਾਦ
ਐ ਜ਼ਹੇ ਮੁਰਸ਼ਦ ਕਿ ਬੰਦਿ ਦਿਲ ਕੁਸ਼ਾਦ ॥੪੩੨॥

ਉਲਥਾ : ਓ ਸ਼ਾਬਾਸ਼ ਹੈ ਸਤਿਗੁਰ ਨੂੰ ਕਿਉਂ ਜੁ ਮਨ ਨੂੰ (ਉਸ ਨੇ) ਉਮਾਹ ਦਿੱਤਾ, ਧੰਨ ਹੈ ਸਤਿਗੁਰੂ ਕਿਉਂ ਜੁ ਮਨ ਦੇ ਬੰਧਨ (ਉਸ ਨੇ) ਖੋਲ੍ਹ ਦਿੱਤੇ।

ਗੁਰਬਾਣੀ : ਬੰਧਨ ਤੋੜਿ ਬੋਲਾਵੈ ਰਾਮੁ ॥
ਮਨ ਮਹਿ ਲਾਗੈ ਸਾਚੁ ਧਿਆਨੁ ॥
ਮਿਟਹਿ ਕਲੇਸ ਸੁਖੀ ਹੋਇ ਰਹੀਐ ॥
ਐਸਾ ਦਾਤਾ ਸਤਿਗੁਰੁ ਕਹੀਐ ॥

ਐ ਜ਼ਹੇ ਮੁਰਸ਼ਦ ਕਿ ਬਾ ਹੱਕ ਆਸ਼ਨਾ
ਕਰਦ ਫ਼ਾਰਗਿ ਅਜ਼ ਗ਼ਮਿ ਰੰਜੋ ਬਲਾ ॥੪੩੩॥

ਉਲਥਾ : ਓ ਧੰਨ ਹੈ ਸਤਿਗੁਰੂ, ਕਿਉਂ ਜੁ ਰੱਬ ਨਾਲ ਜਾਣੂ ਕਰਾ ਕੇ ਕਲ-ਕਲੇਸ਼ ਦੀ ਚਿੰਤਾ ਤੋਂ ਛੁਟਕਾਰਾ ਦਿੱਤਾ।

ਗੁਰਬਾਣੀ : ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ
ਜਿਤੁ ਮਿਲਿਐ ਹਮ ਕਉ ਸਾਂਤਿ ਆਈ ॥
ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ
ਜਿਤੁ ਮਿਲਿਐ ਹਮ ਹਰਿ ਭਗਤਿ ਪਾਈ ॥

ਐ ਜ਼ਹੇ ਮੁਰਸ਼ਦ ਕਿ ਉਮਰਿ ਜਾਵਿਦਾਂ
ਬਖ਼ਸ਼ਦ ਅਜ਼ ਨਾਮਿ ਖ਼ੁਦਾਇ ਬੇ-ਨਿਸ਼ਾਂ ॥੪੩੪॥

ਉਲਥਾ : ਓ ਧੰਨ ਹੈ ਸਤਿਗੁਰੂ, ਕਿਉਂ ਜੁ (ਉਹ) ਸਦੀਵੀ ਜੀਵਨ, ਰੂਪ-ਰੇਖ ਤੋਂ ਨਿਆਰੇ ਰੱਬ ਦੇ ਨਾਮ ਰਾਹੀਂ ਬਖ਼ਸ਼ਦਾ ਹੈ।

ਗੁਰਬਾਣੀ : ਇਹੁ ਹਰਿ ਰਸੁ ਪਾਵੈ ਜਨੁ ਕੋਇ ॥
ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥

ਐ ਜ਼ਹੇ ਮੁਰਸ਼ਦ ਕਿ ਊ ਅਜ਼ ਕਤਰਾਏ ਆਬ
ਕਰਦ ਰੌਸ਼ਨ ਹਮਚੂ ਮਾਹੋ ਆਫ਼ਤਾਬ ॥੪੩੫॥

ਉਲਥਾ : ਓ ਸ਼ਾਬਾਸ਼ ਹੈ ਸਤਿਗੁਰੂ ਨੂੰ, ਕਿਉਂ ਜੁ ਬਿੰਦ ਕੁ ਬੂੰਦ (ਤੋਂ ਬਣੇ ਬੰਦੇ) ਨੂੰ, ਚੰਨ ਅਤੇ ਸੂਰਜ ਵਾਂਗ ਰੌਸ਼ਨ ਕਰ ਦਿੱਤਾ।

ਗੁਰਬਾਣੀ : ਰੰਚਕ ਰੇਤ ਖੇਤ ਤਨਿ ਨਿਰਮਿਤ ਦੁਰਲਭ ਦੇਹ ਸਵਾਰਿ ਧਰੀ ॥

ਅਥਵਾ : ਇਸ ਦੇਹੀ ਕਉ ਸਿਮਰਹਿ ਦੇਵ ॥
ਸੋ ਦੇਹੀ ਭਜੁ ਹਰਿ ਕੀ ਸੇਵ ॥

ਐ ਜ਼ਹੇ ਮੁਰਸ਼ਦ ਜ਼ਹੇ ਇਹਸਾਨਿ ਊ
ਸਦ ਹਜ਼ਾਰਾਂ ਹਮਚੂ ਮਨ ਕੁਰਬਾਨਿ ਊ ॥੪੩੬॥

ਉਲਥਾ : ਓ ਧੰਨ ਹੈ ਸਤਿਗੁਰੂ, ਧੰਨ ਹੈ ਉਸਦਾ ਉਪਕਾਰ, ਮੇਰੇ ਜਹੇ ਲੱਖਾਂ ਉਸ ਤੋਂ ਕੁਰਬਾਨ ਹਨ।

ਗੁਰਬਾਣੀ : ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥

ਦਰ ਜ਼ਮੀਨੋ ਆਸਮਾਂ ਨਾਮਸ਼ ਬਵਦ
ਹਰ ਮੁਰੀਦੇ. ਸਾਹਿਬਿ ਕਾਮਸ਼ ਬਵਦ ॥੪੩੭॥

ਉਲਥਾ : ਧਰਨ (ਧਰਤੀ) ਅਤੇ ਗਗਨ ਵਿਚ ਉਸ (ਗੁਰੂ) ਦਾ ਨਾਮ ਚੱਲ ਰਿਹਾ ਹੈ, ਹਰ ਸਿੱਖ ਆਪਣੀ ਕਾਮਨਾ ਦੀ ਪੂਰਤੀ (ਗੁਰੂ ਤੋਂ) ਕਰ ਲੈਂਦਾ ਹੈ।

ਗੁਰਬਾਣੀ : ਸਤਿਗੁਰੁ ਮਨ ਕਾਮਨਾ ਤੀਰਥੁ ਹੈ ਜਿਸ ਨੋ ਦੇਇ ਬੁਝਾਇ ॥
ਮਨ ਚਿੰਦਿਆ ਵਰੁ ਪਾਵਣਾ ਜੋ ਇਛੈ ਸੋ ਫਲੁ ਪਾਇ ॥

ਹਰ ਕਿ ਖ਼ੁਸ਼ ਬਾਸ਼ਦ ਜ਼ਿ ਗੁਫ਼ਤੋ ਗੂਇ ਊ
ਹੱਕ ਹਮੇਸ਼ਾ ਬਾਸ਼ਦ ਊ ਰਾ ਰੂ-ਬ-ਰੂ ॥੪੩੮॥

ਉਲਥਾ : ਜੋ ਵੀ ਉਸ ਦੇ ਬਚਨ-ਬਿਲਾਸ ਤੋਂ ਵਿਗਸਤ ਹੁੰਦਾ ਹੈ, ਹਰੀ ਹਮੇਸ਼ਾ ਉਸ ਨੂੰ ਸਾਹਮਣੇ ਹੁੰਦਾ ਹੈ।

ਗੁਰਬਾਣੀ : ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥

ਹੱਕ ਹਮੇਸ਼ਾ ਬਾਸ਼ਦ ਊ ਰਾ ਦਰ ਹਜ਼ੂਰ
ਜ਼ਿਕਰਿ ਊ ਬਾਸ਼ਦ ਮਰ ਊ ਰਾ ਦਰ ਸਦੂਰ ॥੪੩੯॥

ਉਲਥਾ : ਹਰੀ ਹਮੇਸ਼ਾ ਉਸ ਨੂੰ ਹਜ਼ੂਰੀ ਵਿਚ ਹੁੰਦਾ ਹੈ, ਪਰੰਤੂ ਉਸ ਦਾ ਸਿਮਰਨ ਉਸ ਨੇ ਉਰਧਾਰੀ ਰਖਣਾ ਹੈ।

ਗੁਰਬਾਣੀ : ਜਿਹ ਘਟ ਰਾਮੁ ਰਹਿਆ ਭਰਪੂਰਿ ॥
ਤਿਨ ਕੀ ਪਗ ਪੰਕਜ ਹਮ ਧੂਰਿ ॥

ਗਰ ਹਜ਼ੂਰੀ ਬਾ ਖ਼ੁਦਾ ਬਾਇਦ ਬ-ਤੋ
ਦਰ ਹਜ਼ੂਰਿ ਮੁਰਸ਼ਦਿ ਕਾਮਿਲ ਬਿਰੌ ॥੪੪੦॥

ਉਲਥਾ : ਜੇ ਤੈਨੂੰ ਰੱਬ ਦੀ ਸਨਮੁਖਤਾ ਚਾਹੀਦੀ ਹੈ, ਪੂਰਨ ਸਤਿਗੁਰੂ ਦੇ ਸਨਮੁਖ ਚਲਾ ਜਾ।

ਗੁਰਬਾਣੀ : ਪਿਆਰੇ ਹਰਿ ਬਿਨੁ ਪ੍ਰੇਮੁ ਨ ਖੇਲਸਾ ॥
ਕਿਉ ਪਾਈ ਗੁਰੁ ਜਿਤੁ ਲਗਿ ਪਿਆਰਾ ਦੇਖਸਾ ॥

ਸੂਰਤਿ ਹੱਕ ਮੁਰਸ਼ਦਿ ਕਾਮਿਲ ਬਵਦ
ਦੀਦਨਸ਼ ਆਰਾਮਿ ਜਾਨੋ ਦਿਲ ਬਵਦ ॥੪੪੧॥

ਉਲਥਾ : ਪੂਰਨ ਸਤਿਗੁਰੂ ਰੱਬ ਦਾ ਹੀ ਰੂਪ ਹੁੰਦਾ ਹੈ, ਉਸਦਾ ਦਰਸ਼ਨ ਆਤਮਾ ਅਤੇ ਅੰਦਰਲੇ (ਮਨ) ਨੂੰ ਠੰਢ ਠਾਰ (ਸੁਖਚੈਨ) ਬਖ਼ਸ਼ਦਾ ਹੈ।

ਗੁਰਬਾਣੀ : ਦਰਸਨੁ ਪੇਖਤ ਮੈ ਜੀਓ ॥
ਸੁਨਿ ਕਰਿ ਬਚਨ ਤੁਮ੍ਾਰੇ ਸਤਿਗੁਰ ਮਨੁ ਤਨੁ ਮੇਰਾ ਠਾਰੁ ਥੀਓ ॥

ਸੂਰਤਿ ਹੱਕ ਮਾਅਨੀ ਅਜ਼ ਮੁਰਸ਼ਦ ਬਵਦ
ਹਰ ਕਿ ਬਰ-ਗਰਦਦ ਅਜ਼ਾਂ ਮੁਰੱਤਦ ਬਵਦ ॥੪੪੨॥

ਉਲਥਾ : ਰੱਬ ਦੇ ਰੂਪ ਦਾ ਮਤਲਬ ਹੀ ਗੁਰੂ ਤੋਂ ਹੈ, ਜੋ ਉਸ ਤੋਂ ਮੂੰਹ ਫੇਰਦਾ ਹੈ, ਉਹ ਬੇਮੁੱਖ ਹੈ।

ਪੁਸ਼ਟੀ ਬਾਣੀ ਰਾਹੀਂ : ਰਾਮ ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ ॥
ਹਮ ਮੂੜ ਮੁਗਧ ਅਸੁਧ ਮਤਿ ਹੋਤੇ
ਗੁਰ ਸਤਿਗੁਰ ਕੈ ਬਚਨਿ ਹਰਿ ਹਮ ਜਾਨੇ ॥...
ਜਿਨ ਕਉ ਗੁਰੁ ਸਤਿਗੁਰੁ ਨਹੀ ਭੇਟਿਆ ਤੇ ਸਾਕਤ ਮੂੜ ਦਿਵਾਨੇ ॥
ਤਿਨ ਕੇ ਕਰਮਹੀਨ ਧੁਰਿ ਪਾਏ ਦੇਖਿ ਦੀਪਕੁ ਮੋਹਿ ਪਚਾਨੇ ॥

ਅਥਵਾ : ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖ ਬੁਰੇ ਦਿਸੰਨਿ ॥
ਅਨਦਿਨੁ ਬਧੇ ਮਾਰੀਅਨਿ ਫਿਰਿ ਵੇਲਾ ਨਾ ਲਹੰਨਿ ॥...
ਸਤਿਗੁਰ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨਾ ਟਿਕੰਨਿ ॥
ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ ॥

ਮੁਰਸ਼ਦਿ ਕਾਮਿਲ ਬ.ਗੈਰ ਅਜ਼ ਹੱਕ ਨ-ਗੁ.ਫਤ
ਦੁੱਰਿ ਈਂ ਮਾਅਨੀ ਬ.ਗੈਰ ਅਜ਼ ਆਂ ਨ ਸ਼ੁ.ਫਤ ॥੪੪੩॥

ਉਲਥਾ : ਪੂਰਨ ਸਤਿਗੂਰੂ ਨੇ ਬ੍ਰਹਮ ਤੋਂ ਬਿਨਾਂ ਕੁਝ ਨਹੀਂ ਕਿਹਾ, ਇਹ ਅਧਿਆਤਮਕ ਮੋਤੀ ਉਸ ਤੋਂ ਬਿਨਾਂ ਕਿਸੇ ਨੇ ਨਹੀਂ ਪਰੋਏ।

ਗੁਰਬਾਣੀ : ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥

ਅਥਵਾ : ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥
ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ ॥

ਤਾ ਕੁਜਾ ਸ਼ੁਕਰਿ ਇਹਸਾਨਸ਼ ਕੁਨਮ
ਹਰ ਚਿਹ ਆਇਦ ਬਰ ਜ਼ੁਬਾਂ ਈਂ ਮੁ.ਗਤਨਿਮ ॥੪੪੪॥

ਉਲਥਾ : ਕਿਥੋਂ ਤਕ ਉਸ ਦੇ ਉਪਕਾਰ ਦਾ ਸ਼ੁਕਰਾਨਾ ਮੈਂ ਕਰ ਸਕਦਾ ਹਾਂ ? ਜੋ ਕੁਝ ਰਸਨਾ 'ਤੇ ਆਉਂਦਾ ਹੈ, ਇਹੀ ਬਖ਼ਸ਼ਿਸ਼ ਹੈ।

ਗੁਰਬਾਣੀ : ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥
ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥

ਅਜ਼ ਗ਼ਿਲਾਜ਼ਤ ਦਿਲ ਖ਼ੁਦਾ ਚੂੰ ਪਾਕ ਕਰਦ
ਮੁਰਸ਼ਦਿ ਕਾਮਿਲ ਬ-ਈਂ ਇਦਰਾਕ ਕਰਦ ॥੪੪੫॥

ਉਲਥਾ : ਗੰਦ-ਮੰਦ ਤੋਂ ਮਨ ਮੌਲਾ ਨੇ ਕਿਉਂਕਿ ਮੁਕਤ ਕਰ ਦਿੱਤਾ, ਪੂਰਨ ਸਤਿਗੁਰੂ ਨੇ ਇਸ ਤਾਈਂ ਬਿਬੇਕ ਬਖ਼ਸ਼ ਦਿੱਤਾ।

ਗੁਰਬਾਣੀ : ਜਿਨੀ ਪਛਾਤਾ ਖਸਮੁ ਕਿਉ ਲਭੈ ਤਿਨਾ ਖਾਕੁ ॥
ਮਨੁ ਮੈਲਾ ਵੇਕਾਰੁ ਹੋਵੈ ਸੰਗਿ ਪਾਕੁ ॥

ਅਥਵਾ : ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ ॥

ਵਰਨਾ ਈਂ ਰਾਹਿ ਖ਼ੁਦਾ ਕੈ ਦਾਨਦੇ
ਅਜ਼ ਕਿਤਾਬਿ ਹੱਕ ਸਬਕ ਕੈ ਖ਼ਾਨਦੇ ॥੪੪੬॥

ਉਲਥਾ : ਨਹੀਂ ਤਾਂ ਇਹ ਰੱਬ ਦਾ ਰਾਹ ਕਦ ਜਾਣਦਾ ? ਸਾਹਿਬ ਗੁਰੂ ਗ੍ਰੰਥ ਤੋਂ ਪਾਠ ਕਦ ਕਰ ਸਕਦਾ ?

ਗੁਰਬਾਣੀ : ਭੂਲੇ ਮਾਰਗੁ ਜਿਨਹਿ ਬਤਾਇਆ ॥
ਐਸਾ ਗੁਰੁ ਵਡਭਾਗੀ ਪਾਇਆ ॥

ਅਥਵਾ : ਪੋਥੀ ਪਰਮੇਸਰ ਕਾ ਥਾਨੁ ॥

ਈਂ ਹਮਾ ਚੂੰ ਅਜ਼ ਤੁਫ਼ੈਲਿ ਮੁਰਸ਼ਦ ਅਸਤ
ਹਰ ਕਿਹ ਮੁਰਸ਼ਦ ਰਾ ਨ-ਦਾਨਦ ਮੁਰੱਤਦ ਅਸਤ ॥੪੪੭॥

ਉਲਥਾ : ਇਹ ਸਭ ਕੁਝ ਜਦ ਗੁਰ ਪਰਸਾਦ ਤੋਂ ਮਿਲਦਾ ਹੈ, ਜੋ ਕੋਈ ਗੁਰੂ ਨੂੰ ਨਹੀਂ ਜਾਣਦਾ, ਉਹ ਮਨਮੁਖ ਹੈ।

ਗੁਰਬਾਣੀ : ਸੇ ਮਨਮੁਖ ਜੋ ਸਬਦੁ ਨ ਪਛਾਣਹਿ ॥
ਗੁਰ ਕੇ ਭੈ ਕੀ ਸਾਰ ਨ ਜਾਣਹਿ ॥

ਮੁਰਸ਼ਦਿ ਕਾਮਿਲ ਇਲਾਜਿ ਦਿਲ ਕੁਨਦ
ਕਾਮਿ ਦਿਲ ਅੰਦਰ ਦਿਲਤ ਹਾਸਿਲ ਕੁਨਦ ॥੪੪੮॥

ਉਲਥਾ : ਪੂਰਨ ਸਤਿਗੁਰੂ ਮਨ ਦਾ ਇਲਾਜ ਕਰਦੇ ਹਨ, ਮਨ ਦੀ ਮੁਰਾਦ ਤੇਰੇ ਮਨ ਮਾਹਿ ਹੀ ਮਿਲਾ ਦਿੰਦੇ ਹਨ।

ਗੁਰਬਾਣੀ : ਪੂਰਨ ਕਾਮ ਮਿਲੇ ਗੁਰਦੇਵ ॥
ਸਭਿ ਫਲਦਾਤਾ ਨਿਰਮਲ ਸੇਵ ॥

ਨਬਜ਼ਿ ਦਿਲ ਚੂੰ ਮੁਰਸ਼ਦਿ ਕਾਮਿਲ ਸ਼ਨਾਖ਼ਤ
ਜ਼ਿੰਦਗੀਇ ਉਮਰ ਰਾ ਹਾਸਿਲ ਬਯਾਫ਼ਤ ॥੪੪੯॥

ਉਲਥਾ : ਦਿਲ ਦੀ ਨਬਜ਼ ਜਦ ਪੂਰੇ ਸਤਿਗੁਰੂ ਨੇ ਪਛਾਣੀ, ਤਾਂ ਸਾਰੀ ਉਮਰ ਦੇ ਜੀਣ ਦਾ ਲਾਭ ਮਿਲ ਗਿਆ।

ਗੁਰਬਾਣੀ : ਮੇਰਾ ਬੈਦੁ ਗੁਰੂ ਗੋਵਿੰਦਾ ॥
ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ ॥

ਜ਼ਿੰਦਗੀਇ ਉਮਰ ਹਾਸਿਲ ਮੇਸ਼ਵਦ
ਅਜ਼ ਤੁਫ਼ੈਲਸ਼ ਸਾਹਿਬਿ ਦਿਲ ਮੇ ਸ਼ਵਦ ॥੪੫੦॥

ਉਲਥਾ : ਉਸ ਦੀ ਕਿਰਪਾ ਨਾਲ ਉਮਰ ਨੂੰ ਅਮਰ ਜੀਵਨ ਮਿਲਦਾ ਹੈ (ਅਤੇ) ਮਨ ਦੇ ਮਾਲਕ ਹੋ ਜਾਈਦਾ ਹੈ।

ਗੁਰਬਾਣੀ : ਕਰਿ ਪ੍ਰਸਾਦੁ ਇਕੁ ਖੇਲੁ ਦਿਖਾਇਆ ॥
ਗੁਰ ਕਿਰਪਾ ਤੇ ਪਰਮ ਪਦੁ ਪਾਇਆ ॥

ਅਜ਼ ਬਰਾਇ ਆਂ ਕਿ ਈਂ ਪੈਦਾ ਸ਼ੁਦਾ
ਦਰ ਫ਼ਿਰਾਕਸ਼ ਵਾਲਾ ਓ ਸ਼ੈਦਾ ਸ਼ੁਦਾ ॥੪੫੧॥

ਉਲਥਾ : ਜਿਸ ਦੀ ਖ਼ਾਤਰ ਕਿ ਇਹ (ਮਨੁੱਖ) ਪੈਦਾ ਹੋਇਆ ਹੈ, ਉਸ ਦੇ ਵਿਛੋੜੇ ਵਿਚ ਹੈਰਾਨ-ਪਰੇਸ਼ਾਨ ਅਤੇ ਬਉਰਾ ਹੋਇਆ ਫਿਰਦਾ ਹੈ।

ਗੁਰਬਾਣੀ : ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥

ਅਥਵਾ : ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ ॥
ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥

ਈਂ ਮਤਾਅ ਅੰਦਰ ਦੁਕਾਨਿ ਹੱਕ ਬਵਦ
ਮੁਰਸ਼ਦਿ ਕਾਮਿਲ ਨਿਸ਼ਾਨਿ ਹੱਕ ਬਵਦ ॥੪੫੨॥

ਉਲਥਾ : ਇਹ ਸੌਦਾ ਸੱਚ ਦੇ ਹੱਟ ਵਿਚ ਹੁੰਦਾ ਹੈ, ਪੂਰਨ ਸਤਿਗੁਰੂ ਰੱਬ ਦੀ ਨਿਸ਼ਾਨੀ ਹੁੰਦਾ ਹੈ।

ਗੁਰਬਾਣੀ : ਲਈਅਨਿ ਖਰੇ ਪਰਖਿ ਦਰਿ ਬੀਨਾਈਐ ॥
ਸਉਦਾ ਇਕਤੁ ਹਟਿ ਪੂਰੈ ਗੁਰਿ ਪਾਈਐ ॥

ਮੁਰਸ਼ਦਿ ਕਾਮਿਲ ਦਿਹਦ ਪਾਕੀ ਤੁਰਾ
ਮੇ ਕਸ਼ਦ ਅਜ਼ ਚਾਹਿ ਗ਼ਮਨਾਕੀ ਤੁਰਾ ॥੪੫੩॥

ਉਲਥਾ : ਪੂਰਨ ਗੁਰੂ ਤੈਨੂੰ ਪਵਿੱਤਰਤਾ ਪ੍ਰਦਾਨ ਕਰਦਾ ਹੈ; ਤੈਨੂੰ ਚਿੰਤਾ ਦੇ ਖੂਹ ਤੋਂ ਧੂਹ ਕੇ ਕੱਢ ਲੈਂਦਾ ਹੈ।

ਗੁਰਬਾਣੀ : ਤਿਆਗਿ ਗੁੋਪਾਲ ਅਵਰ ਜੋ ਕਰਣਾ ਤੇ ਬਿਖਿਆ ਕੇ ਖੂਹ ॥
ਦਰਸ ਪਿਆਸ ਮੇਰਾ ਮਨੁ ਮੋਹਿਓ ਕਾਢੀ ਨਰਕ ਤੇ ਧੂਹ ॥
ਸੰਤ ਪ੍ਰਸਾਦਿ ਮਿਲਿਓ ਸੁਖਦਾਤਾ ਬਿਨਸੀ ਹਉਮੈ ਹੂਹ ॥

ਮੁਰਸ਼ਦਿ ਕਾਮਿਲ ਇਲਾਜਿ ਦਿਲ ਕੁਨਦ
ਈਂ ਮੁਰਾਦਿ ਦਿਲ ਬਦਿਲ ਹਾਸਿਲ ਕੁਨਦ ॥੪੫੪॥

ਉਲਥਾ : ਪੂਰਾ ਗੁਰੂ ਮਨ ਦਾ ਦਾਰੂ ਕਰਦਾ ਹੈ; ਇਹ ਮਨ ਦੀ ਮੁਰਾਦ ਮਨ 'ਚੋਂ ਮਿਲ ਜਾਂਦੀ ਹੈ।

ਗੁਰਬਾਣੀ : ਮੇਰਾ ਬੈਦੁ ਗੁਰੂ ਗੋਵਿੰਦਾ ॥
ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ ॥

ਸੁਹਬਤਿ ਆਰਿਫ਼ ਅਜਬ ਦੌਲਤ ਬਵਦ
ਈਂ ਹਮਾ ਮੌਕੂਫ਼ ਬਰ ਸੁਹਬਤ ਬਵਦ ॥੪੫੫॥

ਉਲਥਾ : ਬ੍ਰਹਮ-ਗਿਆਨੀ ਦੀ ਸੰਗਤ ਅਸਚਰਜ ਦੌਲਤ ਹੁੰਦੀ ਹੈ; ਇਹ ਸਭ ਕੁਝ ਸੰਗਤ ਪੁਰ ਆਸ੍ਰਿਤ ਹੈ।

ਗੁਰਬਾਣੀ : ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥

ਐ ਅਜ਼ੀਜ਼ਿ ਮਨ ਸ਼ਨੌ ਅਜ਼ ਮਨ ਸੁਖ਼ਨ
ਤਾ ਬਯਾਬੀ ਰਾਹ ਅੰਦਰ ਜਾਨੋ ਤਨ ॥੪੫੬॥

ਉਲਥਾ : ਹੇ ਮੇਰੇ ਪਿਆਰੇ! ਮੇਰੇ ਪਾਸੋਂ ਬਾਤ ਸੁਣ, ਤਾਂ ਜੁ ਰੂਹ ਅਤੇ ਸਰੀਰ ਅੰਦਰਲੀ ਰਹੁ-ਰੀਤ ਮਿਲ ਜਾਵੀ।

ਗੁਰਬਾਣੀ : **ਸੁਨਹੁ ਸਹੇਰੀ ਮਿਲਨ ਬਾਤ ਕਹਉ ਸਗਰੋ ਅਹੰ ਮਿਟਾਵਹੁ**
ਤਉ ਘਰ ਹੀ ਲਾਲਨੁ ਪਾਵਹੁ ॥

ਤਾਲਿਬਿ ਮਰਦਾਨਿ ਹੱਕ ਰਾ ਦੋਸਤਦਾਰ
ਗ਼ੈਰ ਜ਼ਿਕਰਸ਼ ਬਰ ਜ਼ੁਬਾਂ ਹਰਫ਼ੇ ਮਯਾਰ ॥੪੫੭॥

ਉਲਥਾ : ਭਗਵਾਨ ਦੇ ਭਗਤਾਂ ਦੀ ਭਾਲ ਕਰਨ ਵਾਲੇ ਨੂੰ ਸੱਜਣ ਬਣਾ, ਉਸ (ਰੱਬ) ਦੇ ਸਿਮਰਨ ਬਿਨਾਂ ਕੋਈ ਸ਼ਬਦ ਜੀਭ 'ਤੇ ਨਾ ਲਿਆ।

ਗੁਰਬਾਣੀ : **ਕਾਂਖੀ ਏਕੈ ਦਰਸ ਤੁਹਾਰੋ ॥**
ਨਾਨਕ ਉਨ ਸੰਗਿ ਮੋਹਿ ਉਧਾਰੋ ॥

ਅਥਵਾ : **ਸਜਣ ਸਚੁ ਪਰਖਿ ਮੁਖਿ ਅਲਾਵਣੁ ਥੋਥਰਾ ॥**
ਮੰਨ ਮਝਾਹੂ ਲਖਿ ਤੁਧਹੁ ਦੂਰਿ ਨ ਸੁ ਪਿਰੀ ॥

ਖ਼ਾਕ ਸ਼ੌ ਮਰਦਾਨਿ ਹੱਕ ਰਾ ਖ਼ਾਕ ਬਾਸ਼
ਨੈ ਪਏ ਦੁਨੀਆਇ ਦੂੰ ਗ਼ਮਨਾਕ ਬਾਸ਼ ॥੪੫੮॥

ਉਲਥਾ : ਖੇਹ ਬਣ ਜਾ, ਭਗਵਾਨ ਦੇ (ਭਗਤਾਂ) ਸੂਰਿਆਂ ਦੀ ਧੂੜੀ ਹੋ ਜਾ, ਗਈ ਗੁਜ਼ਰੀ ਦੁਨੀਆ ਵਾਸਤੇ ਗ਼ਮਗੀਨ (ਚਿੰਤਾਤੁਰ) ਨਾ ਹੋ।

ਗੁਰਬਾਣੀ : **ਕਬੀਰ ਰੋੜਾ ਹੂਆ ਤ ਕਿਆ ਭਇਆ ਪੰਥੀ ਕਉ ਦੁਖੁ ਦੇਇ ॥**
ਐਸਾ ਤੇਰਾ ਦਾਸੁ ਹੈ ਜਿਉ ਧਰਨੀ ਮਹਿ ਖੇਹ ॥

ਅਥਵਾ : **ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥**

ਅਥਵਾ : **ਆਪੀਨੈ੍ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥**
ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥

ਗਰ ਤੂ ਖ਼ਾਨੀ ਨੁਸਖ਼ਾ ਅਜ਼ ਸ਼ਾਨਿ ਇਸ਼ਕ
ਮੇਸ਼ਵੀ ਸਰਿ ਦਫ਼ਤਰਿ ਦੀਵਾਨਿ ਇਸ਼ਕ ॥੪੫੯॥

ਉਲਥਾ : ਜੇ ਤੂੰ ਪ੍ਰੀਤ ਦੀ ਸ਼ਾਨ ਵਾਲੀ ਪੁਸਤਕ ਪੜ੍ਹ ਲਵੇਂ, ਤੂੰ ਪ੍ਰੇਮ ਦੇ ਦਰਬਾਰ ਦਾ ਮੁਖੀ (ਸਰਦਾਰ) ਬਣ ਜਾਏਂਗਾ।

ਗੁਰਬਾਣੀ : **ਮਗਨੁ ਭਇਓ ਪ੍ਰਿਅ ਪ੍ਰੇਮ ਸਿਉ ਸੂਧ ਨ ਸਿਮਰਤ ਅੰਗ ॥**
ਪ੍ਰਗਟਿ ਭਇਓ ਸਭ ਲੋਅ ਮਹਿ ਨਾਨਕ ਅਧਮ ਪਤੰਗ ॥

ਇਸ਼ਕਿ ਮੌਲਾ ਮਰ ਤੁਰਾ ਮੌਲਾ ਕੁਨਦ
ਦਰ ਦੋ ਆਲਮ ਮਿਹਤਰੋ ਔਲਾ ਕੁਨਦ ॥੪੬੦॥

ਉਲਥਾ : ਸਾਈਂ ਦੀ ਪ੍ਰੀਤ, ਪਰੰਤੂ ਤੈਨੂੰ ਸਰਦਾਰ ਬਣਾ ਦਏਗੀ, ਦੋਹਾਂ ਜਹਾਨਾਂ ਵਿਚ ਵੱਡਾ ਤੇ ਸ਼੍ਰੋਮਣੀ ਬਣਾ ਦੇਏਗੀ।

ਗੁਰਬਾਣੀ : ਮੇਰੇ ਮਨ ਨਾਮੁ ਹਰੀ ਭਜੁ ਸਦਾ ਦੀਬਾਣੁ ॥
ਜੋ ਹਰਿ ਮਹਲੁ ਪਾਵੈ ਗੁਰ ਬਚਨੀ
ਤਿਸੁ ਜੇਵਡੁ ਅਵਰੁ ਨਾਹੀ ਕਿਸੈ ਦਾ ਤਾਣੁ ॥੧॥........॥੩॥
ਓਹੁ ਸਭ ਤੇ ਊਚਾ ਸਭ ਤੇ ਸੂਚਾ ਜਾ ਕੈ ਹਿਰਦੈ ਵਸਿਆ ਭਗਵਾਨੁ ॥

ਯਾ ਇਲਾਹੀ ਈਂ ਦਿਲਮ ਰਾ ਸ਼ੌਕ ਦਿਹ
ਲਜ਼ਤੇ ਅਜ਼ ਸ਼ੌਕਿ ਖ਼ਾਸੋ ਜ਼ੌਕ ਦਿਹ ॥੪੬੧॥

ਉਲਥਾ : ਹੇ ਵਾਹਿਗੁਰੂ! ਮੇਰੇ ਇਸ ਮਨ ਨੂੰ ਉਮਾਹ ਬਖ਼ਸ਼, ਵਿਸ਼ੇਸ਼ ਉਮਾਹ ਤੋਂ ਸੁਆਦ ਅਤੇ ਸਰੂਰ ਬਖ਼ਸ਼।

ਗੁਰਬਾਣੀ : ਦੀਨ ਦਇਆਲ ਕਰਹੁ ਉਤਸਾਹਾ ॥
ਨਾਨਕ ਦਾਸ ਹਰਿ ਸਰਣਿ ਸਮਾਹਾ ॥
ਅਥਵਾ : ਗੁਣ ਗੋਪਾਲ ਪ੍ਰਭ ਕੇ ਨਿਤ ਗਾਹਾ ॥
ਅਨਦ ਬਿਨੋਦ ਮੰਗਲ ਸੁਖ ਤਾਹਾ ॥

ਤਾ ਬ-ਯਾਦਤ ਬਗੁਜ਼ਰਦ ਰੋਜ਼ੋ ਸ਼ਬਮ
ਦਿਹ ਰਹਾਈ ਬੰਦਾ ਰਾ ਅਜ਼ ਬੰਦਿ ਗ਼ਮ ॥੪੬੨॥

ਉਲਥਾ : ਤਾਂ ਕਿ ਤੇਰੀ ਯਾਦ ਵਿਚ ਮੇਰਾ ਦਿਨ ਰਾਤ ਬਤੀਤ ਹੋਵੇ, ਦਾਸ ਨੂੰ ਚਿੰਤਾ ਦੀ ਕੈਦ ਤੋਂ ਛੁਟਕਾਰਾ ਬਖ਼ਸ਼।

ਗੁਰਬਾਣੀ : ਸਤਿਗੁਰ ਆਇਓ ਸਰਣਿ ਤੁਹਾਰੀ ॥
ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥

ਦੌਲਤੇ ਆਂ ਦਿਹ ਕਿ ਬਾਸ਼ਦ ਪਾਇਦਾਰ
ਸੁਹਬਤੇ ਆਂ ਦੇਹ ਕਿ ਬਾਸ਼ਦ ਗ਼ਮਗੁਸਾਰ ॥੪੬੩॥

ਉਲਥਾ : ਧਨ ਉਹ ਦੇ, ਜੋ ਸ਼ਕਤੀਵਰ (ਕਾਇਮ ਰਹਿਣ ਵਾਲਾ) ਹੋਵੇ, ਸੰਗਤ ਉਹ ਦੇ ਜੋ ਚਿੰਤਾ ਹਰਨਹਾਰ ਹੋਵੇ।

ਗੁਰਬਾਣੀ : ਈਤ ਊਤ ਪ੍ਰਭ ਤੁਮ ਸਮਰਥਾ ਸਭੁ ਕਿਛੁ ਤੁਮਰੈ ਹਾਥੇ॥
ਐਸਾ ਨਿਧਾਨੁ ਦੇਹੁ ਮੋ ਕਉ ਹਰਿ ਜਨ ਚਲੈ ਹਮਾਰੈ ਸਾਥੇ॥

ਅਥਵਾ : ਹਰਿ ਦੀਨਾ ਦੀਨ ਦਇਆਲ ਪ੍ਰਭੁ ਸਤਸੰਗਤਿ ਮੇਲਹੁ ਸੰਙੁ ॥
ਮਿਲਿ ਸੰਗਤਿ ਹਰਿ ਰੰਗੁ ਪਾਇਆ ਜਨ ਨਾਨਕ ਮਨਿ ਤਨਿ ਰੰਙੁ ॥

ਨੀਅਤੇ ਆਂ ਦਿਹ ਕਿ ਬਾਸ਼ਦ ਹੱਕ ਗੁਜ਼ਾਰ
ਹਿੰਮਤੇ ਆਂ ਦਿਹ ਕਿ ਬਾਸ਼ਦ ਜਾਂ ਨਿਸਾਰ ॥੪੬੪॥

ਉਲਥਾ : ਇਰਾਦਾ ਐਸਾ ਅਤਾ ਕਰ ਜੋ ਨਿਆਂਕਾਰ ਹੋਵੇ, ਹਿੰਮਤ ਉਹ ਬਖ਼ਸ਼ ਜੋ ਜਾਨ ਵਾਰਨ ਵਾਲੀ ਹੋਵੇ।

ਗੁਰਬਾਣੀ : ਜਿਸ ਕਾ ਅੰਗੁ ਕਰੇ ਮੇਰਾ ਪਿਆਰਾ॥
ਸੋ ਮੁਕਤਾ ਸਾਗਰ ਸੰਸਾਰਾ॥
ਸਤਿ ਕਰੇ ਜਿਨਿ ਗੁਰੂ ਪਛਾਤਾ ਸੋ ਕਾਹੇ ਕਉ ਡਰਦਾ ਜੀਉ॥

ਅਥਵਾ : ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥

ਹਰ ਚਿਹ ਦਾਰਦ ਦਰ ਰਹਤ ਕੁਰਬਾਂ ਕੁਨਦ
ਜਾਨੋਂ ਦਿਲ ਕੁਰਬਾਂ ਰਹਿ ਸੁਬਹਾਂ ਕੁਨਦ ॥੪੬੫॥

ਉਲਥਾ : ਜੋ ਕੁਝ (ਪਾਸ) ਰੱਖਦਾ ਹੈ, ਤੇਰੇ ਰਾਹ ਵਿਚ ਕੁਰਬਾਨ ਕਰ ਦਏ, ਤਨ ਮਨ ਵਿਸਮਾਦੀ (ਰੰਗੀਲੇ ਰਾਮ) ਦੇ ਰਾਹ 'ਤੇ ਵਿਛਾ ਦਏ।

ਗੁਰਬਾਣੀ : ਤਨੁ ਮਨੁ ਧਨੁ ਅਰਪਉ ਸਭੁ ਅਪਨਾ॥
ਕਵਨ ਸੁ ਮਤਿ ਜਿਤੁ ਹਰਿ ਹਰਿ ਜਪਨਾ॥
ਕਰਿ ਆਸਾ ਆਇਓ ਪ੍ਰਭ ਮਾਗਨਿ॥
ਤੁਮ੍ ਪੇਖਤ ਸੋਭਾ ਮੇਰੈ ਆਗਨਿ॥

ਦੀਦਾ-ਅਮ ਰਾ ਲੱਜ਼ਤਿ ਦੀਦਾਰ ਬਖ਼ਸ਼
ਸੀਨਾ-ਅਮ ਰਾ ਮਖ਼ਜ਼ਨਿ ਅਸਰਾਰ ਬਖ਼ਸ਼ ॥੪੬੬॥

ਉਲਥਾ : ਮੇਰੇ ਦੀਦਿਆਂ ਨੂੰ ਦੀਦਾਰ ਦਾ ਸੁਆਦ ਦਾਨ ਕਰ ਦੇ, ਮੇਰੀ ਛਾਤੀ ਵਿਚ ਭੇਦਾਂ ਦਾ ਭੰਡਾਰ ਭਰ ਦੇ।

ਗੁਰਬਾਣੀ : ਨੈਣੀ ਬਿਰਹੁ ਦੇਖਾ ਪ੍ਰਭ ਸੁਆਮੀ ਰਸਨਾ ਨਾਮੁ ਵਖਾਨੀ॥
ਸ੍ਰਵਣੀ ਕੀਰਤਨੁ ਸੁਨਉ ਦਿਨੁ ਰਾਤੀ ਹਿਰਦੈ ਹਰਿ ਹਰਿ ਭਾਨੀ॥
ਅਥਵਾ : ਚਲਿਤ ਤੁਮਾਰੇ ਪ੍ਰਗਟ ਪਿਆਰੇ ਦੇਖਿ ਨਾਨਕ ਭਏ ਨਿਹਾਲਾ ਜੀਉ॥

ਈਂ ਦਿਲਿ ਬਿਰਯਾਨਿ ਮਾ ਰਾ ਸ਼ੌਕ ਦਿਹ
ਦਰ ਗੁਲੂਏਮ ਬੰਦਗੀ ਰਾ ਤੌਕ ਦਿਹ॥੪੬੭॥

ਉਲਥਾ : ਸਾਡੇ ਇਸ ਸੜੇ-ਭੁਜੇ ਦਿਲ ਨੂੰ ਸ਼ੌਕ ਲਾ ਦੇ, ਸਾਡੇ ਗਲੇ ਵਿਚ ਬੰਦਗੀ ਦਾ ਪੱਟਾ ਪਹਿਨਾ ਦੇ।

ਗੁਰਬਾਣੀ : ਜਾ ਕੋ ਪ੍ਰੇਮ ਸੁਆਉ ਹੈ ਚਰਨ ਚਿਤਵ ਮਨ ਮਾਹਿ॥
ਨਾਨਕ ਬਿਰਹੀ ਬ੍ਰਹਮ ਕੇ ਆਨ ਨ ਕਤਹੂ ਜਾਹਿ॥

ਹਿਜਰਿ ਮਾ ਰਾ ਆਰਜ਼ੂਇ ਵਸਲ ਬਖ਼ਸ਼
ਈਂ ਖ਼ਿਜ਼ਾਨਿ ਜਿਸਮਿ ਮਾ ਰਾ ਫ਼ਜ਼ਲ ਬਖ਼ਸ਼॥੪੬੮॥

ਉਲਥਾ : ਸਾਡੇ ਵਿਛੋੜੇ ਨੂੰ ਮਿਲਾਪ ਦੀ ਲਾਲਸਾ (ਬਖ਼ਸ਼) ਲਾ। ਸਾਡੇ ਸਰੀਰ ਦੀ ਇਸ ਪੱਤਝੜ ਪੁਰ ਮਿਹਰ (ਬਖ਼ਸ਼ਸ਼) ਵਰਸਾ।

ਗੁਰਬਾਣੀ : ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ॥
ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ॥

ਹਰ ਸਰਿ ਮੂਅਮ ਜ਼ੁਬਾਂ ਕੁਨ ਅਜ਼ ਕਰਮ
ਤਾ ਬਗੋਇਮ ਵਸਫ਼ਿ ਹੱਕ ਰਾ ਦਮ-ਬ-ਦਮ॥੪੬੯॥

ਉਲਥਾ : ਮੇਰੇ ਰੋਮਾਂ (ਵਾਲਾਂ) ਦੇ ਹਰ ਸਿਰੇ ਨੂੰ ਕਿਰਪਾ ਕਰ ਕੇ ਜੀਭ ਬਣਾ ਦੇ, ਤਾਂ ਜੁ ਪ੍ਰਭੂ ਦੇ ਜਸ ਨੂੰ ਸੁਆਸ ਸੁਆਸ ਉਚਰਦਾ ਰਹਾਂ।

ਗੁਰਬਾਣੀ : ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥
ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥

ਵਸਫ਼ਿ ਹੱਕ ਬੇਰੂੰ ਬਵਦ ਅਜ਼ ਗੁਫ਼ਤਗੂ
ਈਂ ਹਦੀਸਿ ਸ਼ਾਹ ਬਾਸ਼ਦ ਕੂ-ਬ-ਕੂ॥੪੭੦॥

ਉਲਥਾ : ਪ੍ਰਭੂ ਦਾ ਜਸ ਕਹਿਣ ਕਥਨ ਤੋਂ ਬਾਹਰ ਹੈ, ਪਾਤਸ਼ਾਹ ਦੀ ਇਹ ਕਥਾ ਗਲੀਓਂ ਗਲੀ ਚਲੀ ਹੋਈ ਹੈ (ਹੋ ਰਹੀ ਹੈ, ਭਾਵ ਪ੍ਰਗਟ ਹੈ)।

ਗੁਰਬਾਣੀ : ਐਸਾ ਨਾਮੁ ਰਤਨੁ ਨਿਰਮੋਲਕੁ ਪੁੰਨਿ ਪਦਾਰਥੁ ਪਾਇਆ ॥
ਅਨਿਕ ਜਤਨ ਕਰਿ ਹਿਰਦੈ ਰਾਖਿਆ ਰਤਨੁ ਨ ਛਪੈ ਛਪਾਇਆ ॥੧॥
ਹਰਿ ਗੁਨ ਕਹਤੇ ਕਹਨੁ ਨ ਜਾਈ ॥
ਜੈਸੇ ਗੂੰਗੇ ਕੀ ਮਿਠਿਆਈ ॥੧॥

ਮਾਅਨੀਇ ਈਂ ਕੂ-ਬ-ਕੂ ਦਾਨੀ ਕਿ ਚੀਸਤ
ਹਮਦ ਗੋ ਦੀਗਰ ਮਗੋ ਈਂਸਤ ਜ਼ੀਸਤ ॥੪੭੧॥

ਉਲਥਾ : ਇਸ ਗਲੀਓਂ ਗਲੀ (ਵਾਲੀ ਗਲ) ਦਾ ਭਾਵ ਕੀ ਤੂੰ ਜਾਣਦਾ ਹੈ ਕਿ ਕੀ ਹੈ, (ਉਹ ਇਹ ਹੈ) ਜਸ ਬੋਲ ਹੋਰ ਕੁਝ ਨਾ ਕਹੁ, ਇਹੋ ਹੈ ਜੀਵਨਾ।

ਗੁਰਬਾਣੀ : ਜੀਵਨਾ ਸਫਲ ਜੀਵਨ ਸੁਨਿ ਹਰਿ ਜਪਿ ਜਪਿ ਸਦ ਜੀਵਨਾ ॥

ਜ਼ੀਸਤਨ ਦਰ ਬੰਦਗੀ ਔਲਾ ਬਵਦ
ਗਰ ਚਿਹ ਸਰ ਤਾ ਪਾ ਹਮਾ ਮੌਲਾ ਬਵਦ ॥੪੭੨॥

ਉਲਥਾ : (ਮਨੁੱਖ ਦਾ) ਜੀਵਨ ਬੰਦਗੀ ਵਿਚ ਹੀ ਉੱਤਮ ਹੁੰਦਾ ਹੈ, ਭਾਵੇਂ ਸਿਰ ਤੋਂ ਪੈਰਾਂ ਤਕ ਰੱਬ ਰੂਪ ਹੋ ਜਾਏ।

ਗੁਰਬਾਣੀ : ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ ॥
ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥

ਅਥਵਾ : ਸੁਣਿ ਬਾਵਰੇ ਮਤੁ ਜਾਣਹਿ ਪ੍ਰਭੁ ਮੈ ਪਾਇਆ ॥
ਸੁਣਿ ਬਾਵਰੇ ਥੀਉ ਰੇਣੁ ਜਿਨੀ ਪ੍ਰਭੁ ਧਿਆਇਆ ॥
ਜਿਨਿ ਪ੍ਰਭੁ ਧਿਆਇਆ ਤਿਨਿ ਸੁਖੁ ਪਾਇਆ ਵਡਭਾਗੀ ਦਰਸਨੁ ਪਾਈਐ ॥
ਥੀਉ ਨਿਮਾਣਾ ਸਦ ਕੁਰਬਾਣਾ ਸਗਲਾ ਆਪੁ ਮਿਟਾਈਐ ॥

ਗਰ ਦਿਹਦ ਤੌਫ਼ੀਕ ਫਜ਼ਲਿ ਜ਼ੁਲਜਲਾਲ
ਬੰਦਾ ਰਾ ਅਜ਼ ਬੰਦਗੀ ਬਾਸ਼ਦ ਕਮਾਲ ॥੪੭੩॥

ਉਲਥਾ : ਜੇ ਭਾਰੀ ਭੁਜਾਨ ਵਾਲੇ ਦੀ ਕਿਰਪਾ ਹਿੰਮਤ ਹੌਸਲਾ ਦਏ ਤਾਂ ਬੰਦੇ ਦੀ ਬੰਦਗੀ ਰਾਹੀਂ ਪੂਰਨਤਾ ਹੋ ਜਾਂਦੀ ਹੈ।

ਗੁਰਬਾਣੀ : ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ ॥
ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥

ਬੰਦਗੀ ਬਾਸ਼ਦ ਕਮਾਲਿ ਬੰਦਗੀ
ਬੰਦਗੀ ਬਾਸ਼ਦ ਨਿਸ਼ਾਨਿ ਜ਼ਿੰਦਗੀ ॥੪੭੪॥

ਉਲਥਾ : ਬੰਦਗੀ (ਸਿਮਰਨ-ਸੇਵਾ) ਦੀ ਸੰਪੂਰਨਤਾ ਆਤਮ-ਸਮਰਪਣ ਵਿਚ ਹੁੰਦੀ ਹੈ, ਆਤਮ-ਸਮਰਪਣ ਹੀ ਜੀਵਨ ਦੀ ਨਿਸ਼ਾਨੀ ਹੁੰਦੀ ਹੈ।

ਗੁਰਬਾਣੀ : ਗੁਰਿ ਹਰਿ ਪ੍ਰਭੁ ਅਗਮੁ ਦ੍ਰਿੜਾਇਆ ਮਨੁ ਤਨੁ ਰੰਗਿ ਭੀਨਾ ਰਾਮ ॥
ਭਗਤਿ ਵਛਲੁ ਹਰਿ ਨਾਮੁ ਹੈ ਗੁਰਮੁਖਿ ਹਰਿ ਲੀਨਾ ਰਾਮ ॥
ਬਿਨੁ ਹਰਿ ਨਾਮ ਨ ਜੀਵਦੇ ਜਿਉ ਜਲ ਬਿਨੁ ਮੀਨਾ ਰਾਮ ॥
ਸਫਲ ਜਨਮੁ ਹਰਿ ਪਾਇਆ ਨਾਨਕ ਪ੍ਰਭਿ ਕੀਨਾ ਰਾਮ ॥

ਜ਼ਿੰਦਗੀਇ ਬੰਦਾ ਰਾ ਈਂ ਬੰਦਗੀਸਤ
ਬੰਦਗੀਇ ਹੱਕ ਕਿ ਐਨ ਜ਼ਿੰਦਗੀਸਤ ॥੪੭੫॥

ਉਲਥਾ : ਬੰਦੇ ਦੀ ਜ਼ਿੰਦਗੀ ਲਈ ਇਹ ਬੰਦਗੀ ਹੀ ਹੈ, ਰੱਬ ਦੀ ਬੰਦਗੀ ਹੀ, ਕਿਉਂਕਿ ਬਿਲਕੁਲ ਸਹੀ ਜ਼ਿੰਦਗੀ ਹੈ।

ਗੁਰਬਾਣੀ : ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥

ਗਰ ਨਿਸ਼ਾਨਿ ਜ਼ਿੰਦਗੀ ਮੇਬਾਇਦਤ
ਬੰਦਗੀਇ ਹੱਕ ਤੁਰਾ ਮੇ-ਸ਼ਾਇਦਤ ॥੪੭੬॥

ਉਲਥਾ : ਜੇ ਤੈਨੂੰ ਜ਼ਿੰਦਗੀ ਦੀ ਨਿਸ਼ਾਨੀ ਚਾਹੀਦੀ ਹੈ, (ਤਾਂ) ਤੈਨੂੰ ਭਗਵਾਨ ਦੀ ਭਗਤੀ ਕਰਨੀ ਯੋਗ ਹੈ।

ਗੁਰਬਾਣੀ : ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥
ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ ॥

ਤਾ ਤਵਾਨੀ ਬੰਦਾ ਸ਼ੌ ਸਾਹਿਬ ਮਬਾਸ਼
ਬੰਦਾ ਰਾ ਜੁਜ਼ ਬੰਦਗੀ ਨ-ਬਾਸ਼ਦ ਤਲਾਸ਼ ॥੪੭੭॥

ਉਲਥਾ : ਜਿਥੋਂ ਤਕ ਤੈਥੋਂ ਹੋ ਸਕੇ ਸੇਵਕ ਹੋਇਆ ਰਹੁ, ਸੁਆਮੀ ਨਾ ਬਣ। ਸੇਵਕ ਨੂੰ ਸੇਵਾ ਦੇ ਸਿਵਾ ਹੋਰ ਭਾਲ ਨਹੀਂ ਹੁੰਦੀ।

ਗੁਰਬਾਣੀ : ਸੇਵਕ ਕਉ ਸੇਵਾ ਬਨਿ ਆਈ ॥
ਹੁਕਮੁ ਬੂਝਿ ਪਰਮ ਪਦੁ ਪਾਈ ॥

ਈਂ ਵਜੂਦਿ ਖ਼ਾਕ ਪਾਕ ਅਜ਼ ਬੰਦਗੀਸਤ
ਗੁ.ਫਤਗੂਹਾਇ ਦਿਗਰ ਸ਼ਰਮਿੰਦਗੀਸਤ ॥੪੭੮॥

ਉਲਥਾ : ਇਹ ਮਿੱਟੀ ਦਾ ਸਰੀਰ ਸਿਮਰਨ-ਸੇਵਾ (ਬੰਦਗੀ) ਸੰਗਿ ਪਵਿੱਤਰ ਪਾਵਨ ਹੁੰਦਾ ਹੈ, ਹੋਰ ਗੱਲਾਂ-ਬਾਤਾਂ (ਵਿਚ) ਸ਼ਰਮਿੰਦਗੀ ਹੈ।

ਗੁਰਬਾਣੀ : ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ ॥
ਨਾਮੁ ਜਪੈ ਨਾਨਕ ਮਨਿ ਪ੍ਰੀਤਿ ॥

ਅਥਵਾ : ਲਾਜ ਮਰੈ ਜੋ ਨਾਮੁ ਨ ਲੇਵੈ ॥
ਨਾਮ ਬਿਹੂਨ ਸੁਖੀ ਕਿਉ ਸੋਵੈ ॥

ਬੰਦਗੀ ਕੁਨ ਜ਼ਾਂ ਕਿ ਊ ਬਾਸ਼ਦ ਕਬੂਲ
ਬਿਗੁਜ਼ਰ ਅਜ਼ ਖ਼ੁਦ-ਬੀਨੀ ਓ ਤਰਜ਼ਿ ਜਹੂਲ ॥੪੭੯॥

ਉਲਥਾ : ਸਿਮਰਨ-ਸੇਵਾ (ਬੰਦਗੀ) ਕਰ, ਕਿਉਂਕਿ ਉਹ ਪ੍ਰਵਾਨ ਪੈਂਦੀ ਹੈ, ਮਨਮੁਖੀ ਅਤੇ ਮੂਰਖੀ ਮਰਿਆਦਾ ਤਿਆਗ ਕਰ ਦੇ।

ਗੁਰਬਾਣੀ : ਬਿਨੁ ਭਗਤਿ ਸਕਤਿ ਨਹੀ ਪਰਤ ਪਾਲ ॥
ਬਹੁ ਕਰਤ ਹੋਮ ਅਰ ਜੱਗ ਦਾਨ ॥
ਬਿਨੁ ਏਕ ਨਾਮ ਇਕ ਚਿਤ ਲੀਨ ॥
ਫੋਕਟੋ ਸਰਬ ਧਰਮਾ ਬਿਹੀਨ ॥੨੦॥ *(ਅਕਾਲ ਉਸਤਤਿ)*

ਅਥਵਾ : ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥

ਦਰ ਦਿਲਿ ਸਾਹਿਬ-ਦਿਲਾਂ ਆਇਦ ਪਸੰਦ
ਰੁਤਬਾ-ਅਤ ਗਰਦਦ ਅਜ਼ਾਂ ਹਰਦਮ ਬੁਲੰਦ ॥੪੮੦॥

ਉਲਥਾ : ਦਿਲਾਂ ਦੇ ਮਾਲਕਾਂ ਨੂੰ (ਇਹ ਬੰਦਗੀ) ਚੰਗੀ ਲਗਦੀ ਹੈ, ਤੇਰੀ ਪਦਵੀ ਇਸੇ ਨਾਲ ਪਲੋ ਪਲੀ ਉਚੇਰੀ ਹੋਈ ਜਾਂਦੀ ਹੈ।

ਗੁਰਬਾਣੀ : ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ ॥
ਜਿਉ ਜਿਉ ਸਾਹਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ ॥
ਮਨੁ ਤਨੁ ਤੇਰਾ ਤੂ ਧਣੀ ਗਰਬੁ ਨਿਵਾਰਿ ਸਮੇਉ ॥੩॥

ਮੁਰਸ਼ਦਿ ਕਾਮਿਲ ਕਿ ਊ ਅਰਸ਼ਾਦ ਕਰਦ
ਈਂ ਦਿਲਤ ਅਜ਼ ਯਾਦਿ ਹੱਕ ਆਬਾਦ ਕਰਦ ॥੪੮੧॥

ਉਲਥਾ : ਪੂਰਨ ਸਤਿਗੁਰੂ ਉਹ ਕਿ ਜਿਸ ਨੇ ਹਿਦਾਇਤ ਕੀਤੀ (ਸਹੀ ਰਾਹੇ ਪਾਇਆ), ਤੇਰੇ ਇਸ ਦਿਲ ਨੂੰ ਪ੍ਰਭੂ ਦੀ ਯਾਦ (ਸਿਮਰਨ) ਨਾਲ ਆਬਾਦ ਕਰ ਦਿੱਤਾ।

ਗੁਰਬਾਣੀ : ਭੂਲੇ ਮਾਰਗੁ ਜਿਨਹਿ ਬਤਾਇਆ ॥
ਐਸਾ ਗੁਰੁ ਵਡਭਾਗੀ ਪਾਇਆ ॥

ਅਥਵਾ : ਕਲਿ ਕਲੇਸ ਮਿਟੇ ਹਰਿ ਨਾਇ ॥
ਦੁਖ ਬਿਨਸੇ ਸੁਖ ਕੀਨੋ ਠਾਉ ॥
ਜਪਿ ਜਪਿ ਅੰਮ੍ਰਿਤ ਨਾਮੁ ਅਘਾਏ ॥
ਸੰਤ ਪ੍ਰਸਾਦਿ ਸਗਲ ਫਲ ਪਾਏ ॥ (ਸੰਤ = ਗੁਰੂ)

ਈਂ ਹਮਾ ਅਰਸ਼ਾਦ ਦਰ ਦਿਲ ਨਕਸ਼-ਬੰਦ
ਤਾ ਸ਼ਵੀ ਦਰ ਹਰ ਦੋ ਆਲਮ ਸਰ ਬੁਲੰਦ ॥੪੮੨॥

ਉਲਥਾ : ਇਸ ਮੁਕੰਮਲ ਹਿਦਾਇਤ ਨੂੰ ਹਿਰਦੇ ਵਿਚ ਦ੍ਰਿੜ੍ਹ ਕਰ ਲੈ (ਪੱਕੀ ਤਰ੍ਹਾਂ ਉਕਰ ਲੈ, ਮੂਰਤੀਮਾਨ ਕਰ ਲੈ) ਤਾਂ ਜੁ ਦੋਹਾਂ ਜਹਾਨਾਂ ਵਿਚ ਉਚੀਆਂ ਸ਼ਾਨਾਂ ਵਾਲਾ ਹੋ ਜਾਵੇਂ।

ਗੁਰਬਾਣੀ : ਗੁਰ ਮੂਰਤਿ ਸਿਉ ਲਾਇ ਧਿਆਨੁ ॥
ਈਹਾ ਊਹਾ ਪਾਵਹਿ ਮਾਨੁ ॥

ਈਂ ਵਜੂਦਿ ਮਿਸ ਤੁਰਾ ਸਾਜ਼ਦ ਤਿਲਾ
ਈਂ ਤਿਲਾ ਮਾਅਲੂਮ ਅਜ਼ ਯਾਦਿ ਖ਼ੁਦਾ ॥੪੮੩॥

ਉਲਥਾ : ਇਸ ਤੇਰੇ ਤਾਂਬੇ ਵਰਗੇ ਤਨ ਨੂੰ ਕੰਚਨ (ਸੋਨਾ) ਕਰ ਦਏਗਾ (ਬਣਾ ਦਏਗਾ); ਇਹ ਕੰਚਨ ਪ੍ਰਭੂ ਦੇ ਸਿਮਰਨ ਨਾਲ ਹੀ ਸਪੱਸ਼ਟ (ਸਹੀ) ਹੁੰਦਾ ਹੈ।

ਗੁਰਬਾਣੀ : ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ ॥
ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ ॥

ਆਂ ਤਿਲਾ ਫ਼ਾਨੀ ਵਾ ਸਦ ਮੌਜਿ ਬਲਾ
ਈਂ ਤਿਲਾ ਬਾਕੀ ਚੂ ਜ਼ਾਤਿ ਕਿਬਰੀਆ ॥੪੮੪॥

ਉਲਥਾ : ਉਹ ਸੋਨਾ ਨਾਸ਼ਮਾਨ ਅਤੇ ਸੈਂਕੜੇ ਆਫ਼ਤਾਂ ਦੀ ਲਹਿਰ ਭਾਵ ਕਾਰਨ ਹੈ, (ਪਰ) ਇਹ ਸੋਨਾ ਅਲਹ ਦੀ ਜ਼ਾਤ ਵਾਂਗ ਸਦੀਵੀ ਹੈ।

ਗੁਰਬਾਣੀ : ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥

ਅਥਵਾ : ਨਾਮ ਧਨ ਬਿਨੁ ਹੋਰ ਸਭ ਬਿਖੁ ਜਾਣੁ ॥
ਮਾਇਆ ਮੋਹਿ ਜਲੈ ਅਭਿਮਾਨੁ ॥ (ਜਰ = ਜ਼ਰ = ਸੋਨਾ, ਭਾਵ ਮਾਇਆ)

ਦੌਲਤ ਅੰਦਰ ਖ਼ਾਕਿ ਪਾਇ ਮੁਕਬਲਾਂ
ਦੌਲਤੇ ਕਾਂ ਰਾ ਨਮੀ ਆਯਦ ਜ਼ਿਆਂ ॥੪੯੫॥

ਉਲਥਾ : ਮਾਇਆ ਪ੍ਰਵਾਨ ਪਇਆਂ ਦੇ ਚਰਨਾਂ ਦੀ ਧੂੜੀ ਵਿਚ ਹੈ, ਇਹ ਐਸੀ ਮਾਇਆ ਹੈ, ਜਿਸ ਨੂੰ ਕਦੇ ਘਾਟ ਨਹੀਂ ਵਾਪਰਦੀ।

ਗੁਰਬਾਣੀ : ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥
ਚਰਣੀ ਲਾਗੈ ਤਾ ਮਹਲੁ ਪਾਵੈ ॥

ਅਥਵਾ : ਇਹੁ ਧਨੁ ਅਖੁਟੁ ਨ ਨਿਖੁਟੈ ਨ ਜਾਇ ॥
ਪੂਰੈ ਸਤਿਗੁਰਿ ਦੀਆ ਦਿਖਾਇ ॥

ਆਕਬਤ ਦੀਦੀ ਖ਼ਿਜ਼ਾਂ ਆਵੁਰਦ ਬਾਰ
ਵਰਨਾ ਦਰ ਦੁਨੀਆ ਹਮਾ ਫ਼ਸਲਿ ਬਹਾਰ ॥੪੯੬॥

ਉਲਥਾ : ਅਖ਼ੀਰ, ਤੂੰ ਵੇਖਿਆ (ਮਾਇਆ) ਪਤਝੜ ਦਾ ਫਲ ਲੈ ਆਈ। (ਭਾਵ ਹਰ ਪੈਦਾ ਹੋਇਆ ਪਦਾਰਥ ਦਾ ਅੰਤ ਨੂੰ ਅੰਤ ਹੋ ਜਾਂਦਾ ਹੈ)। ਨਹੀਂ ਤਾਂ ਦੁਨੀਆ ਵਿਚ ਸਾਰੇ ਬਸੰਤ ਦੀ ਰੁੱਤ ਹੈ।

ਗੁਰਬਾਣੀ : ਮਾਹਾ ਰੁਤੀ ਆਵਣਾ ਵੇਖਹੁ ਕਰਮ ਕਮਾਇ ॥
ਨਾਨਕ ਹਰੇ ਨ ਸੂਕਹੀ ਜਿ ਗੁਰਮੁਖਿ ਰਹੇ ਸਮਾਇ ॥

ਈਂ ਬਹਾਰ ਤਾਜ਼ਾ ਬਾਸ਼ਦ ਤਾ ਅਬਦ
ਯਾ ਇਲਾਹੀ ਦੂਰ ਦਾਰ ਅਜ਼ ਚਸ਼ਮਿ ਬਦ ॥੪੯੭॥

ਉਲਥਾ : ਇਹ ਬਸੰਤ ਜੁਗਾਂਤਰਾਂ ਤਾਈਂ ਹਰੀ ਭਰੀ ਰਹਿੰਦੀ ਹੈ, ਹੇ ਅਨੰਤ (ਇਸ ਨੂੰ) ਬੁਰੀ ਨਜ਼ਰ ਤੋਂ ਪਰੇ ਰੱਖ।

ਗੁਰਬਾਣੀ : ਤਿਸੁ ਬਸੰਤੁ ਜਿਸੁ ਪ੍ਰਭੁ ਕ੍ਰਿਪਾਲੁ ॥
ਤਿਸੁ ਬਸੰਤੁ ਜਿਸੁ ਗੁਰੁ ਦਇਆਲੁ ॥

ਮੰਗਲੁ ਤਿਸ ਕੈ ਜਿਸੁ ਏਕੁ ਕਾਮੁ ॥
ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮੁ ॥

ਹਰ ਕਿ ਖ਼ਾਕਿ ਪਾਇ ਸ਼ਾਂ ਰਾ ਸੁਰਮਾ ਯਾਫ਼ਤ
ਬਰ ਰੁਖ਼ਸ਼ ਤਹਿਕੀਕ ਨੂਰਿ ਮਿਹਰ ਤਾਫ਼ਤ ॥੪੮੮॥

ਉਲਥਾ : ਜਿਸ ਕਿਸੇ ਨੂੰ ਉਨ੍ਹਾਂ (ਭਗਤਾਂ) ਦੇ ਚਰਨਾਂ ਦੀ ਧੂੜ ਦਾ ਸੁਰਮਾ ਮਿਲ ਗਿਆ, ਸੱਚ ਜਾਣ ਉਸ ਦੇ ਮੁਖ, ਮਸਤਕ 'ਤੇ ਸੂਰਜ ਦਾ ਨੂਰ ਦਮਕਣ ਲੱਗ ਪਿਆ।

ਗੁਰਬਾਣੀ : ਨਾਮ ਪਰਸੁ ਜਿਨਿ ਪਾਇਓ ਸਤੁ ਪ੍ਰਗਟਿਓ ਰਵਿ ਲੋਇ ॥
ਦਰਸਨਿ ਪਰਸਿਐ ਗੁਰੂ ਕੈ ਅਠਸਠਿ ਮਜਨੁ ਹੋਇ ॥

ਅਥਵਾ : ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥

ਆਰਿਫ਼ਿ ਅੱਲਾਹ ਦਰ ਦੁਨੀਆ ਬਵਦ
ਦਰ ਹਕੀਕਤ ਤਾਲਬਿ ਮੌਲਾ ਬਵਦ ॥੪੮੯॥

ਉਲਥਾ : ਅਨੰਤ ਦਾ ਜਾਣੂ ਦੁਨੀਆ ਵਿਚ ਹੀ ਰਹਿੰਦਾ ਹੈ, ਪਰ ਅਸਲ ਵਿਚ ਪ੍ਰਭੂ ਦਾ ਹੀ ਇੱਛਕ ਹੁੰਦਾ ਹੈ।

ਗੁਰਬਾਣੀ : ਬਾਹਰਿ ਸੂਤੁ ਸਗਲ ਸਿਉ ਮਉਲਾ ॥
ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ ॥੧॥ਰਹਾਉ॥
ਮੁਖ ਕੀ ਬਾਤ ਸਗਲ ਸਿਉ ਕਰਤਾ ॥
ਜੀਅ ਸੰਗਿ ਪ੍ਰਭੁ ਅਪੁਨਾ ਧਰਤਾ ॥

ਜ਼ਿਕਰਿ ਮੌਲਾ ਦਮ-ਬ-ਦਮ ਦਰ ਜਾਨਿ ਊ
ਆਇਤਿ ਨਾਮਿ ਖ਼ੁਦਾ ਦਰ ਸ਼ਾਨਿ ਊ ॥੪੯੦॥

ਉਲਥਾ : ਪ੍ਰਭੂ ਦਾ ਸਿਮਰਨ ਸਵਾਸ ਸਵਾਸ ਉਸ ਦੀ ਆਤਮਾ ਵਿਚ ਚਲਦਾ ਹੈ, ਰੱਬ ਦੇ ਨਾਮ ਦੀ ਤੁਕ ਉਸੇ ਦੀ ਸ਼ਾਨ ਵਿਚ (ਉਚਰਦਾ ਰਹਿੰਦਾ ਹੈ)।

ਗੁਰਬਾਣੀ : ਭਗਤਾ ਮੁਖਿ ਅੰਮ੍ਰਿਤ ਹੈ ਬਾਣੀ ॥
ਗੁਰਮੁਖਿ ਹਰਿ ਨਾਮੁ ਆਖਿ ਵਖਾਣੀ ॥
ਹਰਿ ਹਰਿ ਕਰਤ ਸਦਾ ਮਨੁ ਬਿਗਸੈ ਹਰਿ ਚਰਣੀ ਮਨੁ ਲਾਈ ਹੇ ॥੧੩॥
(ਮਾਰੂ ਮ: ੪)

ਹਰ ਨ.ਫ਼ਸ ਦਾਰੰਦ ਦਿਲ ਰਾ ਸੂਇ ਹੱਕ
ਸ਼ੁਦ ਮੁਅੱਤਰ ਮ.ਗਜ਼ਿ ਸ਼ਾਂ ਅਜ਼ ਬੂਇ ਹੱਕ ॥੪੯੧॥

ਉਲਥਾ : ਹਰ ਸਾਸ ਦਿਲ ਨੂੰ ਦਾਤੇ ਦੀ ਦਿਸ਼ਾ ਵੱਲ ਲਾਈ ਰਖਦੇ ਹਨ, ਉਨ੍ਹਾਂ ਦਾ ਦਿਮਾਗ਼ ਪ੍ਰਭੂ ਦੀ ਸੋਅ (ਸੁਗੰਧੀ) ਨਾਲ ਸੁਗੰਧਿਤ ਹੋ ਗਿਆ ਹੈ।

ਗੁਰਬਾਣੀ : ਨਦਰਿ ਕਰੇ ਤਾ ਸਤਿਗੁਰੁ ਮੇਲੇ ਅਨਦਿਨੁ ਬਿਬੇਕ ਬੁਧਿ ਬਿਚਰੈ ॥
ਅੰਦਰਿ ਸਾਚਾ ਨੇਹੁ ਪੂਰੇ ਸਤਿਗੁਰੈ ॥

ਹਰ ਦਮੇ ਕੂ ਬਾਂ ਖ਼ੁਦਾ ਵਾਸਿਲ ਬਵਦ
ਹਾਸਿਲਿ ਈਂ ਉਮਰ ਰਾ ਹਾਸਿਲ ਬਵਦ ॥੪੯੨॥

ਉਲਥਾ : ਹਰ ਸਾਹ ਸੇਤੀ ਕਿ ਜੋ ਪਾਤਸ਼ਾਹ ਨਾਲ ਸੁਮੇਲੀ (ਜੁੜਿਆ) ਹੁੰਦਾ ਹੈ, (ਉਸ ਨੂੰ) ਇਸ ਜੀਵਨ ਦਾ ਲਾਹਾ ਮਿਲ ਗਿਆ ਹੁੰਦਾ ਹੈ।

ਗੁਰਬਾਣੀ : ਬਲਿਹਾਰੀ ਗੁਰ ਅਪਣੇ ਵਿਟਹੁ ਜਿਨਿ ਸਾਚੇ ਸਿਉ ਲਿਵ ਲਾਈ ॥
ਸਬਦੁ ਚੀਨ੍ਹਿ ਆਤਮੁ ਪਰਗਾਸਿਆ ਸਹਜੇ ਰਹਿਆ ਸਮਾਈ ॥

ਹਾਸਿਲਿ ਈਂ ਉਮਰ ਪੇਸ਼ਿ ਮੁਰਸ਼ਿਦ ਅਸਤ
ਨਾਮਿ ਹੱਕ ਚੂੰ ਬਰ ਜ਼ੁਬਾਨਸ਼ ਵਾਰਿਦ ਅਸਤ ॥੪੯੩॥

ਉਲਥਾ : ਇਸ ਜੀਵਨ ਦਾ ਲਾਭ ਸਤਿਗੁਰੂ ਪਾਸ ਹੈ, ਪ੍ਰਭੂ ਦਾ ਨਾਮ ਉਸਦੀ ਰਸਨਾ ਉਪਰ ਵੱਸਦਾ ਹੈ।

ਗੁਰਬਾਣੀ : ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥
ਨਾਨਕ ਜਨ ਕਾ ਦਾਸਨਿ ਦਸਨਾ ॥

ਮੁਰਸ਼ਦਿ ਕਾਮਿਲ ਬਵਦ ਦੀਦਾਰਿ ਹੱਕ
ਕਜ਼ ਜ਼ੁਬਾਨਸ਼ ਬਿਸ਼ਨਵੀ ਅਸਰਾਰਿ ਹੱਕ ॥੪੯੪॥

ਉਲਥਾ : ਪੂਰਾ ਸਤਿਗੁਰੂ ਰੱਬ ਦਾ ਹੀ ਦੀਦਾਰ ਹੁੰਦਾ ਹੈ, ਉਸ ਦੀ ਰਸਨਾ ਤੋਂ ਤੂੰ ਰੱਬ ਦੇ ਭੇਦ ਸੁਣਦਾ ਹੈਂ।

ਗੁਰਬਾਣੀ : ਗੁਰੁ ਪਰਮੇਸਰੁ ਏਕੋ ਜਾਣੁ ॥
ਜੋ ਤਿਸੁ ਭਾਵੈ ਸੋ ਪਰਵਾਣੁ ॥

ਅਥਵਾ : ਚਰਨ ਭਏ ਸੰਤ ਬੋਹਿਥਾ ਤਰੇ ਸਾਗਰੁ ਜੇਤ ॥
ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ ॥

ਸੂਰਤਿ ਹੱਕ ਮੁਰਸ਼ਦਿ ਕਾਮਿਲ ਬਵਦ
ਨਕਸ਼ਿ ਊ ਦਾਇਮ ਦਰੂਨਿ ਦਿਲ ਬਵਦ ॥੪੯੫॥

ਉਲਥਾ : ਪੂਰਾ ਸਤਿਗੁਰੂ ਰੱਬ ਦਾ ਰੂਪ ਹੁੰਦਾ ਹੈ। ਉਸ ਦੀ (ਰੱਬ ਦੀ) ਮੂਰਤ ਸਦੀਵ ਉਸ ਦੇ (ਗੁਰੂ ਦੇ) ਅੰਤਰੀਵ ਵਸਦੀ ਹੈ।

ਗੁਰਬਾਣੀ : ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ ॥
ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ ॥
ਗੁਰੁ ਮੇਰਾ ਦੇਉ ਅਲਖ ਅਭੇਉ ॥
ਸਰਬ ਪੂਜ ਚਰਨ ਗੁਰ ਸੇਉ ॥

ਨਕਸ਼ਿ ਊ ਚੂੰ ਦਰ ਦਿਲਿ ਕਸ ਜਾ ਕੁਨਦ
ਹਰਫ਼ਿ ਹੱਕ ਅੰਦਰ ਦਿਲਸ਼ ਮਾਵਾ ਕੁਨਦ ॥੪੯੬॥

ਉਲਥਾ : ਉਸਦੀ (ਗੁਰੂ ਦੀ) ਮੂਰਤ ਜਦ ਕਿਸੇ ਦੇ ਦਿਲ ਵਿਚ ਥਾਂ ਬਣਾ ਲੈਂਦੀ ਹੈ, (ਇੱਕੋ) ਅਕਾਲ ਦਾ ਅੱਖਰ ਉਸਦੇ ਹਿਰਦੇ ਵਿਚ ਟਿਕਾਣਾ ਕਰ ਲੈਂਦਾ ਹੈ।

ਗੁਰਬਾਣੀ : ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥
ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥

ਅਥਵਾ : ਆਏ ਪ੍ਰਭ ਸਰਨਾਗਤੀ ਕਿਰਪਾ ਨਿਧਿ ਦਇਆਲ ॥
ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ ॥

ਖ਼ਾਸਤਮ ਤਰਤੀਬਿ ਈਂ ਦੁੱਰ ਦਾਨਾ ਰਾ
ਕਿ ਆਸ਼ਨਾ ਸਾਜ਼ਦ ਦਿਲਿ ਬੇਗਾਨਾ ਰਾ ॥੪੯੭॥

ਉਲਥਾ : ਮੈਂ ਚਾਹਿਆ, ਇਨ੍ਹਾਂ ਮੋਤੀਆਂ ਦੇ ਮਣਕਿਆਂ ਨੂੰ ਤਰਤੀਬ ਦੇ ਦਿਆਂ, ਤਾਂ ਕਿ ਇਹ ਅਗਿਆਤ ਦਿਲਾਂ ਨੂੰ (ਪਰਮੇਸ਼ਰ ਦਾ ਜਾਣੂ) ਪ੍ਰੇਮੀ ਬਣਾ ਦਏ।

ਗੁਰਬਾਣੀ : ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥
ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ ॥
ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥

ਅਥਵਾ : ਕਾਇਆ ਕਾਗਦੁ ਜੇ ਥੀਐ ਪਿਆਰੇ ਮਨੁ ਮਸਵਾਣੀ ਧਾਰਿ ॥
ਲਲਤਾ ਲੇਖਣਿ ਸਚ ਕੀ ਪਿਆਰੇ ਹਰਿ ਗੁਣ ਲਿਖਹੁ ਵੀਚਾਰਿ ॥ (ਲਲਤਾ = ਜੀਭ)
ਧਨੁ ਲੇਖਾਰੀ ਨਾਨਕਾ ਪਿਆਰੇ ਸਾਚੁ ਲਿਖੈ ਉਰਿਧਾਰਿ ॥

ਆਬਿ ਹੈਵਾਂ ਪੁਰ ਸ਼ੁਦਾ ਚੂੰ ਜਾਮਿ ਊ
ਜ਼ਿੰਦਗੀ ਨਾਮਾ ਸ਼ੁਦਾ ਜ਼ਾਂ ਨਾਮਿ ਊ ॥੪੯੮॥

ਉਲਥਾ : ਜਦ ਅੰਮ੍ਰਿਤ-ਜਲਨਾਲ ਇਹ (ਮਹਾਂ-ਕਾਵਿ ਰੂਪ) ਪਿਆਲਾ ਭਰਪੂਰ ਹੋ ਗਿਆ, 'ਜ਼ਿੰਦਗੀ ਨਾਮਾ' ਇਸੇ ਕਾਰਨ ਉਸ ਦਾ ਨਾਮ (ਮਸ਼ਹੂਰ) ਹੋ ਗਿਆ।

ਗੁਰਬਾਣੀ : ਕਰਿ ਕਿਰਪਾ ਗੁਰ ਪਾਰਬ੍ਰਹਮ ਪੂਰੇ ਅਨਦਿਨੁ ਨਾਮੁ ਵਖਾਣਾ ਰਾਮ ॥
ਅੰਮ੍ਰਿਤ ਬਾਣੀ ਉਚਰਾ ਹਰਿ ਜਸੁ ਮਿਠਾ ਲਾਗੈ ਤੇਰਾ ਭਾਣਾ ਰਾਮ ॥

ਕਜ਼ ਤਕੱਲੁਮ ਬੂਇ ਇਰਫ਼ਾਂ ਆਇਦਸ਼
ਵਜ਼ ਦਿਲਿ ਆਲਮ ਗਿਰਾਹ ਬਿਕੁਸ਼ਾਇਦਸ਼ ॥੪੯੯॥

ਉਲਥਾ : ਇਸ ਦੇ ਬੋਲਾਂ ਤੋਂ ਸੰਸਾਰ ਨੂੰ ਰੱਬੀ ਗਿਆਨ ਦੀ ਸੁਗੰਧੀ ਆਏਗੀ ਅਤੇ ਜਿਸ ਤੋਂ ਸੰਸਾਰ ਦੇ ਮਨ ਦੀ ਗੰਢ ਖੁੱਲ੍ਹੇਗੀ।

ਗੁਰਬਾਣੀ : ਜਾ ਕਾਰਣਿ ਇਹ ਦੁਲਭ ਦੇਹ ॥
ਸੋ ਬੋਲੁ ਮੇਰੇ ਪ੍ਰਭੂ ਦੇਹਿ ॥
ਸਾਧਸੰਗਤਿ ਮਹਿ ਇਹੁ ਬਿਸ੍ਰਾਮੁ ॥
ਸਦਾ ਰਿਦੈ ਜਪੀ ਪ੍ਰਭ ਤੇਰੋ ਨਾਮੁ ॥

ਹਰ ਕਿ ਖ਼ਾਨਦ ਅਜ਼ ਰਹਿ ਲੁਤਫ਼ੋ ਕਰਮ
ਗਰਦਦਸ਼ ਦਰ ਰਾਹਿ ਇਰਫ਼ਾਂ ਮੁਹਤਰਿਮ ॥੫੦੦॥

ਉਲਥਾ : ਜਿਹੜਾ ਕੋਈ (ਰੱਬੀ) ਮਿਹਰ ਅਤੇ ਕਿਰਪਾ ਰਾਹੀਂ ਇਸ ਨੂੰ ਪੜ੍ਹੇਗਾ, ਉਹ ਰੱਬੀ ਗਿਆਨ ਦੇ ਮਾਰਗ ਵਿਚ ਮਾਨਯੋਗ ਹੋ ਜਾਏਗਾ।

ਗੁਰਬਾਣੀ : ਪ੍ਰਭ ਬਾਣੀ ਸਬਦੁ ਸੁਭਾਖਿਆ ॥
ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ ॥ਰਹਾਉ॥
ਸਾਚਾ ਸਾਹਿਬੁ ਅਮਿਤਿ ਵਡਾਈ ਭਗਤਿ ਵਛਲ ਦਇਆਲਾ ॥
ਸੰਤਾ ਕੀ ਪੈਜ ਰਖਦਾ ਆਇਆ ਆਦਿ ਬਿਰਦੁ ਪ੍ਰਤਿਪਾਲਾ ॥੨॥

ਹਸਤ ਜ਼ਿਕਰਿ ਆਰਿਫ਼ਾਨਿ ਪਾਕ ਰਾ
ਆਂ ਕਿ ਊ ਰੌਸ਼ਨ ਕੁਨਦ ਇਦਰਾਕ ਰਾ ॥੫੦੧॥

ਉਲਥਾ : (ਇਸ ਮਹਾਂ ਕਾਵਿ ਵਿਚ) ਪਵਿੱਤਰ ਰੱਬੀ ਗਿਆਨਵਾਨਾਂ ਦਾ ਵਰਨਣ ਹੈ, ਜਿਹੜਾ ਕਿ ਬਿਬੇਕ ਬੁੱਧੀ ਨੂੰ ਰੌਸ਼ਨ ਕਰ ਦਿੰਦਾ ਹੈ।

ਗੁਰਬਾਣੀ : ਜਿਨ ਡਿਠਿਆ ਮਨੁ ਰਹਸੀਐ ਕਿਉ ਪਾਈਐ ਤਿਨ੍ਹ ਸੰਗੁ ਜੀਉ ॥
ਸੰਤ ਸਜਨ ਮਨ ਮਿਤ੍ਰ ਸੇ ਲਾਇਨਿ ਪ੍ਰਭ ਸਿਉ ਰੰਗੁ ਜੀਉ ॥

ਨੇਸਤ ਦਰ ਵੈ ਮੁੰਦਰਜ ਐ ਬਾ-ਖ਼ਬਰ
ਗ਼ੈਰ ਹਰਫ਼ਿ ਬੰਦਗੀ ਹਰਫ਼ਿ ਦਿਗਰ ॥੫੦੨॥

ਉਲਥਾ : ਹੇ ਹੋਸ਼ਵੰਦ! ਇਸ ਵਿਚ ਅੰਕਿਤ ਹੀ ਨਹੀਂ ਹੈ, ਬੰਦਗੀ ਬਿਨਾਂ ਦੂਜਾ ਅੱਖਰ ਜਾਂ ਦੂਜੀ ਬਾਤ।

ਗੁਰਬਾਣੀ : ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿਧਾਰੋ ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥

ਯਾਦਿ ਹਕ ਸਰਮਾਯਾ-ਇ ਰੌਸ਼ਨ-ਦਿਲੀਸਤ
ਗ਼ੈਰ ਯਾਦਿ ਹੱਕ ਹਮਾ ਬੇ-ਹਾਸਲੀਸਤ ॥੫੦੩॥

ਉਲਥਾ : ਪ੍ਰਭੂ ਦਾ ਸਿਮਰਨ ਰੌਸ਼ਨ ਦਿਲ (ਦਿਲ-ਸਾਬਤੀ) ਦੀ ਪੂੰਜੀ ਹੈ, ਪ੍ਰਭੂ ਸਿਮਰਨ ਤੋਂ ਬਿਨਾਂ ਸਭ ਕੁਝ ਵਿਅਰਥ ਹੈ।

ਗੁਰਬਾਣੀ : ਗੋਬਿਦ ਭਜਨ ਬਿਨੁ ਬ੍ਰਿਥੇ ਸਭ ਕਾਮ ॥
ਜਿਉ ਕਿਰਪਨ ਕੇ ਨਿਰਾਰਥ ਦਾਮ ॥

ਹਰਫ਼ਿ ਦੀਗਰ ਨੇਸਤ ਗ਼ੈਰ ਅਜ਼ ਯਾਦਿ ਹੱਕ
ਯਾਦਿ ਹੱਕ ਹਾਂ ਯਾਦਿ ਹੱਕ ਹਾਂ ਯਾਦਿ ਹੱਕ ॥੫੦੪॥

ਉਲਥਾ : ਰੱਬ ਦੇ ਸਿਮਰਨ ਦੇ ਸਿਵਾ ਦੂਜਾ ਅੱਖਰ (ਬਚਨ) ਹੀ ਨਹੀਂ ਹੈ, (ਇਸ ਵਿਚ ਹੈ) ਪ੍ਰਭੂ ਦਾ ਸਿਮਰਨ, ਹਾਂ ਪ੍ਰਭੂ ਸਿਮਰਨ, ਕੇਵਲ ਪ੍ਰਭੂ ਸਿਮਰਨ।

ਗੁਰਬਾਣੀ : ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥

ਯਾ ਇਲਾਹੀ ਹਰ ਦਿਲਿ ਪਜ਼ਮੁਰਦਾ ਰਾ
ਸਬਜ਼ ਕੁਨ ਹਰ ਖ਼ਾਤਿਰਿ ਅਫ਼ਸੁਰਦਾ ਰਾ ॥੫੦੫॥

ਉਲਥਾ : ਹੇ ਖ਼ੁਦਾ! ਹਰ ਮੁਰਝਾਏ (ਮਨੂਰ) ਮਨ ਨੂੰ (ਅਤੇ) ਦੁਖਿਤ ਦਿਲ ਨੂੰ ਹਰਾ-ਭਰਾ ਕਰ ਦੇ।

ਗੁਰਬਾਣੀ : ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ ॥
ਅੰਨੁ ਪਾਣੀ ਮੁਚੁ ਉਪਾਇ ਦੁਖ ਦਾਲਦੁ ਭੰਨਿ ਤਰੁ ॥

ਅਥਵਾ : ਮਨੁ ਸੁਕਾ ਹਰਿਆ ਹੋਇਆ ਮੇਰੀ ਜਿੰਦੁੜੀਏ
ਹਰਿ ਹਰਿ ਨਾਮੁ ਧਿਆਏ ਰਾਮ ॥
ਹਰਿ ਭਾਗ ਵਡੇ ਲਿਖਿ ਪਾਇਆ ਮੇਰੀ ਜਿੰਦੁੜੀਏ
ਜਨ ਨਾਨਕ ਨਾਮਿ ਸਮਾਏ ਰਾਮ ॥

ਯਾ ਇਲਾਹੀ ਯਾਵਰੀ ਕੁਨ ਬੰਦਾ ਰਾ
ਸੁਰਖ਼ੁਰੂ ਕੁਨ ਹਰ ਦਿਲਿ ਸ਼ਰਮਿੰਦਾ ਰਾ ॥੫੦੬॥

ਉਲਥਾ : ਹੇ ਖ਼ੁਦਾ! ਦਾਸ ਦੀ ਸਹਾਇਤਾ ਕਰ; ਹਰ ਸ਼ਰਮਿੰਦੇ ਦਿਲ ਨੂੰ ਪ੍ਰਸੰਨ (ਸੁਰਖ਼ਰੂ) ਕਰ ਦੇ।

ਗੁਰਬਾਣੀ : ਨਿਰਖਉ ਤੁਮਰੀ ਓਰਿ ਹਰਿ ਨੀਤ ॥
ਮੁਰਾਰਿ ਸਹਾਇ ਹੋਹੁ ਦਾਸ ਕਉ ਕਰੁ ਗਹਿ ਉਧਰਹੁ ਮੀਤ ॥

ਦਰ ਦਿਲਿ ਗੋਯਾ ਹਵਾਇ ਸ਼ੌਕ ਬਖ਼ਸ਼
ਬਰ ਜ਼ੁਬਾਨਸ਼ ਜ਼ੱਰਾ-ਇ ਅਜ਼ ਜ਼ੌਕ ਬਖ਼ਸ ॥੫੦੭॥

ਉਲਥਾ : 'ਗੋਯਾ' ਦੇ ਦਿਲ ਵਿਚ ਚਾਉ ਦੀ ਚਾਹ ਬਖ਼ਸ਼; ਉਸ ਦੀ ਜੀਭ ਤੇ (ਨੂੰ) ਸੁਆਦ (ਨਾਮ ਰਸ) ਦਾ ਇਕ ਕਿਣਕਾ ਹੀ ਬਖ਼ਸ਼ ਦੇ।

ਗੁਰਬਾਣੀ : ਸਭਿ ਗੁਣ ਤੇਰੇ ਮੈ ਨਾਹੀ ਕੋਇ ॥
ਵਿਣੁ ਗੁਣ ਕੀਤੇ ਭਗਤਿ ਨ ਹੋਇ ॥
ਸੁਅਸਤਿ ਆਥਿ ਬਾਣੀ ਬਰਮਾਉ ॥
ਸਤਿ ਸੁਹਾਣੁ ਸਦਾ ਮਨਿ ਚਾਉ ॥

ਤਾ ਨ ਬਾਸ਼ਦ ਵਿਰਦਿ ਆਂ ਜੁਜ਼ ਯਾਦਿ ਹੱਕ
ਤਾ ਨ ਖ਼ਾਨਦ ਗ਼ੈਰ ਹੱਕ ਦੀਗਰ ਸਬਕ ॥੫੦੮॥

ਉਲਥਾ : ਤਾਂ ਜੁ ਰੱਬ ਦੇ ਸਿਮਰਨ ਬਿਨਾਂ (ਕੁਝ ਵੀ) ਉਸ ਦਾ ਸਦੀਵੀ ਸੁਭਾ ਨਾ ਬਣੇ, ਤਾਂ ਜੁ ਨਾਮ ਬਿਨਾਂ ਹੋਰ ਪਾਠ ਹੀ ਨਾ ਪੜ੍ਹੇ।

ਗੁਰਬਾਣੀ : ਸਭੇ ਗਲਾ ਵਿਸਰਨੁ ਇਕੋ ਵਿਸਰਿ ਨ ਜਾਉ ॥
ਧੰਧਾ ਸਭੁ ਜਲਾਇ ਕੈ ਗੁਰਿ ਨਾਮੁ ਦੀਆ ਸਚੁ ਸੁਆਉ ॥

ਅਥਵਾ : ਖਿਨੁ ਪਲੁ ਰਹਿ ਨ ਸਕਉ ਬਿਨੁ ਨਾਵੈ ਗੁਰਮੁਖਿ ਹਰਿ ਹਰਿ ਪਾਠ ਪੜਾਈਆ ॥

ਤਾ ਨ ਗੀਰਦ .ਗੈਰ ਨਾਮਿ ਜ਼ਿਕਰਿ ਹੱਕ
ਤਾ ਨ ਗੋਇਦ ਹਰਫ਼ਿ .ਗੈਰ ਅਜ਼ ਫ਼ਿਕਰਿ ਹੱਕ ॥੫੦੯॥

ਉਲਥਾ : ਤਾਂ ਜੁ ਪ੍ਰਭੂ ਦੇ ਸਿਮਰਨ ਬਿਨਾਂ ਦੂਜਾ ਨਾਂ ਹੀ ਨਾ ਲਵੇ, ਤਾਂ ਜੁ ਰੱਬ ਦੇ ਧਿਆਨ ਤੋਂ ਵਿਰਵਾ ਕੋਈ ਬੋਲ ਹੀ ਨਾ ਬੋਲੇ।

ਗੁਰਬਾਣੀ : ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ ॥
ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥...
ਰਸਨਾ ਅਗਹ ਅਗਹ ਗੁਨ ਰਾਤੀ ਨੈਨ ਦਰਸ ਰੰਗੁ ਲਾਏ ॥

ਦੀਦਾ ਅਜ਼ ਦੀਦਾਰਿ-ਹੱਕ ਪੁਰ-ਨੂਰ ਕੁਨ
.ਗੈਰ ਹੱਕ ਅਜ਼ ਖ਼ਾਤਿਰੋ ਦਿਲ ਦੂਰ ਕੁਨ ॥੫੧੦॥

ਉਲਥਾ : ਨੇਤ੍ਰ ਹਰੀ ਨਾਮ ਦੇ ਦੀਦਾਰ ਨਾਲ ਪ੍ਰਕਾਸ਼ ਭਰਪੂਰ ਕਰ ਦੇ; ਸੱਚ-ਨਾਮ ਤੋਂ ਬਿਨਾਂ ਰੁਚੀ ਅਤੇ ਰਿਦੇ ਤੋਂ ਦੂਰ ਕਰ ਦੇ।

ਗੁਰਬਾਣੀ : ਕਰਿ ਕਿਰਪਾ ਮੇਰੇ ਪ੍ਰੀਤਮ ਸੁਆਮੀ ਨੇਤ੍ਰ ਦੇਖਹਿ ਦਰਸੁ ਤੇਰਾ ਰਾਮ ॥
ਲਾਖ ਜਿਹਵਾ ਦੇਹੁ ਮੇਰੇ ਪਿਆਰੇ ਮੁਖੁ ਹਰਿ ਆਰਾਧੇ ਮੇਰਾ ਰਾਮ ॥

ਅਥਵਾ : ਦੂਜਾ ਤਿਸੁ ਨ ਬੁਝਾਇਹੁ ਪਾਰਬ੍ਰਹਮ ਨਾਮੁ ਦੇਹੁ ਆਧਾਰੁ ॥
ਅਗਮੁ ਅਗੋਚਰੁ ਸਾਹਿਬੋ ਸਮਰਥੁ ਸਚੁ ਦਾਤਾਰੁ ॥
ਤੂ ਨਿਹਚਲੁ ਨਿਰਵੈਰੁ ਸਚੁ ਸਚਾ ਤੁਧੁ ਦਰਬਾਰੁ ॥
ਕੀਮਤਿ ਕਹਣੁ ਨ ਜਾਈਐ ਅੰਤੁ ਨ ਪਾਰਾਵਾਰੁ ॥
ਪ੍ਰਭੁ ਛੋਡਿ ਹੋਰੁ ਜਿ ਮੰਗਣਾ ਸਭੁ ਬਿਖਿਆ ਰਸ ਛਾਰੁ ॥
ਸੇ ਸੁਖੀਏ ਸਚੁ ਸਾਹ ਸੇ ਜਿਨ੍ ਸਚਾ ਬਿਉਹਾਰੁ ॥
ਜਿਨਾ ਲਗੀ ਪ੍ਰੀਤਿ ਪ੍ਰਭ ਨਾਮ ਸਹਜ ਸੁਖ ਸਾਰੁ ॥
ਨਾਨਕ ਇਕੁ ਆਰਾਧੇ ਸੰਤਨ ਰੇਣਾਰੁ ॥

•